ਮਹਾਰਾਜਾ

# ਕੌੜਾ ਮੱਲ ਬਹਾਦੁਰ

ਰੀਡਾ ਸਿੰਘ

KCA

ਸਿਖ ਹਿਸਟਰੀ ਰੀਸਰਚ ਡੀਪਾਰਟਮੈਂਟ
ਖਾਲਸਾ ਕਾਲਜ ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Kirpal Singh M.A.
Khalsa College,
Amritsar.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਮਹਾਰਾਜਾ
# ਕੌੜਾ ਮੱਲ ਬਹਾਦੁਰ

Digitized by Panjab Digital Library | www.panjabdigilib.org

# ਏਸੇ ਲੇਖਕ ਦੀਆਂ ਕੁਝ ਹੋਰ

## ਅੰਗ੍ਰੇਜ਼ੀ, ਫਰਾਂਸੀਸੀ

Life of Banda Singh Bahadur, 1935.
A Short Life-sketch of Banda Singh, the Martyr, 1934.
History of Gurdwara Shahidganj, Lahore, 1935.
Contemporary Sources of Sikh History (1469-1708), 1938.
Maharani Jind Kaur: A Vindication, 1939.
Life and Work of Bhai Gurdas, 1930.
Nanak Panthis : Sikhs and Sikhism of the 17th Century, 1940.
Qazi Nur Muhammad's Jang Namah, translated and edited, 1939.
Maharaja Ranjit Singh, 1939.
Louis Bourquin (French), 1940.

## ਉਰਦੂ

ਮਿਰਅਤੁ-ਤਵਾਰੀਖ਼ਿ ਸਿੱਖਾਂ, ੧੯੩੫.
ਇਨਕਸ਼ਾਫ਼ਿ ਹਕੀਕਤ, ੧੯੨੬.

## ਹਿੰਦੀ

ਗੁਰੂ ਗੋਬਿੰਦ ਸਿੰਘ ਕੇ ਸਾਹਿਬਜ਼ਾਦੋਂ ਕੇ ਜੀਵਨ ਬ੍ਰਿੱਤਾਂਤ, ੧੯੩੦.
ਬੈਸਾਖੀ ਸੰਦੇਸ਼, ੧੯੩੦.

## ਗੁਰਮੁਖੀ

ਕੁਝ ਕੁ ਪੁਰਾਤਨ ਸਿੱਖ ਇਤਿਹਾਸਕ ਪੱਤਰੇ, ੧੯੩੭.
ਸ਼ਹੀਦੀ ਸਾਤਾ, ੧੯੩੩.
ਮਹਾਰਾਜਾ ਰਣਜੀਤ ਸਿੰਘ ਦੀ ਸੰਤਾਨ, ੧੯੩੪.
ਸਿੱਖੀ ਪ੍ਰਚਾਰ, ੧੯੨੮.
ਸਿੱਖ ਇਤਿਹਾਸ (ਲੇਖ) ੧੯੩੨.
ਜੰਗ ਸਿੰਘਾਂ ਤੇ ਫਰੰਗੀਆਂ, ਸੰਪਾਦਿਤ, ੧੯੩੮.
ਸਰਦਾਰ ਸ਼ਾਮ ਸਿੰਘ ਅਟਾਰੀਵਾਲਾ.
ਬੈਂਤਾਂ ਸ਼ੇਰ ਸਿੰਘ ਕੀਆਂ, ਸੰਪਾਦਿਤ, ੧੯੩੮.
ਅੱਗਰੇ ਦੀ ਵਾਰ ਹਕੀਕਤ ਰਾਇ, ਸੰਪਾਦਿਤ ੧੯੪੦.

Digitized by Panjab Digital Library | www.panjabdigilib.org

ਮਹਾਰਾਜਾ

# ਕੌੜਾ ਮੱਲ ਬਹਾਦੁਰ


ਗੰਡਾ ਸਿੰਘ

ਖਾਲਸਾ ਕਾਲਜ, ਅੰਮ੍ਰਿਤਸਰ



ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ

ਖ਼ਾਲਸਾ ਕਾਲਜ ਅੰਮ੍ਰਿਤਸਰ

੧੯੪੧



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਆਰੰਭਕ ਬੇਨਤੀ

ਅਠਾਰ੍ਹਵੀਂ ਸਦੀ ਦੇ ਅੱਧ ਵਿੱਚ, ਜਦ ਕਿ ਪੰਜਾਬ ਵਿੱਚ ਸਿੱਖਾਂ ਉੱਤੇ ਹਰ ਪਾਸਿਓਂ ਸਖ਼ਤੀ ਦੇ ਝੱਖੜ ਝੁੱਲ ਰਹੇ ਸਨ, ਮਹਾਰਾਜਾ ਕੌੜਾ ਮੱਲ ਬਹਾਦੁਰ ਇੱਕ ਐਸੇ ਸ਼ਖ਼ਸ ਸਨ ਜਿਨ੍ਹਾਂ ਨੇ ਕਿ ਮੁਗ਼ਲ ਹਕੂਮਤ ਦੀ ਮਸ਼ੀਨਰੀ ਦੇ ਇਕ ਖ਼ਾਸ ਪੁਰਜ਼ੇ ਹੁੰਦੇ ਹੋਏ ਭੀ ਹਰ ਮੁਮਕਿਨ ਢੰਗ ਨਾਲ ਆਪਣੀ ਤਾਕਤ ਤੇ ਅਸਰ ਨੂੰ ਮੁਸੀਬਤ ਫਾਥਿਆਂ ਦੇ ਸੰਕਟ-ਹਰਣ ਲਈ ਵਰਤਿਆ। ਉਸ ਬਿਖੜੇ ਜ਼ਮਾਨੇ ਵਿੱਚ ਆਪ ਨੇ ਖ਼ਾਲਸੇ ਦੀ ਸਹਾਇਤਾ ਕਰਨ ਦੇ ਉਹ ਸ਼ਲਾਘਾ-ਯੋਗ ਯਤਨ ਕੀਤੇ ਜਿਨ੍ਹਾਂ ਨੂੰ ਕਿ ਦੋ ਕੁ ਸੌ ਸਾਲ ਬੀਤ ਜਾਣ ਪਰ ਭੀ ਖ਼ਾਲਸਾ ਧੰਨਵਾਦ ਤੇ ਫ਼ਖ਼ਰ ਨਾਲ ਯਾਦ ਕਰਦਾ ਹੈ ਤੇ ਅੱਗੇ ਨੂੰ ਕਰਦਾ ਰਹੇਗਾ। ਆਪ ਦੀ ਸੇਵਾ ਪਰ ਪ੍ਰਸੰਨ ਹੋ ਕੇ ਹੀ ਖ਼ਾਲਸੇ ਨੇ ਆਪਣੀ ਕ੍ਰਿਤਗਜਤਾ ਮਹਾਰਾਜਾ ਕੌੜਾ ਮੱਲ ਨੂੰ 'ਮਿੱਠਾ ਮੱਲ' ਦੇ ਨਾਮ ਨਾਲ ਯਾਦ ਕਰ ਕੇ ਪ੍ਰਗਟ ਕੀਤੀ ਤੇ ਹੁਣ ਤੱਕ ਨਿਹੰਗ ਸਿੰਘ ਖ਼ਾਸ ਕਰ ਆਪ ਨੂੰ 'ਮਿੱਠਾ ਮੱਲ' ਨਾਮ ਨਾਲ ਹੀ ਬੁਲਾਉਂਦੇ ਤੇ ਕਈ ਵਾਰੀ ਅਰਦਾਸੇ ਵਿੱਚ ਭੀ ਵਰਣਨ ਕਰਦੇ ਹਨ।

ਜਿਵੇਂ ਕਿ ਹਾਲ ਤੱਕ ਕਈ ਕਾਰਣਾਂ ਕਰਕੇ ਸਿੱਖ ਇਤਿਹਾਸ ਨੂੰ, ਤੇ ਖਾਸ ਕਰ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਨੂੰ, ਖੋਜ ਪੜਤਾਲ ਕੇ ਲੜੀ ਵਾਰ ਲਿਖਣ ਦੇ ਯਤਨ ਸਿਰੇ



Digitized by Panjab Digital Library | www.panjabdigilib.org

ਨਹੀਂ ਚੜ੍ਹ ਸਕੇ, ਇਸੇ ਤਰਾਂ ਹੀ ਕਈ ਇੱਕ ਮਹਾਨ ਸ਼ਖਸੀਅਤਾਂ ਦੇ ਸੁਨਹਿਰੀ ਅੱਖਰਾਂ ਵਿੱਚ ਲਿਖਣ ਯੋਗ ਕਾਰਨਾਮੇ ਮਿੱਟੀ ਵਿੱਚ ਰੁਲਦੇ ਤੇ ਅੱਖਾਂ ਤੋਂ ਉਹਲੇ ਹੁੰਦੇ ਜਾ ਰਹੇ ਹਨ, ਅਤੇ, ਵਾਹਿਗੁਰੂ ਨਾ ਕਰੇ, ਜੇ ਇਸ ਪਾਸੇ ਲੋੜੀਂਦਾ ਗੌਹ ਨਾ ਕੀਤਾ ਗਿਆ ਤਾਂ ਹੌਲੀ ਹੌਲੀ ਉਨ੍ਹਾਂ ਦੇ ਨਾਮ ਭੀ ਸਾਨੂੰ ਭੁਲ ਜਾਣਗੇ। ਮਈ ੧੯੩੭ ਵਿੱਚ ਮਾਸਕ ਪੱਤ੍ਰ 'ਲਿਖਾਰੀ' ਲਈ ਜਿਸ ਵੇਲੇ ਮੈਨੂੰ ਸਿੱਖ ਇਤਿਹਾਸ ਨਾਲ ਸੰਬੰਧਤ ਕਿਸੇ ਐਸੇ ਮਹਾਂਪੁਰਖ ਦੇ ਜੀਵਨ ਪਰ ਲੇਖ ਲਿਖਣ ਲਈ ਕਿਹਾ ਗਿਆ ਜੋ ਆਮ ਪਾਠਕਾਂ ਲਈ ਨਵਾਂ ਹੋਵੇ ਅਤੇ ਜਿਸ ਦੇ ਕਾਰਨਾਮਿਆਂ ਨੂੰ ਲੋਕੀਂ ਭੁਲਦੇ ਜਾ ਰਹੇ ਹੋਣ ਤਾਂ ਮੇਰੀ ਨਜ਼ਰ ਝੱਟ ਮਹਾਰਾਜਾ ਕੌੜਾ ਮੱਲ ਪਰ ਪਈ ਅਤੇ ਮਈ ਤੋਂ ਅਗਸਤ ੧੯੩੭ ਤੱਕ ਚਾਰ ਕਿਸ਼ਤਾਂ ਵਿੱਚ ਇਸ ਨੂੰ ਮੁਕਾਇਆ। ਉਸ ਵੇਲੇ ਹੀ ਕਈ ਸਜਣਾਂ ਨੇ ਮੈਨੂੰ ਪ੍ਰੇਰਿਆ ਕਿ ਇਸ ਲੇਖ ਨੂੰ ਹੋਰ ਜ਼ਿਆਦਾ ਵਿਸਥਾਰ ਦੇ ਕੇ ਪੁਸਤਕ ਦੀ ਸ਼ਕਲ ਵਿੱਚ ਪ੍ਰਕਾਸ਼ਤ ਕਰ ਦਿਆਂ, ਪਰ ਕਈ ਕਾਰਣਾਂ ਕਰਕੇ ਮੈਂ ਛੇਤੀ ਹੀ ਉਨ੍ਹਾਂ ਦੀ ਆਗਿਆ ਦਾ ਪਾਲਣ ਨਾ ਕਰ ਸਕਿਆ। ਇਸ ਚਾਰ ਸਾਲਾਂ ਦੇ ਅਰਸੇ ਵਿੱਚ ਹੋਰ ਨਵੇਂ ਪ੍ਰਾਪਤ ਹੋਏ ਇਤਿਹਾਸਕ ਮਸਾਲੇ ਨੂੰ ਘੋਖਿਆ ਪੜਤਾਲਿਆ ਗਿਆ ਹੈ ਤੇ ਇਸ ਲੇਖ ਵਿੱਚ ਬਹੁਤ ਸਾਰੇ ਜ਼ਰੂਰੀ ਵਾਧੇ ਤੇ ਤਬਦੀਲੀਆਂ ਕੀਤੀਆਂ ਗਈਆਂ ਹਨ। ਕਈ ਹਿੱਸੇ ਨਵੇਂ ਸਿਰਿਓਂ ਲਿਖੇ ਗਏ ਹਨ ਤੇ ਇਸ ਤਰਾਂ ਹੁਣ ਤੱਕ ਪ੍ਰਾਪਤ ਹੋ ਸਕੇ ਮਸਾਲੇ ਅਨੁਸਾਰ ਇਸ ਨੂੰ ਮੁਕੰਮਲ ਕਰਨ ਦਾ ਯਤਨ ਕੀਤਾ ਗਿਆ ਹੈ। ਜਿੱਥੋਂ ਕਿਧਰੋਂ ਭੀ



Digitized by Panjab Digital Library | www.panjabdigilib.org

ਕੋਈ ਗੱਲ ਪ੍ਰਾਪਤ ਹੋਈ ਹੈ ਓਸ ਸੋਮੇ ਦਾ ਹਵਾਲਾ ਫੁਟਨੋਟਾਂ ਵਿੱਚ ਦੇ ਦਿੱਤਾ ਗਿਆ ਹੈ । ਇਸ ਦੇ ਨਾਲ ਹੀ ਪੁਸਤਕ ਦੇ ਅੰਤ ਵਿੱਚ ਉਨ੍ਹਾਂ ਸਾਰਿਆਂ ਲਿਖਤੀ ਖਰੜਿਆਂ ਅਤੇ ਛਪ ਚੁੱਕੀਆਂ ਪੁਸਤਕਾਂ ਦੀ ਸੂਚੀ ਦੇ ਦਿੱਤੀ ਗਈ ਹੈ ਜਿਨ੍ਹਾਂ ਦੀ ਸਹਾਇਤਾ ਨਾਲ ਇਹ ਪੁਸਤਕ ਰਚੀ ਗਈ ਹੈ ।

ਇਹ ਆਪਣੀ ਲੜੀ ਦੀ ਪਹਿਲੀ ਪੁਸਤਕ ਹੈ । ਅਠਾਰੁਵੀਂ ਸਦੀ ਦੇ ਹੋਰ ਇਤਿਹਾਸਕ ਮਹਾਪੁਰਖਾਂ ਦੇ ਜੀਵਨ ਚਰਿੱਤ੍ਰ ਭੀ ਇਸ ਲੜੀ ਰਾਹੀਂ ਛੇਤੀ ਹੀ ਪਾਠਕਾਂ ਦੀ ਭੇਟਾ ਕੀਤੇ ਜਾਣਗੇ ।

ਖ਼ਾਲਸਾ ਕਾਲਜ ਅੰਮ੍ਰਿਤਸਰ
੨ ਅਕਤੂਬਰ ੧੯੪੧

ਗੰਡਾ ਸਿੰਘ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਲੇਖ ਸੂਚੀ


*ਆਰੰਭਕ ਬੇਨਤੀ* ੳ

*ਆਰੰਭਕ ਹਾਲ* ੧

ਆਪ ਦਾ ਵਤਨ ੧

ਖ਼ਾਨਦਾਨ ਤੇ ਖ਼ਾਨਦਾਨੀ ਰਵਾਇਤ ੩

ਵਿੱਦਿਆ ਅਤੇ ਲਾਹੌਰ ਆ ਕੇ ਤ੍ਰੱਕੀ ਕਰਨੀ ੬

*ਜ਼ਕਰੀਆ ਖ਼ਾਨ ਦਾ ਜ਼ਮਾਨਾ* ੧੦

ਕੌੜਾ ਮੱਲ ਦੀ ਪਨਾਹ ਭੱਟ ਨਾਲ ਜੰਗ ੧੧

ਸਿੰਘਾਂ ਦਾ ਨਾਦਰ ਸ਼ਾਹ ਦੀ ਲੁੱਟ ਨੂੰ ਲੁੱਟ ਲੈਣਾ ੧੨

ਨਾਦਰ ਸ਼ਾਹ ਦੀ ਸਿੰਘਾਂ ਸੰਬੰਧੀ ਪੇਸ਼ੀਨਗੋਈ ੧੪

ਸਿੰਘਾਂ ਦੀ ਕਤਲਾਮ ੧੫

*ਯਾਹੀਆ ਖ਼ਾਨ ਦਾ ਜ਼ਮਾਨਾ* ੧੮

ਦੀਵਾਨ ਜਸਪਤ ਰਾਇ ਐਮਨਾਬਾਦੀਏ ਦਾ ਸਿੰਘਾਂ ਹੱਥੋਂ ਮਾਰਿਆ ਜਾਣਾ ੧੮

ਲਾਹੌਰ ਵਿੱਚ ਨੌਕਰ ਚਾਕਰ ਸਿੰਘਾਂ ਦੀ ਕਤਲਾਮ ੨੧

ਦੀਵਾਨ ਕੌੜਾ ਮੱਲ ਆਦਿ ਦਾ ਡੈਪੂਟੇਸ਼ਨ ਲਖਪਤ ਰਾਇ ਪਾਸ ੨੩

*ਸ਼ਾਹਨਿਵਾਜ਼ ਖ਼ਾਨ ਤੇ ਕੌੜਾ ਮੱਲ* ੨੫

ਕੌੜਾ ਮੱਲ ਦਾ ਮੁਲਤਾਨ ਜਾਣਾ ੨੫

ਸ਼ਾਹਨਿਵਾਜ਼ ਖ਼ਾਨ ਲਾਹੌਰ ਦਾ ਹਾਕਮ ਬਣਿਆ ੨੭

ਕੌੜਾ ਮੱਲ ਦਾ ਲਾਹੌਰ ਵਿੱਚ ਦੀਵਾਨ ਬਣਨਾ ੨੮


Digitized by Panjab Digital Library | www.panjabdigilib.org

ਕਸੂਰੀ ਅਫ਼ਗਾਨਾਂ ਦੀ ਸਾਜ਼ਸ਼ ੨੯
ਨਾਸਰ ਖ਼ਾਨ ਨਾਜ਼ਮ ਕਾਬਲ ਨੂੰ ਹਾਰ ੩੧

## ਦੁੱਰਾਨੀ ਦਾ ਪਹਿਲਾ ਹੱਲਾ ੩੩

ਮਾਣੂਪੁਰ ਦੀ ਲੜਾਈ ਤੇ ਮੀਰ ਮੰਨੂੰ ਦਾ ਲਾਹੌਰ ਤੇ ਮੁਲਤਾਨ ਦਾ ਹਾਕਮ ਬਣਨਾ ੩੬
ਸਿੰਘਾਂ ਦਾ ਅੰਮ੍ਰਿਤਸਰ ਪਰ ਕਬਜ਼ਾ ੩੮
ਰਾਮ ਰਾਉਣੀ ਰਚਣ ਦਾ ਗੁਰਮਤਾ ੪੧
ਸਿੰਘਾਂ ਨੇ ਰਾਮ ਰਾਉਣੀ ਰਚਣਾ ੪੨

## ਮੀਰ ਮੰਨੂੰ ਦੀ ਹਕੂਮਤ ਦਾ ਅਰੰਭ ਤੇ ਦੀਵਾਨ ਕੌੜਾ ਮੱਲ ੪੬

ਮੁਲਤਾਨ ਵਿੱਚ ਨਾਇਬ ਨਾਜ਼ਮ ੪੮
ਪਹਾੜੀ ਰਾਜਿਆਂ ਨੂੰ ਸੋਧਣਾ ੫੦
ਸਿੰਘਾਂ ਪਰ ਸਖ਼ਤੀ ਦਾ ਦੌਰ ੫੧
ਅਦੀਨਾ ਬੇਗ਼ ਦੇ ਸਿੰਘਾਂ ਨਾਲ ਸਵਾਲ ਜਵਾਬ ੫੩

## ਰਾਮ ਰਾਉਣੀ ਦੀ ਮੁਹਿੰਮ ੫੫

ਰਾਮ ਰਾਉਣੀ ਉੱਤੇ ਲਾਹੌਰੀ ਸੈਨਾਂ ਦੀ ਚੜ੍ਹਾਈ ੫੫
ਸ: ਜੱਸਾ ਸਿੰਘ ਈਚੋਗਿੱਲੀਏ (ਰਾਮਗੜ੍ਹੀਏ) ਦਾ ਖ਼ਾਲਸੇ ਨਾਲ ਆ ਰਲਣਾ ੫੭
ਲਾਹੌਰ ਵਿੱਚ ਇੱਕ ਨਵੀਂ ਉਲਝਨ—ਦੀਵਾਨ ਕੌੜਾ ਮੱਲ ਦੀ ਸਲਾਹ ਅਨੁਸਾਰ ਰਾਮ ਰਾਉਣੀ ਦਾ ਘੇਰਾ ਉਠਾਇਆ ਜਾਣਾ ੫੯

## ਦੁੱਰਾਨੀ ਦਾ ਦੂਸਰਾ ਹੱਲਾ ੬੩

ਮੰਨੂੰ ਨੇ ਸੁਲਾਹ ਕਰ ਲਈ ੬੩
ਜ਼ਾਹਦ ਖ਼ਾਨ ਵਲੋਂ ਦੁੱਰਾਨੀ ਪਾਸ ਕੌੜਾ ਮੱਲ ਦੀ ਸ਼ਿਕਾਇਤ ੬੫

Digitized by Panjab Digital Library | www.panjabdigilib.org

## ਮੁਲਤਾਨ ਤੇ ਸਿਆਲਕੋਟ ਦੀਆਂ ਬਗ਼ਾਵਤਾਂ ੬੬
ਸ਼ਾਹਨਿਵਾਜ਼ ਖ਼ਾਨ ਦਾ ਮੁਲਤਾਨ ਪਰ ਕਬਜ਼ਾ ੬੬
ਨਾਸਰ ਖ਼ਾਨ ਦੀ ਬਗ਼ਾਵਤ ੬੭
ਦੀਵਾਨ ਕੌੜਾ ਮੱਲ ਤੇ ਮਿਰਜ਼ਾ ਅਸਮਤ ਖ਼ਾਨ ਨੂੰ ਕੈਦ ੭੧

## ਮੁਲਤਾਨ ਦੀ ਮੁਹਿੰਮ ੭੩
ਦੀਵਾਨ ਕੌੜਾ ਮੱਲ ਦੀ ਚੜ੍ਹਾਈ ੭੩
ਸਿੰਘਾਂ ਨੇ ਦੀਵਾਨ ਕੌੜਾ ਮੱਲ ਦੀ ਸਹਾਇਤਾ ਲਈ ਮੁਲਤਾਨ ਜਾਣਾ ੭੬
ਸ਼ਾਹਨਿਵਾਜ਼ ਖ਼ਾਂ ਨਾਲ ਲੜਾਈ ਤੇ ਮੁਲਤਾਨ ਪਰ ਕਬਜ਼ਾ ੭੭
ਦੀਵਾਨ ਕੌੜਾ ਮੱਲ ਨੂੰ 'ਮਹਾਰਾਜਾ ਬਹਾਦੁਰ' ਦਾ ਖ਼ਤਾਬ ਤੇ ਮੁਲਤਾਨ ਦੀ ਸੂਬੇਦਾਰੀ ਮਿਲਣੀ ੮੧
ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੇਵਾ ੮੧

## ਮੁਲਤਾਨ ਵਿੱਚ ਹਕੂਮਤ ਦਾ ਸਮਾਂ
ਸ਼ਾਕਿਰ ਖ਼ਾਨ ਦੀ ਦਸਤਾਰ ਬੰਦੀ ੮੩
ਗੁਰਦੁਆਰਾ ਬਾਲ-ਲੀਲਾ ਦੀ ਸੇਵਾ ੮੪
ਗੜ੍ਹ ਮਹਾਰਾਜਾ ਰਚਣਾ ੮੬
ਵਲੀਦਾਦ ਖ਼ਾਂ ਸਿਆਲ ਦਾ ਮਾਮਲਾ ੮੬
ਸਾਹੀਵਾਲ ਦੀ ਲੜਾਈ ੮੭
ਦਾਊਦ-ਪੋਤ੍ਰਿਆਂ ਨਾਲ ਮਿੱਤ੍ਰਾਨਾ ਸੰਬੰਧ ੮੮
ਜਾਨ-ਨਿਸਾਰ ਖ਼ਾਂ ਦੀ ਬਗ਼ਾਵਤ—ਡੇਰਾ ਗ਼ਾਜ਼ੀ ਖ਼ਾਂ ਦੀ ਮੁਹਿੰਮ ੮੯

## ਅਹਿਮਦ ਸ਼ਾਹ ਦੁੱਰਾਨੀ ਦਾ ਤੀਸਰਾ ਹੱਲਾ ੯੧
ਰਾਜਾ ਸੁਖ ਜੀਵਨ ਦਾ ਉਗ੍ਰਾਹੀ ਲਈ ਲਾਹੌਰ ਆਉਣਾ ੯੧
ਹਾਰੂੰ ਖ਼ਾਨ ਏਲਚੀ ਦਾ ਆਉਣਾ ੯੨
ਕੌੜਾ ਮੱਲ ਨੂੰ ਮੁਲਤਾਨੋਂ ਬੁਲਾਉਣਾ ੯੨
ਅਹਿਮਦ ਸ਼ਾਹ ਦੁੱਰਾਨੀ ਦੀ ਚੜ੍ਹਾਈ ੯੫

Digitized by Panjab Digital Library | www.panjabdigilib.org

ਮਹਾਰਾਜਾ ਕੌੜਾ ਮੱਲ ਨੇ ਸਿੰਘਾਂ ਨੂੰ ਮਦਦ ਲਈ ਸੱਦਣਾਂ ੧੦੦
ਸਰਦਾਰ ਸੁੱਖਾ ਸਿੰਘ ਦੀ ਸ਼ਹੀਦੀ ੧੦੨
ਜੰਗੀ ਕੌਂਸਲ—ਮਹਾਰਾਜਾ ਕੌੜਾ ਮੱਲ ਦੀ ਸਲਾਹ ੧੦੪
ਲੜਾਈ ਸ਼ੁਰੂ ੧੦੬
ਮਹਿਮੂਦ ਬੂਟੀ ਦੀ ਲੜਾਈ ੧੧੦
ਅਦੀਨਾ ਬੇਗ਼ ਖ਼ਾਨ ਦੀ ਬਦਨੀਅਤ ਤੇ ਗ਼ੱਦਾਰੀ ੧੧੨
ਮਹਾਰਾਜਾ ਕੌੜਾ ਮੱਲ ਬਹਾਦੁਰ ਦੀ ਮੌਤ ੧੧੩
ਮਹਾਰਾਜਾ ਕੌੜਾ ਮੱਲ ਦਾ ਕੈਰੈਕਟਰ ੧੧੭
ਸੰਤਾਨ ਤੇ ਕੁਰਸੀਨਾਮਾ ੧੨੬
ਪੁਸਤਕ ਸੂਚੀ ੧੩੧
ਤਤਕਰਾ ੧੩੫

Digitized by Panjab Digital Library | www.panjabdigilib.org

### ਮਹਾਰਾਜਾ

# ਕੌੜਾ ਮੱਲ ਬਹਾਦੁਰ

## ਆਰੰਭਕ ਹਾਲ

### *ਆਪ ਦਾ ਵਤਨ*

ਉਨ੍ਹਾਂ ਬਹੁਤ ਸਾਰੇ ਮਹਾਂ ਪੁਰਖਾਂ ਦੀ ਤਰ੍ਹਾਂ ਜਿਨ੍ਹਾਂ ਨੂੰ ਕਿ ਆਪਣੀ ਜ਼ਿੰਦਗੀ ਦੇ ਅਖੀਰਲੇ ਹਿੱਸੇ ਵਿਚ ਇਤਿਹਾਸਕ ਪ੍ਰਸਿੱਧਤਾ ਪ੍ਰਾਪਤ ਹੁੰਦੀ ਹੈ ਤੇ ਜੋ ਆਪਣੇ ਐਨ ਪਿੱਛੋਂ ਉਸ ਲੜੀ ਨੂੰ ਉਸੇ ਤਰ੍ਹਾਂ ਜਾਰੀ ਰੱਖ ਸਕਣ ਵਾਲੇ ਕਿਸੇ ਨੂੰ ਨਹੀਂ ਛੱਡ ਜਾਂਦੇ, ਮਹਾਰਾਜਾ ਕੌੜਾ ਮੱਲ ਦੀ ਛੋਟੀ ਉਮਰ ਦੇ ਹਾਲਾਤ ਦਾ ਪਤਾ ਨਹੀਂ ਲਗ ਸਕਿਆ। ਉਨ੍ਹਾਂ ਦੇ ਜਨਮ ਦੀ ਤਾਰੀਖ਼ ਲੱਭ ਸਕਣਾ ਤਾਂ ਇਕ ਪਾਸੇ ਰਿਹਾ, ਇਹ ਭੀ ਹਾਲ ਤਕ ਪੱਕੀ ਤਰ੍ਹਾਂ ਨਹੀਂ ਕਿਹਾ ਜਾ ਸਕਦਾ ਕਿ ਆਪ ਦਾ ਜਨਮ ਕਿੱਥੇ ਹੋਇਆ ਸੀ।

ਆਮ ਖ਼ਿਆਲ ਇਹ ਹੈ ਕਿ ਆਪ ਦਾ ਜਨਮ ਜ਼ਿਲਾ ਝੰਗ ਵਿਚ ਸ਼ੋਰਕੋਟ ਦੇ ਲਾਗੇ ਦੇ ਇਕ ਗਿਰਾਂ ਵਿਚ ਹੋਇਆ ਸੀ ਤੇ ਇੱਥੇ ਹੀ ਆਪ ਨੇ ਆਪਣੀ ਛੋਟੀ ਉਮਰ ਗੁਜ਼ਾਰੀ। ਇਸ ਗਿਰਾਂ ਵਿਚ ਆਪਣੇ ਐਸ਼੍ਵਰਯ ਦੇ ਵੇਲੇ ਆਪ ਨੇ ਆਪਣੀਆਂ ਹਵੇਲੀਆਂ ਬਣਵਾਈਆਂ ਤੇ ਇਕ ਤਕੜੀ ਫ਼ਸੀਲ ਖਿੱਚ ਕੇ ਗੜ੍ਹ (ਕਿਲਾ) ਰਚਿਆ ਜੋ 'ਗੜ੍ਹ ਮਹਾਰਾਜਾ ਕੌੜਾ ਮੱਲ' ਦੇ ਨਾਮ ਨਾਲ ਪ੍ਰਸਿੱਧ ਹੋਇਆ ਤੇ ਹੁਣ ਤਕ 'ਗੜ੍ਹ ਮਹਾਰਾਜਾ' ਕਰਕੇ ਸਦੀਂਦਾ ਹੈ। Early Career

Digitized by Panjab Digital Library | www.panjabdigilib.org

ਇੱਕ ਖਿਆਲ ਇਹ ਭੀ ਹੈ ਕਿ ਆਪ ਦਾ ਜਨਮ ਮੁਲਤਾਨ ਦਾ ਸੀ। ਇਹ ਅਨੁਮਾਨ ਤਿੰਨ ਗੱਲਾਂ ਤੋਂ ਲਾਇਆ ਜਾਂਦਾ ਹੈ। ਪਹਿਲੀ ਤਾਂ ਇਹ ਕਿ ਆਪ ਲਾਹੌਰ ਵਿਚ ਮੁਲਤਾਨੀ ਕਰਕੇ ਪ੍ਰਸਿੱਧ ਸਨ ਤੇ ਅਲੀ-ਉ-ਦੀਨ ਨੇ ਆਪਣੀ ਪੰਜਾਬ ਦੇ ਇਤਿਹਾਸ ਸੰਬੰਧੀ ਪੁਸਤਕ 'ਇਰਬਤ-ਨਾਮਾ' ਵਿਚ ਭੀ ਆਪ ਨੂੰ ਮੁਲਤਾਨੀ ਕਰਕੇ ਹੀ ਲਿਖਿਆ ਹੈ। ਦੂਸਰੀ ਇਹ ਕਿ ਮੁਲਤਾਨ ਸ਼ਹਿਰ ਵਿਚ ਭਾਈ ਦਿਆਲ ਜੀ ਦੇ ਡੇਰੇ ਦੇ ਲਾਗੇ ਇਕ ਗਲੀ 'ਮਹਾਰਾਜੇ ਦੀ ਗਲੀ' ਸਦੀਂਦੀ ਹੈ ਤੇ ਉਥੇ ਇਕ ਗੁਰਦੁਆਰਾ ਆਪ ਦਾ ਬਣਾਇਆ ਹੋਇਆ ਦੱਸੀਦਾ ਹੈ। ਤੀਸਰੀ ਇਹ ਕਿ ਲਾਹੌਰ ਦੇ ਤੂਰਾਨੀ ਸੂਬੇਦਾਰ ਖ਼ਾਨ ਬਹਾਦੁਰ ਜ਼ਕਰੀਆ ਖ਼ਾਨ ਤੇ ਉਸ ਦੇ ਪੁਤ੍ਰਾਂ ਯਾਹੀਆ ਖ਼ਾਨ ਤੇ ਮਿਰਜ਼ਾ ਹਯਾਤੁੱਲਾ ਸ਼ਾਹਨਿਵਾਜ਼ ਖ਼ਾਨ ਦੇ ਵੇਲੇ ਇਨ੍ਹਾਂ ਦਾ ਜ਼ਿਆਦਾ ਗੂੜ੍ਹਾ ਸੰਬੰਧ ਦੀਵਾਨ ਸੂਰਤ ਸਿੰਘ ਮੁਲਤਾਨੀ ਨਾਲ ਸੀ। ਪ੍ਰਤੀਤ ਇਹ ਹੁੰਦਾ ਹੈ ਕਿ ਗਲੀ ਦਾ ਨਾਮ ਆਪ ਦੇ ਨਾਮ ਪਰ ਸ਼ਾਹਨਿਵਾਜ਼ ਖਾਨ ਦੀ ਹਕੂਮਤ ਸਮੇਂ ਉਥੇ ਰਹਿਣ ਕਰਕੇ ਪਿੱਛੋਂ ਉਨ੍ਹਾਂ ਦੀ ਆਪਣੀ ਹਕੂਮਤ ਵੇਲੇ ਪਿਆ ਹੈ। ਦੀਵਾਨ ਸੂਰਤ ਸਿੰਘ ਦੇ ਇਨ੍ਹਾਂ ਨਾਲ ਸੰਬੰਧ ਦੇ ਭੀ ਦੋ ਕਾਰਣ ਪ੍ਰਤੀਤ ਹੁੰਦੇ ਹਨ। ਇਕ ਤਾਂ ਇਹ ਕਿ ਇਹ ਉਸ ਦੇ ਵਤਨ ਵਲ ਦੇ ਸਨ, ਦੂਸਰਾ ਇਹ ਕਿ ਲਾਹੌਰ ਵਿਚ ਪੁਰਾਣੇ ਦੀਵਾਨ ਲਖਪਤ ਰਾਏ ਤੇ ਉਸ ਦੇ ਭਰਾ ਜਸਪਤ ਰਾਏ ਐਮਨਾਬਾਦੀਏ ਦਾ ਜ਼ੋਰ ਸੀ। ਉਹ ਸਾਰਿਆਂ ਦੇ ਉੱਪਰ ਦੀ ਵਗਣਾ ਚਾਹੁੰਦੇ ਸਨ ਤੇ ਸੂਰਤ ਸਿੰਘ ਦੇ ਪੈਰ ਨਵਾਂ ਆਦਮੀ ਹੋਣ ਕਰਕੇ ਜੱਮਣ ਨਹੀਂ ਸੀ ਦੇਣਾ ਚਾਹੁੰਦੇ। ਲਖਪਤ ਰਾਏ ਤੇ ਜਸਪਤ ਰਾਏ ਮੁਗਲਾਂ ਦੀ ਤਾਰ ਪਰ ਨਚਦੇ ਹੋਣ ਅਤੇ ਸਿੱਖਾਂ ਪਰ ਸਖਤੀਆਂ ਦਾ ਕਾਰਣ ਬਣਨ ਕਰਕੇ ਕੁਝ ਕੁ ਬੱਦੂ ਹੋ ਰਹੇ ਸਨ, ਅਤੇ ਸੂਰਤ ਸਿੰਘ ਚੂੰਕਿ ਸਿੱਖਾਂ ਲਈ ਹਮਦਰਦੀ ਭਰਿਆ ਦਿਲ ਰਖਦਾ ਸੀ,



Digitized by Panjab Digital Library | www.panjabdigilib.org

ਇਸ ਲਈ ਕੁਦਰਤੀ ਤੌਰ ਤੇ ਉਸ ਦੀ ਸੁਰ ਸਿੱਖਾਂ ਦੇ ਹਮਦਰਦੀ ਦੀਵਾਨ ਕੌੜਾ ਮੱਲ ਨਾਲ ਹੀ ਰਲਨੀ ਸੀ। ਪਰ ਏਹ ਕਾਰਣ ਉਨ੍ਹਾਂ ਦੇ ਸੰਬੰਧ ਗੂੜ੍ਹੇ ਹੋਣ ਦੇ ਹੋ ਸਕਦੇ ਹਨ, ਉਨ੍ਹਾਂ ਦਾ ਮੁਲਤਾਨ ਵਿਚ ਜਨਮ ਲੈਣ ਦੀ ਕੋਈ ਪੁਸ਼ਟੀ ਨਹੀਂ ਕਰਦੇ। ਹਾਂ, ਇਕ ਗਲ ਹੋ ਸਕਦੀ ਹੈ ਕਿ ਚੂੰਕਿ ਇਨ੍ਹਾਂ ਦੇ ਪਿਤਾ ਸਰਕਾਰੀ ਨੌਕਰੀ ਵਿਚ ਸਨ, ਇਸ ਲਈ ਸ਼ਾਇਦ ਉਨ੍ਹਾਂ ਦੀ ਮੁਲਤਾਨ ਵਿਚ ਰਿਹਾਇਸ਼ ਵੇਲੇ ਇਨ੍ਹਾਂ ਦਾ ਜਨਮ ਉਥੇ ਹੋਇਆ ਹੋਵੇ। ਕੌੜਾ ਮੱਲ ਦਾ ਜਨਮ ਗੜ੍ਹ ਹੋਇਆ ਹੋਵੇ ਯਾ ਮੁਲਤਾਨ, ਪਰ ਇਨ੍ਹਾਂ ਦੇ ਬਜ਼ੁਰਗਾਂ ਦਾ ਵਤਨ ਨਿਸਚੇ ਝੰਗ ਸੀ ਜਿਸ ਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਆਪ ਦੀ ਸੰਤਾਨ ਦਾ ਇਕ ਉੱਘਾ ਖ਼ਾਨਦਾਨ, ਜਿਸ ਦਾ ਜ਼ਿਕਰ ਅੱਗੇ ਚਲ ਕੇ ਆਵੇਗਾ, ਅੰਮ੍ਰਿਤਸਰ ਵਿਚ ਵਸਦਾ ਹੈ ਤੇ ਇਸ ਸ਼ਹਿਰ ਦੇ ਪੁਰਾਣੇ ਲੋਕ ਜਿਸ ਵੇਲੇ ਬਾਹਰੋਂ ਆ ਕੇ ਵਸਿਆਂ ਦੀ ਵੰਡ ਬ੍ਰਾਦਰੀਆਂ ਵਿਚ ਕਰਦੇ ਹਨ ਤਾਂ ਇਸ ਖ਼ਾਨਦਾਨ ਨੂੰ 'ਝਾਂਗੜੀਆਂ' ਯਾ 'ਝਾਂਗੀਆਂ' (ਝੰਗ ਦੇ ਇਲਾਕੇ ਦਿਆਂ) ਵਿਚ ਗਿਣਦੇ ਹਨ।

## ਖਾਨਦਾਨ ਤੇ ਖਾਨਦਾਨੀ ਰਵਾਇਤ

ਮਹਾਰਾਜਾ ਕੌੜਾ ਮੱਲ ਦੇ ਪਿਤਾ ਦਾ ਨਾਮ ਵੱਲੂ ਮੱਲ* ਸੀ। ਇਹ ਜ਼ਾਤ ਦੇ ਚੁੱਘ ਅਰੋੜੇ ਸਨ ਤੇ ਦਾਦੇ ਦੇ ਵੇਲੇ ਤੋਂ ਇਨ੍ਹਾਂ ਦਾ ਪੇਸ਼ਾ ਸਰਕਾਰੀ ਨੌਕਰੀ ਸੀ, ਪਰ ਖ਼ਾਨਦਾਨ ਦੀ ਪ੍ਰਸਿੱਧੀ ਜ਼ਿਆਦਾ ਕਰਕੇ ਮਹਾਰਾਜਾ ਕੌੜਾ ਮੱਲ ਦੇ ਵੇਲੇ ਤੋਂ ਹੋਈ। ਆਪ ਨੇ

*ਸ਼ਾਹ ਮੁਹੰਮਦ ਯੂਸਫ ਦੀ ਕਿਤਾਬ 'ਹਾਲਾਤਿ-ਮੁਲਤਾਨ' ਵਿਚ ਦਿੱਤਾ ਹੋਇਆ ਨਾਮ ਦਿੱਲੂ ਮੱਲ ਯਾ ਦਿੱਤੂ ਮੱਲ ਪੜ੍ਹੀਂਦਾ ਰਿਹਾ ਹੈ, ਪਰ ਉਨ੍ਹਾਂ ਦੇ ਵੰਸ਼ਜ ਡਾਕਟਰ ਚਰਨ ਸਿੰਘ ਅੰਮ੍ਰਿਤਸਰ ਵਾਲਿਆਂ ਦੇ ਲਿਖਤੀ ਖਰੜਿਆਂ ਵਿੱਚੋਂ ਇਹ ਨਾਮ ਵੱਲੂ ਮੱਲ ਹੋਣਾ ਸਪਸ਼ਟ ਹੋ ਗਿਆ ਹੈ।



Digitized by Panjab Digital Library | www.panjabdigilib.org

ਆਪਣੀ ਕੁਲ ਦਾ ਨਾਮ ਇਤਨਾ ਉੱਚਾ ਕੀਤਾ ਕਿ ਚੁੱਘਾਂ ਨੂੰ ਗੁਮਨਾਮੀ 'ਚੋਂ ਕੱਢ ਕੇ ਉਨ੍ਹਾਂ ਦਾ ਨਾਮ (ਲਾਹੌਰ ਦੇ ?) ਦਿੱਲੀ ਦਰਵਾਜ਼ੇ ਤੇ ਲਿਖੀਣ ਯੋਗ ਕਰ ਦਿੱਤਾ। ਆਪ ਦੇ ਖ਼ਾਨਦਾਨ ਵਿਚ ਹਾਲ ਤਕ ਇਹ ਰਵਾਇਤ ਚਲੀ ਆ ਰਹੀ ਹੈ ਕਿ ਆਪ ਦੀ ਕਿਸੇ ਬਹਾਦੁਰੀ ਦੇ ਬਦਲੇ ਆਪ ਦਾ ਨਾਮ ਦਿੱਲੀ ਦੇ 'ਦਿੱਲੀ ਦਰਵਾਜ਼ੇ' ਤੇ ਲਿਖਿਆ ਗਿਆ ਸੀ। ਇਹ ਗੱਲ ਲਹਿੰਦੇ ਵਲੋਂ ਅੰਮ੍ਰਿਤਸਰ ਆ ਕੇ ਵਸੇ ਹੋਰ ਖ਼ਾਨਦਾਨਾਂ ਤੋਂ ਭੀ ਆਮ ਸੁਣੀ ਜਾਂਦੀ ਹੁੰਦੀ ਸੀ ਜਦ ਕਿ ਪੁਰਾਣੀਆਂ ਮਾਈਆਂ ਆਪਣੇ ਬਾਹਰੋਂ ਲੜ ਕੇ ਆਏ ਬੱਚਿਆਂ ਨੂੰ ਕਿਹਾ ਕਰਦੀਆਂ ਸਨ ਕਿ 'ਬੱਚਾ ! ਚੁੱਘ ਤਾਂ ਦਿੱਲੀ ਦੇ ਦਰਵਾਜ਼ੇ ਤੇ ਲਿਖੇ ਹੋਏ ਹਨ'।

ਇਹ ਰਿਵਾਇਤ ਕਦ ਤੇ ਕਿਵੇਂ ਚੱਲੀ, ਨਿਸਚੇ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਜਿੱਥੋਂ ਤਕ ਇਤਿਹਾਸਕ ਵਾਕਿਆਤ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਇਸ ਦਾ ਆਰੰਭ ਅਗਸਤ ੧੭੪੯ ਵਿਚ ਕੌੜਾ ਮੱਲ ਦੀ ਮੁਲਤਾਨ ਦੀ ਫਤਹਿ ਦੇ ਵੇਲੇ ਤੋਂ ਹੋਇਆ ਹੋ ਸਕਦਾ ਹੈ, ਜਦ ਕਿ ਲਾਹੌਰ ਤੇ ਮੁਲਤਾਨ ਦੇ ਸੂਬਿਆਂ ਦੇ ਹਾਕਮ ਮੀਰ ਮੁਅਈਯੁਨੁ-ਲ-ਮੁਲਕ (ਮੀਰ ਮੰਨੂੰ) ਦੇ ਵਿਰੁਧ ਹੋ ਰਹੀ ਦਿੱਲੀ ਦੀ ਸ਼ਾਹੀ ਵਜ਼ੀਰ-ਮੰਡਲੀ ਵਲੋਂ ਮੁਲਤਾਨ ਦੇ ਸੂਬੇ ਦੀ ਹਕੂਮਤ ਉਸ ਪਾਸੋਂ ਖੋਹ ਕੇ ਕਬਜ਼ਾ ਕਰਨ ਲਈ ਭੇਜੇ ਗਏ ਸ਼ਾਹਨਿਵਾਜ਼ ਖ਼ਾਨ ਨੂੰ ਖਾਲਸੇ ਦੀ ਸਹਾਇਤਾ ਨਾਲ ਮੈਦਾਨਿ-ਜੰਗ ਵਿੱਚ ਮਾਰ ਕੇ ਜਿੱਤ ਪ੍ਰਾਪਤ ਕੀਤੀ ਤੇ ਮੁਲਤਾਨ ਦੀ ਖੁੱਸੀ ਹੋਈ ਹਕੂਮਤ ਮੁੜ ਮੀਰ ਮੰਨੂੰ ਲਈ ਜਿੱਤੀ ਸੀ। ਇਸੇ ਵੇਲੇ ਹੀ ਆਪ ਨੂੰ 'ਮਹਾਰਾਜਾ ਬਹਾਦੁਰ' ਦਾ ਖਿਤਾਬ ਮਿਲਿਆ ਸੀ। ਹੋ ਸਕਦਾ ਹੈ ਕਿ, ਜਿਵੇਂ ਸ੍ਰੋਤ ਹੈ, ਮੀਰ ਮੰਨੂੰ ਨੇ ਮੁਲਤਾਨ ਵਿੱਚ ਹੋਈ ਆਪਣੀ ਜਿੱਤ ਦੀ ਯਾਦਗਾਰ ਕਾਇਮ ਕਰਨ ਲਈ ਲਾਹੌਰ ਦੇ ਦਿੱਲੀ



Digitized by Panjab Digital Library | www.panjabdigilib.org

ਦਰਵਾਜ਼ੇ ਇਕ ਛੋਟਾ ਦਰਵਾਜ਼ਾ ਕੱਢਿਆ ਹੋਵੇ ਤੇ ਉਸ ਉੱਪਰ ਮੁਲਤਾਨ ਨੂੰ ਫ਼ਤਹਿ ਕਰਨ ਵਾਲੇ ਆਪਣੇ ਸੂਰਬੀਰ ਜਰਨੈਲ ਤੇ ਨਾਇਬ ਸੂਬੇਦਾਰ ਮਹਾਰਾਜਾ ਕੌੜਾ ਮੱਲ ਬਹਾਦੁਰ ਦਾ ਨਾਮ ਲਿਖਵਾਇਆ ਹੋਵੇ ।

ਇਹ ਗੱਲ ਮੰਨਣ ਵਿਚ ਨਹੀਂ ਆਉਂਦੀ ਕਿ ਆਪ ਦਾ ਨਾਮ ਸ਼ਹਿਰ ਦਿੱਲੀ ਦੇ ਕਿਸੇ ਦਰਵਾਜ਼ੇ ਤੇ ਲਿਖਿਆ ਗਿਆ ਹੋਵੇ । ਦਿੱਲੀ ਦੀ ਵਜ਼ੀਰ-ਮੰਡਲੀ ਤਾਂ ਮੰਨੂੰ ਦੀ ਵਧਦੀ ਤਾਕਤ ਨੂੰ ਦੇਖ ਕੇ ਤਲਮਲਾ ਰਹੀ ਸੀ ਤੇ ਉਸ ਨੂੰ ਕਮਜ਼ੋਰ ਤੇ ਜ਼ਲੀਲ ਕਰਨ ਲਈ ਉਸ ਦੇ ਦੋ ਸੂਬਿਆਂ ਵਿੱਚੋਂ ਇਕ ਮੁਲਤਾਨ ਦਾ ਸੂਬਾ ਖੋਹ ਕੇ ਆਪਣੀ ਪਾਰਟੀ ਦੇ ਨਿਯਤ ਕੀਤੇ ਹਾਕਮ ਸ਼ਾਹਨਿਵਾਜ਼ ਨੂੰ ਦਿਵਾ ਦਿੱਤਾ ਸੀ, ਜਿਸ ਨੂੰ ਕਿ ਲੜਾਈ ਵਿਚ ਮਾਰ ਕੇ ਕੌੜਾ ਮੱਲ ਨੇ ਇਹ ਸੂਬਾ ਮੁੜ ਮੀਰ ਮੰਨੂੰ (ਦਿੱਲੀ ਦੀ ਵਜ਼ੀਰ-ਮੰਡਲੀ ਦੇ ਵਿਰੋਧ ਦੇ ਨਿਸ਼ਾਨੇ) ਦੇ ਅਧੀਨ ਕੀਤਾ ਸੀ । ਦਿੱਲੀ ਦੀ ਵਜ਼ੀਰ-ਮੰਡਲੀ ਆਪਣੇ ਹੀ ਵਿਰੁਧ ਜਿੱਤ ਦੀ ਯਾਦਗਾਰ ਦਿੱਲੀ ਵਿੱਚ ਕਿਵੇਂ ਕਾਇਮ ਕਰਨ ਦੇ ਸਕਦੀ ਸੀ ? ਓਹ ਤਾਂ ਉਸ ਦਾ ਨੱਕ ਵੱਢਣ ਨੂੰ ਤਿਆਰ ਬੈਠੇ ਸਨ, ਮੰਨੂੰ ਨੂੰ ਓਥੋਂ ਨੱਥ ਘੜਾਉਣ ਦੀ ਕੀ ਆਸ ਹੋਣੀ ਸੀ ? ਲਾਹੌਰ ਵਿੱਚ ਮੰਨੂੰ ਦੀ ਆਪਣੀ ਹਕੂਮਤ ਸੀ ਤੇ ਇੱਥੇ ਹੀ ਓਹ ਆਪਣੀਆਂ ਜਿੱਤਾਂ ਦੀਆਂ ਯਾਦਗਾਰਾਂ ਕਾਇਮ ਕਰ ਸਕਦਾ ਸੀ । ਇਸ ਲਈ ਉਸ ਨੇ ਲਾਹੌਰ ਦੇ ਦਿੱਲੀ ਦਰਵਾਜ਼ੇ ਮਹਾਰਾਜਾ ਕੌੜਾ ਮਲ ਬਹਾਦੁਰ ਦਾ ਨਾਮ ਲਿਖਵਾਇਆ ਹੋਣਾ ਹੈ । ਹਾਂ ਇਕ ਗੱਲ ਇਹ ਹੋ ਸਕਦੀ ਹੈ ਕਿ ਜਿਵੇਂ ਆਮ ਵੱਡੇ ਵੱਡੇ ਆਦਮੀਆਂ ਵਾਂਙੂ ਆਪ ਨੇ ਭੀ ਆਪਣਾ ਮਕਾਨ ਦਿੱਲੀ ਵਿਚ ਬਣਵਾਇਆ ਦੱਸੀਦਾ ਹੈ,ਉਸ ਉੱਪਰ ਆਪ ਦਾ ਨਾਮ ਲਿਖੇ ਹੋਏ ਹੋਣ ਤੋਂ ਇਹ ਰਵਾਇਤ ਚਲੀ ਹੋਵੇ । ਪਰ ਯਤਨ ਕਰਨ ਪਰ ਭੀ ਹਾਲ ਤਕ ਇਹ ਪਤਾ



Digitized by Panjab Digital Library | www.panjabdigilib.org

ਨਹੀਂ ਚਲ ਸਕਿਆ ਕਿ ਇਹ ਮਕਾਨ ਕਿੱਥੇ ਕੁ ਸੀ।

੬ ਮਾਰਚ ਸੰਨ ੧੭੫੨ ਨੂੰ ਲਾਹੌਰ ਦੇ ਨੇੜੇ ਮਹਿਮੂਦ ਬੂਟੀ ਸ਼ਾਲਾ ਮਾਰ ਦੇ ਜੰਗ ਵਿਚ ਕੌੜਾ ਮੱਲ ਦੀ ਮੌਤ ਦੇ ਬਾਦ ਮੰਨੂੰ ਵਲੋਂ ਕਿਸੀ ਐਸੀ ਯਾਦਗਾਰ ਕਾਇਮ ਕਰਨ ਦੀ ਆਸ ਹੀ ਨਹੀਂ ਹੋ ਸਕਦੀ। ਇਸ ਵੇਲੇ ਮੰਨੂੰ ਚੜ੍ਹਦੀਆਂ ਕਲਾਂ ਵਿਚ ਨਹੀਂ ਸੀ। ਅਹਿਮਦ ਸ਼ਾਹ ਦੁੱਰਾਨੀ ਦੇ ਮੁਕਾਬਲੇ ਤੇ, ਜਿਸ ਨੂੰ ਚਾਰ ਵਰ੍ਹੇ ਪਹਿਲਾਂ ਮਾਣੂ ਪੁਰ(ਜ਼ਿਲਾ ਲੁਧਿਆਣੇ)ਦੇ ਮੈਦਾਨ ਵਿਚ ਉਸਨੇ ਭਾਂਜ ਦਿੱਤੀ ਸੀ, ਖੁਦ ਉਸ ਨੂੰ ਹਾਰ ਹੋ ਚੁਕੀ ਸੀ। ਉਸ ਦੀ ਖ਼ੁਦਮੁਖ਼ਤਾਰੀ ਇਸ ਵੇਲੇ ਇਕ ਵਿਦੇਸ਼ੀ ਹਮਲਾਵਰ ਦੇ ਚਰਨਾਂ ਵਿਚ ਰੁਲ ਰਹੀ ਸੀ ਤੇ ਉਹ ਦਿੱਲੀ ਦੇ ਮੁਗ਼ਲ ਬਾਦਸ਼ਾਹ ਦੀ ਥਾਂ ਦੁੱਰਾਨੀ ਦੇ ਨਾਇਬ ਦੀ ਹੈਸੀਅਤ ਵਿਚ ਲਾਹੌਰ ਵਿਚ ਹਕੂਮਤ ਕਰਦਾ ਸੀ ਤੇ ਉਸ ਦੇ ਪੁਤ੍ਰ ਤੈਮੂਰ ਨੂੰ ਆਪਣੀ· ਲੜਕੀ ਉਮਦਾ ਬੇਗਮ ਦੇ ਰਿਸ਼ਤੇ ਦਾ ਵਾਹਿਦਾ ਕਰ ਕੇ ਜਾਨ ਖਲਾਸ ਕਰਾਈ ਸੀ।

ਇਸ ਲਈ ਉਪ੍ਰੋਕਤ ਰਵਾਇਤ ਮੁਲਤਾਨ ਦੀ ਫ਼ਤਹਿ ਦੇ ਵੇਲੇ ਤੋਂ ਹੀ ਤੁਰ ਸਕਦੀ ਹੈ ਤੇ ਆਪ ਦਾ ਨਾਮ ਲਾਹੌਰ ਦੇ ਦਿੱਲੀ ਦਰਵਾਜ਼ੇ ਦੇ ਲਾਗੇ ਦੇ ਛੋਟੇ ਦਰਵਾਜ਼ੇ ਤੇ ਹੀ ਲਿਖਿਆ ਜਾਣਾ ਜ਼ਿਆਦਾ ਮੰਨਣ ਯੋਗ ਹੈ।

## *ਵਿੱਦਿਆ ਅਤੇ ਲਾਹੌਰ ਆਕੇ ਤ੍ਰੱਕੀ ਕਰਨਾ*

ਭਾਵੇਂ ਹੁਣ ਤਕ ਪ੍ਰਾਪਤ ਹੋਏ ਇਤਿਹਾਸਾਂ ਵਿਚ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਆਇਆ ਕਿ ਆਪ ਕਿਨ੍ਹਾਂ ਕਿਨ੍ਹਾਂ ਭਾਸ਼ਾਵਾਂ ਦੇ ਜਾਣੂ ਸਨ ਪਰ ਇਸ ਗੱਲ ਨੂੰ ਮੰਨ ਲੈਣ ਵਿਚ ਗ਼ਲਤੀ ਯਾ ਸ਼ੱਕ



Digitized by Panjab Digital Library | www.panjabdigilib.org

ਦੀ ਗੁੰਜਾਇਸ਼ ਨਹੀਂ ਕਿ ਆਪ ਫ਼ਾਰਸੀ ਭਾਸ਼ਾ ਦੇ ਚੰਗੇ ਵਿਦ੍ਵਾਨ ਸਨ। ਮੁਗ਼ਲ ਰਾਜ ਵਿਚ ਵੱਡਿਆਂ ਵੱਡਿਆਂ ਅਹੁਦਿਆਂ ਤੇ ਆਮ ਤੌਰ ਤੇ ਰਾਜ-ਭਾਸ਼ਾ ਦੇ ਵਿਦ੍ਵਾਨ ਮੁਸਲਮਾਨਾਂ ਨੂੰ ਲਾਇਆ ਜਾਂਦਾ ਸੀ। ਇਹ ਠੀਕ ਹੈ ਕਿ ਕਿਧਰੇ ਕਿਧਰੇ ਹਿੰਦੂ ਮੁਨਸ਼ੀ ਮੁਤਸੱਦੀ ਯਾ ਛੋਟੇ ਛੋਟੇ ਫ਼ੌਜੀ ਅਫ਼ਸਰ ਨਜ਼ਰੇ ਪੈਂਦੇ ਸਨ, ਪਰ ਇਹ ਨੌਕਰੀਆਂ ਭੀ ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦੀਆਂ ਸਨ ਜੋ ਆਪਣੀ ਇਲਮੀ ਲਿਆਕਤ ਵਿਚ ਜੇ ਮੁਸਲਮਾਨਾਂ ਨਾਲੋਂ ਵੱਧ ਨਹੀਂ ਤਾਂ ਘੱਟੋ ਘੱਟ ਉਨ੍ਹਾਂ ਦੇ ਬਰਾਬਰ ਜ਼ਰੂਰ ਹੁੰਦੇ ਸਨ। ਰਾਜ ਦਾ ਸਾਰਾ ਕੰਮ ਫ਼ਾਰਸੀ ਭਾਸ਼ਾ ਵਿਚ ਹੁੰਦਾ ਸੀ, ਇਸ ਲਈ ਕੇਵਲ ਫ਼ਾਰਸੀ ਜਾਨਣ ਵਾਲੇ ਹੀ ਸਰਕਾਰੀ ਨੌਕਰੀਆਂ ਪ੍ਰਾਪਤ ਕਰ ਸਕਦੇ ਸਨ। (ਸੂਬੇ ਦੀ ਹਕੂਮਤ ਦੇ ਦੀਵਾਨ ਬਣਨ ਲਈ ਤਾਂ ਖ਼ਾਸ ਹੀ ਲਿਆਕਤ ਦੀ ਲੋੜ ਸੀ ਜਿਸ ਦੇ ਅਧਾਰ ਤੇ ਹੀ ਕੌੜਾ ਮੱਲ ਨੇ ਉੱਚੀ ਤੋਂ ਉੱਚੀ ਰਾਜਸੀ ਪਦਵੀ ਪ੍ਰਾਪਤ ਕੀਤੀ, ਸੂਬਾ ਲਾਹੌਰ ਦੇ ਹਾਕਮ ਨਵਾਬ ਖ਼ਾਨ ਬਹਾਦੁਰ ਜ਼ਕਰੀਆ ਖ਼ਾਨ ਦੇ ਦੀਵਾਨ ਬਣੇ ਤੇ ਯਾਹੀਆ ਖ਼ਾਨ ਤੇ ਸ਼ਾਹਨਿਵਾਜ਼ ਖ਼ਾਨ ਦੇ ਵੇਲੇ ਇੱਜ਼ਤ ਨਾਲ ਟਿਕੇ ਰਹੇ, ਅਤੇ ਮੀਰ ਮੁਅਈਯੁਨ-ਲ-ਮੁਲਕ (ਮੀਰ ਮੰਨੂੰ) ਪਾਸੋਂ 'ਰਾਜਾ' ਤੇ 'ਮਹਾਰਾਜਾ ਬਹਾਦੁਰ' ਦੇ ਖ਼ਿਤਾਬ ਪ੍ਰਾਪਤ ਕੀਤੇ।)

ਆਪ ਫ਼ੌਜੀ ਕੰਮ ਵਿਚ ਭੀ ਮਾਹਰ ਤੇ ਚੋਣਵੇਂ ਬਹਾਦੁਰ ਸਨ, ਜਿਸ ਦਾ ਅਮਲੀ ਨਮੂਨਾ ਅੱਗੇ ਚਲ ਕੇ ਮੁਲਤਾਨ ਤੇ ਲਾਹੌਰ ਦੇ ਜੰਗਾਂ ਵਿਚ ਨਜ਼ਰ ਆਵੇਗਾ।

ਕੌੜਾ ਮੱਲ ਜੀ ਕਦ ਤੇ ਕਿਵੇਂ ਲਾਹੌਰ ਆਏ, ਤੇ ਖ਼ਾਨ ਬਹਾਦੁਰ ਜ਼ਕਰੀਆ ਖ਼ਾਨ ਦੇ ਦੀਵਾਨ ਬਣੇ, ਹਾਲ ਤਕ ਪਤਾ ਨਹੀਂ ਲਗ ਸਕਿਆ। ਹਾਂ ਇਹ ਗੱਲ ਨਿਸਚੇ ਹੈ ਕਿ ਸੰਨ ੧੭੩੭–੩੮ ਈ: ਵਿਚ ਆਪ ਲਾਹੌਰ ਸਨ ਤੇ ਨਵਾਬ ਸਮਸਾਮੁਦੌਲਾ



Digitized by Panjab Digital Library | www.panjabdigilib.org

ਸ਼ਾਹ-ਨਿਵਾਜ਼ ਖ਼ਾਨ ਲਿਖਿਤ 'ਮੁਆਸਿਰੁ-ਲ-ਉਮਰਾ'* ਅਨੁਸਾਰ ਇਕ ਫ਼ੌਜੀ ਸਰਕਰਦੇ ਦੀ ਪਦਵੀ ਪ੍ਰਾਪਤ ਕਰ ਚੁਕੇ ਸਨ ।

ਹਾਲ ਤੱਕ ਇਤਿਹਾਸਾਂ ਵਿਚ ਕੌੜਾ ਮੱਲ ਦਾ ਸਭ ਤੋਂ ਪਹਿਲਾ ਜ਼ਿਕਰ ਜੋ ਲੱਭਾ ਹੈ ਓਹ ਸ਼ਾਹਨਿਵਾਜ਼ ਖ਼ਾਨ ਲਿਖਿਤ ਮੁਆਸਿਰੁ-ਲ-ਉਮਰਾ ਵਿਚ ਜ਼ਕਰੀਆ ਖ਼ਾਨ ਦੇ ਹਾਲ ਵਿਚ ਪਨਾਹ ਭੱਟੀ ਨਾਲ ਜੰਗ ਦੇ ਸੰਬੰਧ ਵਿਚ ਆਇਆ ਹੈ । ਇਸ ਜੰਗ ਦਾ ਜ਼ਿਕਰ ਕਰਤਾ ਨੇ ਅਬਦੁਸਮੱਦ ਖ਼ਾਨ ਦੀ ਮੌਤ (ਅੱਧ ੧੭੩੭ ਈਸਵੀ) ਤੋਂ ਬਾਦ ਤੇ ਨਾਦਰ ਸ਼ਾਹ ਈਰਾਨੀ ਦੇ ਹਿੰਦ ਪਰ ਹਮਲੇ (ਦਸੰਬਰ ੧੭੩੮) ਤੋਂ ਪਹਿਲਾਂ ਕੀਤਾ ਹੈ। ਇਸ ਲਈ ਇਸ ਜੰਗ ਦੀ ਤਾਰੀਖ ਜੁਲਾਈ ੧੭੩੭ ਅਤੇ ਦਸੰਬਰ ੧੭੩੮ ਦੇ ਵਿਚਕਾਰ ਨਿਯਤ ਹੁੰਦੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਕੌੜਾ ਮੱਲ ਸੰਨ ੧੭੩੮ ਈਸਵੀ ਤੋਂ ਬਾਦ ਲਾਹੌਰ ਨਹੀਂ ਆਏ, ਪਹਿਲੋਂ ਆਏ ਹਨ । ਹੋ ਸਕਦਾ ਹੈ ਕਿ ਇਹ ਨਵਾਬ ਅਬਦੁਸਮੱਦ ਖ਼ਾਨ ਦੀ ਲਾਹੌਰ ਦੀ ਸੂਬੇਦਾਰੀ ਦੇ ਜ਼ਮਾਨੇ (ਸੰਨ ੧੭੧੩–੧੭੨੬ ਈ:) ਵਿਚ ਆਏ ਹੋਣ ਤੇ ਹੌਲੀ ਹੌਲੀ ਤ੍ਰੱਕੀ ਕਰਦੇ ਇਨ੍ਹਾਂ ਦਿਨਾਂ ਵਿਚ ਹੀ ਯਾ ਜ਼ਕਰੀਆ ਖ਼ਾਨ ਦੇ ਵੇਲੇ ਦੀਵਾਨ ਤੇ ਫ਼ੌਜੀ ਸਰਕਰਦੇ ਬਣੇ ਹੋਣ । ਹੇਠਲੇ ਪਾਸੇ ਭੀ ਇਕ ਤਾਰੀਖ ਨਿਯਤ ਕੀਤੀ ਜਾ ਸਕਦੀ ਹੈ, ਜਿਸ ਤੋਂ ਕਿ ਬਾਦ ਤ੍ਰੱਕੀ ਕਰ ਕੇ ਆਪ ਨੇ ਫ਼ੌਜੀ ਅਫ਼ਸਰੀ ਪ੍ਰਾਪਤ ਕੀਤੀ ਹੈ। ਅਬਦੁਸਮੱਦ ਖ਼ਾਨ ਦੀ ਅਖੀਰੀ ਇਤਿਹਾਸ-ਪ੍ਰਸਿੱਧ ਲੜਾਈ ਹੁਸੈਨ ਖ਼ਾਨ ਖੇਸ਼ਗੀ ਨਾਲ ੪ ਅਪ੍ਰੈਲ ੧੭੨੦ ਨੂੰ ਚੂਹਣੀਆਂ ਦੇ ਨਜ਼ਦੀਕ ਹੋਈ ਸੀ ਜਿਸ ਵਿੱਚ ਕਿ ਖੇਸ਼ਗੀ ਮਾਰਿਆ ਗਿਆ ਸੀ। ਇਸ ਵਿੱਚ ਤੇ ਇਸ ਤੋਂ ਪਹਿਲਾਂ ਈਸਾ ਖ਼ਾਨ

---

*੧੮੯੦ ਦਾ ਕਲਕੱਤਾ ਐਡੀਸ਼ਨ, ਜਿਲਦ ੨, ਪੰਨਾ ੧੦੬.



Digitized by Panjab Digital Library | www.panjabdigilib.org

ਮੰਝ ਨਾਲ ਲੜਾਈ (ਸੰਨ ੧੭੧੬) ਤੇ ਸਿੱਖਾਂ ਨਾਲ ਜੰਗਾਂ ਵਿਚ ਇਨ੍ਹਾਂ ਦੇ ਹਿੱਸਾ ਲੈਣ ਦਾ ਜ਼ਿਕਰ ਕਿਸੇ ਇਤਿਹਾਸ ਵਿਚ ਨਹੀਂ ਆਇਆ।

ਇਸ ਸਾਰੀ ਖੋਜ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਕੌੜਾ ਮੱਲ ਨੇ ਸੰਨ ੧੭੨੦ ਅਤੇ ੧੭੩੮ ਦੇ ਦਰਮਿਆਨੀ ਅਰਸੇ ਵਿਚ ਵਤਨੋਂ ਲਾਹੌਰ ਆ ਕੇ ਤ੍ਰੱਕੀ ਕੀਤੀ ਅਤੇ ਦੀਵਾਨੀ ਤੇ ਫ਼ੌਜੀ ਅਫ਼ਸਰੀ ਦੇ ਉੱਚੇ ਹੁੱਦੇ ਪ੍ਰਾਪਤ ਕੀਤੇ।



Digitized by Panjab Digital Library | www.panjabdigilib.org

# ਜ਼ਕਰੀਆ ਖ਼ਾਨ ਦਾ ਜ਼ਮਾਨਾ

ਜਦ ਅਬਦੁੱਸਮੱਦ ਖ਼ਾਨ ਦਿਲੇਰਿ-ਜੰਗ ਲਾਹੌਰ ਦੇ ਸੂਬੇ ਵਿਚ ਪੂਰੀ ਤਰ੍ਹਾਂ ਅਮਨ ਕਾਇਮ ਕਰਨ ਵਿਚ ਕਾਮਯਾਬ ਨਾ ਹੋ ਸਕਣ ਕਰਕੇ ਸੰਨ ੧੭੨੬ ਈ:ਵਿਚ ਮੁਲਤਾਨ ਦੇ ਸੂਬੇ ਬਦਲ ਦਿੱਤਾ ਗਿਆ ਤਾਂ ਉਸ ਦੀ ਜਗਾ ਉਸ ਦਾ ਪੁਤ੍ਰ ਖ਼ਾਨ ਬਹਾਦੁਰ ਜ਼ਕਰੀਆ ਖ਼ਾਨ ਹੱਯਬਰਿ-ਜੰਗ ਲਾਹੌਰ ਦਾ ਸੂਬੇਦਾਰ ਬਣਿਆ ਸੀ ਅਤੇ ਜਦ ਸੰਨ ੧੭੩੮ ਦੇ ਆਰੰਭ (ਸੰਨ ੧੧੫੦ ਹਿਜਰੀ*) ਵਿਚ ਅਬਦੁਸਮੱਦ ਖ਼ਾਨ ਮਰ ਗਿਆ ਤਾਂ ਮੁਲਤਾਨ ਦੀ ਸੂਬੇਦਾਰੀ ਜ਼ਕਰੀਆ ਖ਼ਾਨ ਨੂੰ ਹੀ ਮਿਲ ਗਈ ਸੀ ਤੇ ਓਥੇ ਓਸ ਵਲੋਂ ਕੌੜਾ ਮਲ ਨੂੰ ਦੀਵਾਨ ਬਣਾ ਕੇ ਭੇਜਿਆ ਗਿਆ।

ਇਸ ਵੇਲੇ ਮੁਗ਼ਲਾਂ ਦੀ ਹਕੂਮਤ ਨੂੰ ਢਹਿੰਦੀ ਜਾ ਰਹੀ ਦੇਖ ਕੇ ਬਹੁਤ ਸਾਰੇ ਮਨਚਲੇ ਲੁੱਟ ਮਾਰ ਨਾਲ ਦੌਲਤ ਇਕੱਠੀ ਕਰਨ ਯਾ ਛੋਟੀਆਂ ਛੋਟੀਆਂ ਮੱਲਾਂ ਮਾਰ ਕੇ ਆਪਣੀ ਤਾਕਤ ਨੂੰ ਵਧਾਉਣ ਦੇ ਆਹਰ ਵਿਚ ਲੱਗੇ ਹੋਏ ਸਨ। ਮਾਰਚ-ਜੂਨ ੧੭੧੬ ਈ: ਵਿਚ

---

*ਮਿਫ਼ਤਾਹ-ਉ-ਤਵਾਰੀਖ ਵਿਚ ਲਿਖਿਆ ਹੈ ਕਿ ਅਬਦੁਸਮੱਦ ਖ਼ਾਨ ਦਿਲੇਰਿ-ਜੰਗ ਸੰਨ ੧੧੫੦ ਹਿਜਰੀ ਵਿਚ ਨਾਦਰ ਸ਼ਾਹ ਦੇ ਆਵਣ ਤੋਂ ਇਕ ਸਾਲ ਪਹਿਲਾਂ ਮਰਿਆ ਸੀ। ਸੰਨ ੧੧੫੦ ਹਿਜਰੀ ੨੦ ਅਪ੍ਰੈਲ ੧੭੩੭ ਤੋਂ ਸ਼ੁਰੂ ਹੋਕੇ ੯ ਅਪ੍ਰੈਲ ੧੭੩੮ ਤਕ ਹੈ। ਨਾਦਰ ਸ਼ਾਹ ਜਨਵਰੀ ੧੭੩੯ ਵਿਚ ਲਾਹੌਰ ਪੁਜਦਾ ਹੈ ਤੇ ਫ਼ਰਵਰੀ ਵਿਚ ਕਰਨਾਲ ਦੀ ਲੜਾਈ ਹੁੰਦੀ ਹੈ। ਇਸ ਤੋਂ ਇੱਕ ਸਾਲ ਪਹਿਲਾਂ ਜਨਵਰੀ-ਫ਼ਰਵਰੀ ੧੭੩੮ ਵਿਚ ਬੈਠਦਾ ਹੈ। ਇਸ ਲਈ ਅਬਦੁਸਮੱਦ ਖ਼ਾਨ ਦੀ ਮੌਤ ਦੀ ਤਾਰੀਖ ਜਨਵਰੀ ੧੭੩੮ ਦੇ ਆਲੇ ਦੁਆਲੇ ਬੈਠਦੀ ਹੈ।



Digitized by Panjab Digital Library | www.panjabdigilib.org

# ਜ਼ਕਰੀਆ ਖ਼ਾਨ ਦਾ ਜ਼ਮਾਨਾ

ਬੰਦਾ ਸਿੰਘ ਬਹਾਦੁਰ ਤੇ ਉਸ ਦੇ ਅੱਠ ਸੌ ਦੇ ਲਗ ਭਗ ਸਾਥੀ ਸਿੰਘਾਂ ਦੀ ਦਿੱਲੀ ਵਿਚ ਸ਼ਹੀਦੀ ਤੇ ਉਸ ਦੇ ਪਿਛੋਂ ਫ਼ਰੁੱਖ਼ਸੀਅਰ ਵਲੋਂ ਸਿੱਖਾਂ ਦੀ ਪੰਜਾਬ ਵਿਚ ਕਤਲਾਮ ਦੇ ਹੁਕਮ ਨੇ ਸਿੱਖਾਂ ਦੀ ਤਾਕਤ ਨੂੰ ਕਮਜ਼ੋਰ ਕਰ ਦਿੱਤਾ ਸੀ ਤੇ ਓਹ ਪੰਜਾਬ ਦੇ ਮੈਦਾਨੀ ਅਲਾਕਿਆਂ ਨੂੰ ਛੱਡ ਕੇ ਅਨੰਦਪੁਰ ਦੀਆਂ ਪਹਾੜੀਆਂ, ਕਾਹਨੂਵਾਣ ਦੇ ਝੱਲਾਂ ਤੇ ਲੱਖੀ ਜੰਗਲ ਅਤੇ ਬੀਕਾਨੇਰੰ ਦੇ ਰੇਤ ਥਲਿਆਂ ਵਿਚ ਦਿਨ-ਕਟੀ ਕਰ ਰਹੇ ਸਨ। ਲਾਹੌਰ ਦੇ ਸੂਬੇ ਵਿਚ ਡਾਕੂਆਂ ਤੇ ਲੁਟੇਰਿਆਂ ਦੇ ਟੋਲੇ ਹਰਲ ਹਰਲ ਕਰਦੇ ਫਿਰਦੇ ਸਨ। ਇਨ੍ਹਾਂ ਵਿਚੋਂ ਪਨਾਹ ਭੱਟੀ ਤੇ ਮੀਰ ਮਾਰ ਜ਼ਿਮੀਂਦਾਰ* ਦੋ ਸਿਰ ਕੱਢ ਇਤਨੇ ਤਕੜੇ ਹੋ ਰਹੇ ਸਨ ਕਿ ਕਈ ਵਾਰੀ ਸੂਬੇ ਦੀਆਂ ਫੌਜਾਂ ਨਾਲ ਭੀ ਟਾਕਰਾ ਲਾ ਲੈਂਦੇ ਸਨ।

Early career.

## ਕੋੜਾ ਮੱਲ ਦੀ ਪਨਾਹ ਭੱਟੀ ਨਾਲ ਜੰਗ

[ ਸੰਨ ੧੭੩੮ ਈ: ]

ਪਨਾਹ ਭੱਟੀ ਇਕ ਤਕੜਾ ਬਾਗੀ ਸੀ ਜਿਸ ਦੀਆਂ ਲੁੱਟਾਂ ਮਾਰਾਂ ਦੀ ਹੱਦ ਧੁਰ ਹਸਨ ਅਬਦਾਲ—ਪੰਜਾ ਸਾਹਿਬ ਤੋਂ ਲੈ ਕੇ ਰਾਵੀ ਦੇ ਕੰਢਿਆਂ ਤਕ ਸੀ ਤੇ ਇਸ ਨੇ ਲਹਿੰਦੇ ਦਾ ਸਾਰਾ ਮੁਲਖ ਲੁੱਟ ਖਾਧਾ ਸੀ। ਇਸ ਦਾ ਜ਼ੋਰ ਇਤਨਾ ਵਧਦਾ ਜਾ ਰਿਹਾ ਦਿਸਦਾ

---

*ਮੁਫ਼ਤੀ ਅਲੀ-ਉ-ਦੀਨ ਦੀ ਕਿਤਾਬ 'ਇਬਰਤਨਾਮਾ-ਤਾਰੀਖ਼-ਪੰਜਾਬ' ਵਿਚ ਜ਼ਕਰੀਆ ਖ਼ਾਨ ਦੇ ਜ਼ਮਾਨੇ ਵਿਚ ਦੋ ਡਾਕੂਆਂ ਮਾਮੂਰੇ ਖ਼ਾਨ ਜ਼ਿਮੀਂਦਾਰ ਔਲੀਆਪੁਰ ਵਾਲੇ ਤੇ ਨੌਰੰਗ ਜ਼ਿਮੀਂਦਾਰ ਸਬਜ਼ਕੋਟ ਅਲਾਕਾ ਜ਼ਫ਼ਰਵਾਲ ਨੂੰ ਫਾਂਸੀ ਦੀ ਸਜ਼ਾ ਮਿਲਨ ਦਾ ਜ਼ਿਕਰ ਹੈ। ਉਮਦਾ-ਤੁ-ਤਵਾਰੀਖ ਵਿਚ ਔਲੀਆਪੁਰੀਏ ਫਾਂਸੀ ਚੜ੍ਹੇ ਡਾਕੂ ਦਾ ਨਾਮ ਮਾਮੂਰਾ ਲਿਖਿਆ ਹੋਇਆ ਹੈ। ਇਸ ਤੋਂ ਖਿਆਲ ਹੈ ਕਿ ਮੁਆਸਿਰੁ-ਲ-ਉਮਰਾ ਦਾ ਉਪਰੋਕਤ 'ਮੀਰ ਮਾਰ' ਜ਼ਿਮੀਂਦਾਰ 'ਮਾਮੂਰੇ ਖਾਨ' ਯਾ 'ਮਾਮੂਰਾ' ਹੀ ਸੀ।



Digitized by Panjab Digital Library | www.panjabdigilib.org

ਸੀ ਕਿ ਕਿਸੇ ਤਜਰਬਾਕਾਰ ਜਰਨੈਲ ਦੀ ਕਮਾਨ ਹੇਠਾਂ ਤਕੜੀ ਫੌਜ ਤੋਂ ਬਗੈਰ ਇਸ ਦਾ ਸੂਤ ਆਉਣਾ ਮੁਸ਼ਕਲ ਸੀ। ਜ਼ਕਰੀਆ ਖ਼ਾਨ ਨੂੰ ਦੀਵਾਨ ਕੌੜਾ ਮੱਲ ਦੀ ਬਹਾਦੁਰੀ ਤੇ ਪੂਰਾ ਭਰੋਸਾ ਸੀ, ਇਸ ਲਈ ਜ਼ਕਰੀਆ ਖ਼ਾਨ ਨੇ ਉਸ ਨੂੰ ਇਕ ਤਕੜੀ ਫੌਜ ਦੇ ਕੇ ਪਨਾਹ ਭੱਟੀ ਨੂੰ ਸਰ ਕਰਨ ਲਈ ਨਿਯਤ ਕੀਤਾ। ਲਾਹੌਰ ਦੇ ਲਾਗੇ ਹੀ ਪਨਾਹ ਨਾਲ ਮੁਠ ਭੀੜ ਹੋ ਗਈ ਜਿਸ ਵਿਚ ਕੌੜਾ ਮੱਲ ਨੂੰ ਜਿੱਤ ਪ੍ਰਾਪਤ ਹੋਈ ਤੇ ਪਨਾਹ ਭੱਟੀ ਲੜਾਈ ਵਿਚ ਗ੍ਰਿਫ਼ਤਾਰ ਕਰ ਕੇ ਕਤਲ ਕੀਤਾ ਗਿਆ*।

## *ਸਿੰਘਾਂ ਦਾ ਨਾਦਰ ਸ਼ਾਹ ਦੀ ਲੁੱਟ ਨੂੰ ਲੁੱਟ ਲੈਣਾ*

[ ਮਈ ੧੭੩੯ ਈ: ]

ਜਦ ਨਾਦਰ ਸ਼ਾਹ ਹਿੰਦੁਸਤਾਨ ਪਰ ਹਮਲਾ ਕਰਨ ਆਉਂਦਾ ਹੋਇਆ ਜਨਵਰੀ ੧੭੩੯ ਨੂੰ ਲਾਹੌਰ ਪੁੱਜਾ ਤਾਂ ਜ਼ਕਰੀਆ ਖ਼ਾਨ ਨੇ ਉਸ ਦੀ ਈਨ ਮੰਨ ਲਈ। ਸਿੰਘ ਇਸ ਵੇਲੇ ਕੁਝ ਤਾਂ ਅੱਗੇ ਹੀ ਨਵਾਬ ਕਪੂਰ ਸਿੰਘ ਦੀ ਜਥੇਦਾਰੀ ਹੇਠਾਂ ਜੰਗਲ ਨੂੰ ਚਲੇ ਗਏ ਹੋਏ ਸਨ ਤੇ ਜੋ ਕੁਝ ਕਿਧਰੇ ਕਿਧਰੇ ਮਾਝੇ ਵਿਚ ਸਨ ਭੀ, ਉਹ ਭੀ ਸਤਲੁਜ ਟੱਪ ਕੇ ਮੁਕਤਸਰ ਵਲ ਨੂੰ ਉਤਰ ਗਏ। ਨਾਦਰ ਸ਼ਾਹ ਦੇ ਹੱਲੇ ਦੇ ਕਾਰਣ ਮੁਗਲਾਂ ਦੀ ਟੁੱਟ ਰਹੀ ਤਾਕਤ ਤੇ ਦੇਸ ਵਿਚ ਰਾਜ-ਰੌਲੇ ਨੂੰ ਸਿੰਘ ਦੇਖ ਰਹੇ ਸਨ। ਹੁਣ ਉਨ੍ਹਾਂ ਮੌਕਾ ਤਾੜ ਕੇ ਬਾਹਰ ਨਿਕਲਣ ਦੀ ਸੋਚੀ। ਇਤਨੇ ਨੂੰ ਨਾਦਰ ਸ਼ਾਹ ਭੀ ਸ਼ਾਹੀ ਖ਼ਜ਼ਾਨਿਆਂ ਤੇ ਰਾਜਧਾਨੀ ਦੀ ਲੁਟ ਨਾਲ ਲੱਦਿਆ ਹੋਇਆ ਦਿੱਲੀ ਤੋਂ ਮੁੜ ਪਿਆ।

---

*ਸ਼ਾਹਨਿਵਾਜ਼ ਖ਼ਾਨ ਲਿਖਿਤ ਮੁਆਸਿਰੁ-ਲ-ਉਮਰਾ, ਕਲਕੱਤਾ, ਸਨ ੧੮੯੦ ਈ:, ਜਿਲਦ ੨, ਪੰਨਾ ੧੦੬.



Digitized by Panjab Digital Library | www.panjabdigilib.org

## ਜ਼ਕਰੀਆ ਖ਼ਾਨ ਦਾ ਜ਼ਮਾਨਾ

ਜਾਂਦੀ ਵਾਰੀ ਨਾਦਰ ਸ਼ਾਹ ਵੱਡੀ ਸ਼ਾਹੀ ਸੜਕ ਉੱਪਰ ਦੇ ਅਤੇ ਆਲੇ ਦੁਆਲੇ ਦੇ ਜਾਲੰਧਰ ਵਰਗੇ ਸ਼ਹਿਰਾਂ ਨੂੰ ਤੇ ਅੱਗੇ ਹੀ ਲੁਟ ਪੁਟ ਕੇ ਲੈ ਗਿਆ ਸੀ, ਇਸ ਲਈ ਹੁਣ ਸਰਹੰਦੋਂ ਸੱਜੇ ਹੱਥ ਪਹਾੜਾਂ ਦੇ ਹੇਠ ਹੇਠ ਕੰਢੀ ਦੇ ਅਲਾਕੇ ਵਿਚ ਦੀ ਸਿਆਲਕੋਟ ਵਲ ਨੂੰ ਹੋ ਪਿਆ। ਇਧਰੋਂ ਉਸ ਨੂੰ ਹੋਰ ਲੁੱਟ ਦੀ ਆਸ ਸੀ ਤੇ ਪੰਜਾਬ ਦੀ ਗਰਮੀ ਤੋਂ ਬਚਣ ਦਾ ਭੀ ਖਿਆਲ ਸੀ। ਪਰ ਇਹ ਵਿਚਾਰਾਂ ਉਸ ਨੂੰ ਮਹਿੰਗੀਆਂ ਪਈਆਂ। ਸਿੰਘਾਂ ਦੇ ਜਥੇ ਕਈ ਦੇਰ ਤੋਂ ਰਸਦ ਪੱਠੇ ਤੋਂ ਟੁੱਟੇ ਹੋਏ ਸਨ। ਪਹਾੜੀ ਅਲਾਕੇ ਨੇ ਸਿੰਘਾਂ ਲਈ ਨਾਦਰ ਸ਼ਾਹ ਦੀ ਫ਼ੌਜ ਪਾਸੋਂ ਮਾਲ ਖਜ਼ਾਨਾ ਖੋਹ ਖਿੰਜ ਕੇ ਇਕੱਲਵਾਂਝੇ ਹੋ ਜਾਣਾ ਤੇ ਛੇਤੀ ਹੀ ਨਾਦਰ ਸ਼ਾਹ ਦੀ ਸ਼ਿਸਤ ਤੋਂ ਓਹਲੇ ਨਿਕਲ ਜਾਣਾ ਬਹੁਤ ਸੁਖਾਲਾ ਕਰ ਦਿੱਤਾ। ਇਸ ਲਈ ਸੱਜੇ ਖੱਬੇ ਤੇ ਪਿੱਛਿਓਂ ਅਚਨਚੇਤ ਛਾਪੇ ਮਾਰ ਕੇ ਸਿੰਘਾਂ ਨੇ ਨਾਦਰ ਸ਼ਾਹ ਦਾ ਬਹੁਤ ਸਾਰਾ ਭਾਰ ਹੌਲਾ ਕਰ ਦਿੱਤਾ ਤੇ ਦਿੱਲੀ ਦੀ ਲੁੱਟ ਦਾ ਬਹੁਤ ਕੁਝ ਮਾਲ ਈਰਾਨ ਜਾਣੋਂ ਰੋਕ ਲਿਆ।*

*ਤਿਲੋਕ ਦਾਸ ਦੀ ਹਿੰਦੀ ਕਵਿਤਾ, ਜਰਨਲ ਔਫ ਦੀ ਏਸ਼ੀ-ਆਟਿਕ ਸੋਸਾਇਟੀ ਔਫ਼ ਬੈਂਗਾਲ, ੧੮੯੭; ਖ਼੍ਵਾਜਾ ਅਬਦੁਲ ਕਰੀਮ, ਮੈਮੋਇਰਜ਼—ਬਿਆਨਿ-ਵਾਕਈ, ੨; ਫ਼ਾਰਸਟਰ, ਜਰਨੀ ਫ਼ਰੋਮ ਬੈਂਗਾਲ ਟੂ ਇੰਗਲੈਂਡ, ਜਿਲਦ ੧, ਪੰਨਾ ੨੭੨; ਥਾਰਨਟਨ, ਹਿਸਟਰੀ ਔਫ਼ ਦੀ ਪੰਜਾਬ, ਜਿਲਦ ੧, ਪੰਨਾ ੧੮੪।

ਨਾਦਰ ਸ਼ਾਹ ੫ ਮਈ ੧੭੩੯ ਨੂੰ ਦਿੱਲੀਓਂ ਮੁੜ ਵਲੈਤ ਨੂੰ ਤੁਰਿਆ ਸੀ। ਸਰਹੰਦ ਪੁਜ ਕੇ ਇਹ ਚੜ੍ਹਦੇ ਹੱਥ ਪਹਾੜ ਦੀ ਕੰਢੀ ਵਲ ਨੂੰ ਹੋ ਪਿਆ। ਪਹਾੜ ਵਿਚ ਵੜਣ ਤਕ ਇਕ ਹਫ਼ਤੇ ਤੋਂ ਉੱਪਰ ਲੱਗ ਗਿਆ ਹੋਣਾ ਏ। ੨੫ ਮਈ ਨੂੰ ਜਮੂੰ ਦੀ ਰਿਆਸਤ ਵਿਚ ਅਖਨੂਰ ਪੁੱਜ ਗਿਆ। ਇਸ ਤੋਂ ਤਿੰਨ ਚਾਰ ਦਿਨ ਪਹਿਲਾਂ ਹੀ ਸਿੰਘਾਂ ਇਸ ਦਾ ਪਿੱਛਾ ਛਡ ਦਿੱਤਾ ਜਾਪਦਾ ਹੈ ਕਿਉਂਕਿ ਓਹ ਸ਼ਿਵਾਲਿਕ ਦੀਆਂ ਧਾਰਾਂ ਤੋਂ ਪਰੇ ਗਏ ਪ੍ਰਤੀਤ ਨਹੀਂ ਹੁੰਦੇ। ਇਸ ਲਈ ਸਿੰਘਾਂ ਦੇ ਨਾਦਰਸ਼ਾਹ ਉੱ-ਤੇ ਛਾਪਿਆਂ ਦੀ ਤਾਰੀਖ ਸੁਖਾਲੇ ਹੀ ਮਈ ੧੭੩੯ ਦਾ ਤੀਸਰਾ ਹਫ਼ਤਾ ਨਿਯਤ ਕੀਤੀ ਜਾ ਸਕਦੀ ਹੈ।



Digitized by Panjab Digital Library | www.panjabdigilib.org

## *ਨਾਦਰ ਸ਼ਾਹ ਦੀ ਸਿੰਘਾਂ ਸੰਬੰਧੀ ਪੇਸ਼ੀਨਗੋਈ*

[ ਅਖ਼ੀਰ ਮਈ ੧੭੩੯ ]

ਈਰਾਨੀਆਂ, ਅਫ਼ਗਾਨਾਂ ਤੇ ਮੁਗ਼ਲਾਂ ਨੂੰ ਲੁੱਟ ਮਾਰ ਲਿਆਵਨ ਵਾਲਾ ਨਾਦਰ ਸ਼ਾਹ ਜੰਗਲਾਂ ਵਿਚ ਫ਼ਾਕੇ ਕੱਟ ਕੇ ਗੁਜ਼ਾਰਾ ਕਰਨ ਵਾਲੇ ਸਿੰਘਾਂ ਦੇ ਹਥੋਂ ਘਬਰਾ ਉੱਠਿਆ, ਤੇ ਪਹਿਲਾ ਸਵਾਲ ਜੋ ਉਸ ਨੇ ਲਾਹੌਰ ਦੇ ਹਾਕਮ ਖ਼ਾਨ ਬਹਾਦੁਰ ਜ਼ਕਰੀਆ ਖ਼ਾਨ ਦੇ ਮੁੜ ਮਿਲਨ ਪਰ ਕੀਤਾ ਉਹ ਇਹ ਸੀ ਕਿ "ਇਹ ਸਿੱਖ ਕੌਣ ਤੇ ਕਿਸ ਤਰ੍ਹਾਂ ਦੇ ਲੋਕ ਹਨ ਜਿਨ੍ਹਾਂ ਨੇ ਮੇਰੀ ਦਿੱਲੀ ਦੀ ਲੁੱਟ ਨਾਲ ਲੱਦੀ ਹੋਈ ਫੌਜ ਦਾ ਪਿੱਛਾ ਲੁੱਟ ਮਾਰਿਆ ਹੈ ਤੇ ਜਿਨ੍ਹਾਂ ਤੋਂ ਡਰਦੀ ਮੇਰੀ ਫੌਜ ਦੀ ਰਾਹ ਵਿਚ ਕੂਚ ਵੇਲੇ ਤਰਤੀਬ ਟੁੱਟ ਟੁੱਟ ਜਾਂਦੀ ਹੈ ?" ਜ਼ਕਰੀਆ ਖ਼ਾਨ ਨੇ ਜਵਾਬ ਦਿੱਤਾ ਕਿ ਇਹ ਇੱਕ ਫ਼ਕੀਰਾਂ ਦਾ ਟੋਲਾ ਹੈ ਜੋ ਛੇ ਮਹੀਨੇ ਪਿੱਛੋਂ ਅੰਮ੍ਰਿਤਸਰ ਦੇ ਸਰੋਵਰ ਤੇ ਅਸ਼ਨਾਨ ਕਰਨ ਆਉਂਦੇ ਹਨ। ਨਾਦਰ ਸ਼ਾਹ ਨੇ ਫਿਰ ਪੁੱਛਿਆ ਕਿ ਇਨ੍ਹਾਂ ਦੇ ਘਰ ਘਾਟ ਕਿੱਥੇ ਹਨ ? ਜਿਸ ਦੇ ਉਤ੍ਰ ਵਿਚ ਜ਼ਕਰੀਆ ਖ਼ਾਨ ਨੇ ਕਿਹਾ ਕਿ ਇਨ੍ਹਾਂ ਦੇ ਘਰ ਇਨ੍ਹਾਂ ਦਿਆਂ ਘੋੜਿਆਂ ਦੀਆਂ ਕਾਠੀਆਂ ਉੱਤੇ ਹਨ। ਨਾਦਰ ਮੁਸਕਰਾ ਪਿਆ ਤੇ ਕਹਿਣ ਲੱਗਾ, ਤਾਂ ਫਿਰ "ਇਨ੍ਹਾਂ ਤੋਂ ਡਰਨਾ ਚਾਹੀਦਾ ਹੈ। ਓਹ ਸਮਾਂ ਲਾਗੇ ਹੀ ਹੈ ਜਦ ਕਿ ਇਹ ਸਿਰ ਕੱਢਣਗੇ ਤੇ ਇਸ ਮੁਲਕ ਦੇ ਵਾਲੀ ਬਣ ਜਾਣਗੇ।"*

---

*ਅਹਿਮਦ ਸ਼ਾਹ ਬਟਾਲੀਆ, ਜ਼ਿਕਰਿ ਗੁਰੂਆਂ ਵਾ ਇਬਤਿਦਾਇ ਸਿੰਘਾਂ ਵਾ ਮਜ਼ਹਬਿ ਏਸ਼ਾਂ, ੧੩; ਲਤੀਫ਼, ਹਿਸਟਰੀ ਔਫ਼ ਦੀ ਪੰਜਾਬ, ੨੧੨; ਮੈਲਕਮ, ਸਕੈਚ ਔਫ਼ ਦੀ ਸਿਖਸ, ੮੬; ਮੈਗ੍ਰੇਗਰ, ਹਿਸਟਰੀ ਔਫ਼ ਦੀ ਸਿਖਸ, ੧੧੫। ਜ਼ਿਆਦਾ ਵਿਸਥਾਰ ਲਈ ਦੇਖੋ ਭੰਗੂ ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੭੮-੨੮੧।



Digitized by Panjab Digital Library | www.panjabdigilib.org

## *ਸਿੰਘਾਂ ਦੀ ਕਤਲਾਮ*

[ਸੰਨ ੧੭੩੮-੪੬ ਈ:]

ਭਾਵੇਂ ਜ਼ਕਰੀਆ ਖ਼ਾਨ ਨੇ ਸਿੰਘਾਂ ਨਾਲ ਅੱਗੇ ਭੀ ਕੋਈ ਖ਼ੈਰ ਨਹੀਂ ਸੀ ਗੁਜ਼ਾਰੀ ਤੇ ਭਾਈ ਮਨੀ ਸਿੰਘ, ਹਕੀਕਤ ਰਾਇ, ਅਤੇ ਬੇਸ਼ੁਮਾਰ ਸਿੰਘਾਂ ਦੀਆਂ ਸ਼ਹੀਦੀਆਂ ਤੇ ਸਖ਼ਤੀਆਂ ਇਸੇ ਦੇ ਜ਼ਮਾਨੇ ਵਿਚ ਹੋਈਆਂ ਸਨ, ਪਰ ਹੁਣ ਨਾਦਰ ਸ਼ਾਹ ਦੇ ਕਹਿਣ ਤੋਂ ਉਸ ਨੂੰ ਬਹੁਤ ਨਮੋਸ਼ੀ ਆਈ ਤੇ ਚਿੜ ਚੜ੍ਹ ਗਈ। ਸੋ ਉਸ ਨੇ ਇੱਕ ਵੱਢੋਂ ਹੀ ਖ਼ਾਲਸੇ ਦੀ ਕਤਲਾਮ ਅਰੰਭ ਦਿੱਤੀ। ਇਹ ਕਤਲ ਸੰਮਤ ੧੭੯੬ ਤੋਂ ੧੮੦੨ ਬਿਕਰਮੀ ਅਰਥਾਤ ਸੰਨ ੧੭੩੯ ਤੋਂ ੧੭੪੬ ਈਸਵੀ (ਯਾਹੀਯਾ ਖ਼ਾਨ ਦੇ ਜ਼ਮਾਨੇ) ਤਕ ਰਹੀ।

ਖ਼ਾਨ ਬਹਾਦੁਰ ਨੇ ਸਾਰੇ ਅਲਾਕੇ ਦੇ ਫ਼ੌਜਦਾਰਾਂ ਤੇ ਚੌਧਰੀਆਂ ਦੇ ਨਾਮ ਪਰਵਾਨੇ ਜਾਰੀ ਕਰ ਦਿੱਤੇ ਤੇ ਸਿਰਕੱਢਾਂ ਨੂੰ ਬੁਲਾ ਕੇ ਤਾਕੀਦ ਕੀਤੀ ਕਿ ਕਿਧਰੇ ਕਿਸੇ ਪਿੰਡ ਵਿਚ ਕੋਈ ਸਿੰਘ ਨਾ ਰਹਿਣਾ ਪਾਵੇ। ਸਾਰੀ ਮੱਲ ਗੁਜ਼ਾਰ ਵਿਚ ਡੌਂਡੀ ਪਿਟਵਾ ਦਿੱਤੀ ਕਿ ਜੋ ਸਿੰਘਾਂ ਨੂੰ ਮਾਰੇਗਾ ਯਾ ਉਨ੍ਹਾਂ ਦਾ ਪਤਾ ਦੱਸੇਗਾ ਉਸ ਨੂੰ ਸਰਕਾਰੋਂ ਇਨਾਮ ਦਿੱਤਾ ਜਾਊ। ਸ੍ਰੀ ਅੰਮ੍ਰਿਤਸਰ ਚੌਕੀਆਂ ਬਠਾ ਦਿੱਤੀਆਂ ਕਿ ਕੋਈ ਸਿੰਘ ਸ੍ਰੋਵਰ ਵਿਚ ਅਸ਼ਨਾਨ ਨਾ ਕਰ ਸਕੇ। ਸਿੰਘਾਂ ਨੂੰ ਪਿੰਡੋ ਪਿੰਡ ਢੂੰਡਨ ਤੇ ਮਾਰਨ ਲਈ ਗਸ਼ਤੀ ਫ਼ੌਜ ਫਿਰਨ ਲਗ ਪਈ। ਹੁਣ ਸਿੰਘਾਂ ਦੇ ਭਾ ਦੀ ਬੜੀ ਔਖੀ ਬਣੀ। ਪਿੰਡਾਂ ਵਿਚ ਲੁਕ ਛਿਪ ਕੇ ਗੁਜ਼ਾਰਾ ਕਰਨਾ ਭੀ ਔਖਾ ਹੋ ਗਿਆ। ਕਈਆਂ ਨੇ ਕੁੰਭਲ ਬਣਾ ਲਏ, ਕਈਆਂ ਨੇ ਤੰਗ ਆ ਕੇ ਘਰ ਬਾਰ ਛੱਡ ਦਿੱਤੇ। ਕਈ ਤਾਂ ਪੰਜਾਬ ਹੀ ਛੱਡ ਗਏ ਤੇ ਦਿੱਲੀ, ਆਗਰੇ ਤੇ ਬੀਕਾਨੇਰ ਜਾ ਕੇ ਲੁਕ ਛਿਪ ਕੇ ਯਾ ਨੌਕਰੀ ਕਰ ਕੇ ਗੁਜ਼ਾਰਾ ਕਰਨ



Digitized by Panjab Digital Library | www.panjabdigilib.org

ਲਗ ਪਏ । ਬਹੁਤ ਸਾਰੇ ਰਾਵੀ ਆਦਿ ਦਰਿਆਵਾਂ ਦਿਆਂ ਝੱਲਾਂ-ਬੇਲਿਆਂ, ਜੰਗਲਾਂ ਤੇ ਝਾੜੀਆਂ ਅਤੇ ਪਹਾੜੀ ਖੱਡਾਂ ਵਿਚ ਜਾ ਵੜੇ । ਜੰਗਲਾਂ ਤੇ ਬੇਲਿਆਂ ਵਿਚ ਖਾਣ ਨੂੰ ਲਭਣਾ ਹੀ ਕੀ ਹੋਇਆ ? ਕਈ ਵਾਰੀ ਕਈ ਕਈ ਦਿਨ ਕੜਾਕੇ ਹੀ ਰਹਿੰਦੇ ਯਾ ਦਰਖ਼ਤਾਂ ਦੇ ਫਲ ਫੁੱਲ ਤੇ ਪੱਤੇ ਭਰੂ ਭਰੂ ਕੇ ਬਿਨਾਂ ਲੂਣ ਮਿਰਚਾਂ ਹੀ ਖਾਂਦੇ ਤੇ ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਮੰਨ ਕੇ ਉਸ ਨੂੰ ਹੀ 'ਸ੍ਵਾਦੀ' ਕਹਿੰਦੇ ।

ਸਿੰਘਾਂ ਦੇ ਟੋਲਿਆਂ ਦੇ ਟੋਲੇ ਗਸ਼ਤੀ ਫ਼ੌਜਾਂ ਤੇ ਚੌਧਰੀਆਂ ਦੇ ਫੜੇ ਹੋਏ ਲਾਹੌਰ ਪਹੁੰਚਾਏ ਜਾਣ ਲਗ ਪਏ, ਜਿੱਥੇ ਕਿ ਓਹ ਦਿੱਲੀ ਦਰਵਾਜ਼ੇ ਦੇ ਬਾਹਰ ਬਾਜ਼ਾਰ ਨਖ਼ਾਸ ਵਿਚ ਸ਼ਹੀਦਗੰਜ ਦੇ ਅਸਥਾਨ ਤੇ ਕਤਲਾਏ ਜਾਂਦੇ । ਹਰਭਗਤ ਨਿਰੰਜਣੀਏ ਨੇ ਇਸ ਵੇਲੇ ਚੋਖੀ ਸਰਕਾਰੀ ਖਿਦਮਤ ਕੀਤੀ । ਦੋ ਵਾਰੀ ਗਸ਼ਤੀ ਫ਼ੌਜ ਮੰਗਵਾ ਕੇ ਅਲਾਕੇ ਵਿਚ ਝਾੜੂ ਫਿਰਾਇਆ ਤੇ ਮੀਰਾਂਕੋਟ ਲੁਟਾਇਆ । ਕਰਮੇ ਛੀਨੇ, ਧਰਮ ਦਾਸ ਜੋਧਾਨਗਰੀਏ, ਸਾਹਿਬ ਰਾਏ ਪੰਨੂੰ ਨੁਸ਼ਹਿਰੀਏ ਤੇ ਰਾਮੇ ਰੰਧਾਵੇ ਨੇ ਸਿੰਘਾਂ ਨੂੰ ਫੜਨ ਫੜਾਉਣ ਤੇ ਮਰਵਾਉਣ ਵਿਚ ਵੱਧ ਚੜ੍ਹ ਕੇ ਕਾਰ-ਗੁਜ਼ਾਰੀ ਵਿਖਾਈ । ਮੰਡਿਆਲੀ ਦੇ ਮੱਸਾ ਰੰਘੜ ਨੇ ਆਪਣਾ ਸਾਰਾ ਅਲਾਕਾ ਛਾਣ ਮਾਰਿਆ ਤੇ ਦਰਬਾਰ ਸਾਹਿਬ ਦੇ ਅਸ਼ਨਾਨ ਕਰਨ ਆਏ ਸਿੰਘਾਂ ਨੂੰ ਮਾਰਨ ਲਈ ਇੱਥੇ ਆ ਡੇਰਾ ਲਾਇਆ । ਅਕਾਲ ਤਖ਼ਤ ਦੇ ਉੱਤੇ ਸ਼ਰਾਬ ਦੇ ਦੌਰ ਚਲਦੇ, ਹੁੱਕਾ ਪੀ ਹੁੰਦਾ ਤੇ ਸਾਮ੍ਹਣੇ ਕੰਜਰੀਆਂ ਦਾ ਮੁਜਰਾ ਹੁੰਦਾ ।

ਭਾਵੇਂ ਸਿੰਘਾਂ ਉੱਤੇ ਇੰਜ ਮੁਸੀਬਤਾਂ ਦਾ ਝੱਖੜ ਝੁਲ ਰਿਹਾ ਸੀ ਪਰ ਕੀ ਮਜਾਲ ਸਿੰਘ ਹਿੰਮਤ ਹਾਰਨ । ਖ਼ਾਲਸੇ ਦੀ ਮਾਨਸਕ ਅਵਸਥਾ ਚੜ੍ਹਦੀਆਂ ਕਲਾਂ ਵਿਚ ਸੀ ਤੇ ਕਹਿੰਦੇ ਸਨ ਕਿ ਸਿੱਖੀ ਕੇਸਾਂ ਸ੍ਵਾਸਾਂ ਨਾਲ ਨਿਭੇਗੀ । ਇਤਨੀਆਂ ਕਰੜਾਈਆਂ ਹੁੰਦੇ ਭੀ ਕਈ



Digitized by Panjab Digital Library | www.panjabdigilib.org

ਸਿੰਘ ਭਾਈ ਸੁੱਖਾ ਸਿੰਘ ਮਾੜੀ-ਕੰਬੋ ਵਾਲਿਆਂ ਵਾਂਙੂ ਸ਼ੂਟ ਵੱਟੀ ਹਰਿਮੰਦਰ ਸਾਹਿਬ ਪੁਜਦੇ ਤੇ ਅਸ਼ਨਾਨ ਕਰ ਕੇ ਪਹਿਰੇਦਾਰਾਂ ਦੀਆਂ ਅੱਖਾਂ ਦੇ ਸਾਮ੍ਹਣੇ ਹੀ ਹਰਨ ਹੋ ਜਾਂਦੇ। ਕਈ ਓਥੇ ਹੀ ਸ਼ਹੀਦ ਹੋ ਜਾਂਦੇ ਤੇ ਕਈ ਫੜੇ ਜਾਂਦੇ। ਪਰ ਉਨ੍ਹਾਂ ਵਿਚੋਂ ਕੋਈ ਕੁਰਬਾਨੀ ਤੋਂ ਨਾ ਡਰਦਾ ਤੇ ਸਾਰੇ ਮੂੰਹੋਂ ਮੰਗ ਕੇ ਸ਼ਹੀਦੀਆਂ ਪ੍ਰਾਪਤ ਕਰਦੇ। ਸਾਰੇ ਇਤਿਹਾਸ ਵਿਚ ਕੋਈ ਇੱਕ ਭੀ ਐਸੀ ਮਿਸਾਲ ਨਹੀਂ ਮਿਲਦੀ ਕਿ ਕਿਸੇ ਫੜੇ ਗਏ ਸਿੰਘ ਨੇ ਆਪਣੀ ਜਾਨ ਬਚਾਉਣ ਲਈ ਆਪਣਾ ਧਰਮ ਤਿਆਗਿਆ ਹੋਵੇ।*

---

*ਗਣੇਸ਼ ਦਾਸ, ਰਿਸਾਲਾ ਸਾਹਿਬਨੁਮਾ, ੧੯੮-੯੯; ਖ਼ੁਸ਼ਵਕਤ ਰਾਏ, ਤਾਰੀਖ਼ਿ ਸਿੱਖਾਂ, ੫੫-੬; ਬਖ਼ਤਮੱਲ, ਖ਼ਾਲਸਾ ਨਾਮਾ, ੨੮; ਬੁਧ ਸਿੰਘ, ਰਿਸਾਲਾ-ਇ-ਨਾਨਕ ਸ਼ਾਹ, ੧੨-੭; ਲਤੀਫ਼, ਪੰਜਾਬ, ੨੧੩; ਭੰਗੂ ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼।



Digitized by Panjab Digital Library | www.panjabdigilib.org

# ਯਾਹੀਆ ਖ਼ਾਨ ਦਾ ਜ਼ਮਾਨਾ

## *ਦੀਵਾਨ ਜਸਪਤ ਰਾਏ ਐਮਨਾਬਾਦੀਏ ਦਾ ਸਿੰਘਾਂ ਹੱਥੋਂ ਮਾਰਿਆ ਜਾਣਾ*

[ ਜਨਵਰੀ - ਫ਼ਰਵਰੀ ੧੭੪੬ ਈ: ]

੧ ਜੁਲਾਈ ੧੭੪੫ ਨੂੰ ਜ਼ਕਰੀਆ ਖ਼ਾਨ ਮਰ ਗਿਆ ਤਾਂ ਕੁਛ ਦਿਨਾਂ ਲਈ ਮੀਰ ਮੋਮਨ ਖ਼ਾਨ ਕਸੂਰੀਏ ਨੇ ਨਾਇਬ ਦੀ ਹੈਸੀਅਤ ਵਿੱਚ ਹੀ ਕੰਮ ਚਲਾਇਆ ਤੇ ਫੇਰ ਛੇਤੀ ਹੀ ਪਿੱਛੋਂ ਬਾਦਸ਼ਾਹ ਮੁਹੰਮਦ ਸ਼ਾਹ ਦੇ ਵਜ਼ੀਰ ਕਮਰੁੱਦੀਨ ਦੇ ਵਸੀਲੇ ਨਾਲ ਜ਼ਕਰੀਆ ਖ਼ਾਨ ਦਾ ਵੱਡਾ ਪੁਤ੍ਰ ਯਾਹੀਆ ਖ਼ਾਨ ਲਾਹੌਰ ਦਾ ਹਾਕਮ ਬਣਾਇਆ ਗਿਆ। ਜਿਵੇਂ ਉੱਪਰ ਦੱਸਿਆ ਜਾ ਚੁੱਕਾ ਹੈ ਯਾਹੀਆ ਖ਼ਾਨ ਨੇ ਸਿੱਖਾਂ ਸੰਬੰਧੀ ਆਪਣੇ ਪਿਤਾ ਦੀ ਸਖ਼ਤੀ ਦੀ ਪਾਲਿਸੀ ਨੂੰ ਹੀ ਜਾਰੀ ਰੱਖਿਆ ਤੇ ਸਿੰਘਾਂ ਦੀ ਕਤਲਾਮ ਹੁੰਦੀ ਰਹੀ।

ਇਸ ਵੇਲੇ ਦੀਵਾਨ ਲਖਪਤ ਰਾਏ ਤੇ ਜਸਪਤ ਰਾਏ ਐਮਨਾਬਾਦੀਏ* ਭਰਾਵਾਂ ਦਾ ਬੜਾ ਜ਼ੋਰ ਸੀ। ਲਖਪਤ ਰਾਏ ਸੂਬਾ ਲਾਹੌਰ ਦਾ ਦੀਵਾਨ ਸੀ ਤੇ ਜਸਪਤ ਰਾਏ ਐਮਨਾਬਾਦ ਦਾ ਫ਼ੌਜਦਾਰ। ਜਨਵਰੀ–ਫ਼ਰਵਰੀ ਸੰਨ ੧੭੪੬ (ਮਾਘ–ਫੱਗਣ ੧੮੦੨ ਬਿਕ੍ਰਮੀ) ਦੀ ਗੱਲ ਹੈ ਕਿ ਸਿੰਘਾਂ ਦਾ ਇਕ ਜਥਾ, ਜਿਸ ਦੇ ਜਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੇ ਸ: ਸੁੱਖਾ ਸਿੰਘ

*ਲਖਪਤ ਰਾਏ ਅਤੇ ਜਸਪਤ ਰਾਏ ਕਲਾਨੌਰ ਜ਼ਿਲਾ ਗੁਰਦਾਸਪੁਰ ਦੇ ਰਹਿਣ ਵਾਲੇ ਸਨ ਤੇ ਜ਼ਾਤ ਦੇ ਖੱਤ੍ਰੀ ਸਨ। [ਪ੍ਰਾਚੀਨ ਪੰਥ ਪ੍ਰਕਾਸ਼, ੩੭੬.] ਜਸਪਤ ਰਾਏ ਐਮਨਾਬਾਦ ਵਿਚ ਆਮਲ ਸੀ ਇਸ ਲਈ ਇਹ ਇਤਿਹਾਸ ਵਿਚ ਐਮਨਾਬਾਦੀਆ ਕਰਕੇ ਪ੍ਰਸਿੱਧ ਹੈ।



Digitized by Panjab Digital Library | www.panjabdigilib.org

ਮਾੜੀ-ਕੰਬੋ ਵਾਲੇ ਸਨ, ਜੰਗਲ ਵਲੋਂ ਧਕੀਂਦਾ ਹੋਇਆ ਝੱਲੋ ਝੱਲ ਪਹਾੜ ਵੱਲ ਨੂੰ ਚੜ੍ਹਿਆ ਜਾ ਰਿਹਾ ਸੀ ਕਿ ਦੀਵਾਨ ਜਸਪਤ ਰਾਏ ਇਸ ਦੇ ਮਗਰ ਪੈ ਗਿਆ ਤੇ ਇਸ ਨੂੰ ਐਮਨਾਬਾਦ ਵਲ ਨੂੰ ਧੱਕ ਦਿੱਤਾ। ਇਸ ਵੇਲੇ ਅਲਾਕੇ ਦੇ ਚੌਧਰੀ ਭੀ ਆਪਣੀਆਂ ਆਪਣੀਆਂ ਛੇੜਾਂ ਸਮੇਤ ਜਸਪਤ ਰਾਏ ਦੇ ਨਾਲ ਆ ਰਲੇ ਤੇ ਸਿੰਘਾਂ ਦੇ ਮਗਰ ਲਗ ਗਏ। ਇਨ੍ਹਾਂ ਚੌਧਰੀਆਂ ਵਿੱਚੋਂ ਸ਼ੇਰਾ ਚੱਠਾ ਸਭ ਤੋਂ ਮੋਹਰੇ ਸੀ।

ਸਿੰਘ ਐਮਨਾਬਾਦ ਗੁਰਦ੍ਵਾਰਾ ਰੋੜੀ ਸਾਹਿਬ ਦੇ ਚੰਗੀ ਤਰਾਂ ਦਰਸ਼ਨ ਭੀ ਨਾ ਕਰ ਸਕੇ ਸਨ ਕਿ ਜਸਪਤ ਰਾਏ ਦੇ ਸਾਥੀ ਚੌਧਰੀਆਂ ਦੀਆਂ ਛੇੜਾਂ ਤੇ ਮੁਲਖੱਈਆ ਉਨ੍ਹਾਂ ਉੱਤੇ ਆ ਪਿਆ।ਇੱਥੋਂ ਧਕੀਂਦਾ ਧਕਾਈਦਾ ਜਥਾ ਅੱਗੇ ਨੂੰ ਹੋ ਤੁਰਿਆ ਤੇ ਬੱਦੋਕੀ ਪੁੱਜਾ। ਇੱਥੇ ਗੁਸਾਈਆਂ ਦੀ ਝਿੜੀ ਵਿਚ ਸਿਰ ਲੁਕਾ ਕੇ ਕੁਝ ਲੰਗਰ ਦਾ ਆਹਰ ਕਰਨ ਹੀ ਲੱਗੇ ਸਨ ਕਿ ਜਸਪਤ ਰਾਏ ਨੇ ਆ ਘੇਰਾ ਘੱਤਿਆ। ਅਲੀ-ਉ-ਦੀਨ ਆਪਣੇ 'ਇਬਰਤ ਨਾਮੇ' ਵਿਚ ਲਿਖਦਾ ਹੈ ਕਿ ਜਸਪਤ ਰਾਏ ਮੁਆਮਲੇ ਦੀ ਉਗ੍ਰਾਹੀ ਲਈ ਗੱਖੜੀਂ ਉਤਰਿਆ ਹੋਇਆ ਸੀ ਕਿ ਗੋਂਦਲਾਂਵਾਲੇ ਦੇ ਲੋਕਾਂ ਨੇ ਉਸ ਨੂੰ ਸੂਹ ਦਿੱਤੀ ਕਿ ਦੋ ਕੁ ਹਜ਼ਾਰਾ ਸਿੰਘਾਂ ਦਾ ਜਥਾ ਭੇਡਾਂ ਦਾ ਇਕ ਇੱਜੜ ਖੋਹ ਕੇ ਲੈ ਗਿਆ ਹੈ ਤੇ ਹੁਣ ਮਹਾ-ਪ੍ਰਸ਼ਾਦ ਬਣਾਕੇ ਛਕ ਰਹੇ ਹਨ*। ਜਸਪਤ ਰਾਏ ਨੇ ਇਹ ਸੁਣ ਕੇ ਸਿੰਘਾਂ ਨੂੰ ਸੁਨੇਹਾ

---

*ਇਬਰਤ ਨਾਮੇ ਵਿਚ ਲਿਖਿਆ ਹੈ ਕਿ ਸਿੰਘ ਇਸ ਵੇਲੇ ਐਮਨਾਬਾਦ ਰੋੜੀ ਸਾਹਿਬ ਗੁਰਦ੍ਵਾਰੇ ਲੰਗਰ ਛਕ ਰਹੇ ਸਨ ਤੇ ਉਥੇ ਹੀ ਜੰਗ ਹੋਇਆ ਤੇ ਜਸਪਤ ਰਾਏ ਮਾਰਿਆ ਗਿਆ। ਪਰ ਜਸਪਤ ਰਾਏ ਬੱਦੋਕੀ ਗੋਸਾਈਆਂ ਦੀ ਝਿੜੀ ਪਾਸ ਮਾਰਿਆ ਗਿਆ ਸੀ ਜਿੱਥੇ ਕਿ ਲਖਪਤ ਰਾਏ ਵਲੋਂ ਬਣਾਈ ਹੋਈ ਉਸ ਦੀ ਸਮਾਧ ਤੇ ਉਸ ਦੇ ਨਾਲ ਇਕ ਖੂਹ ਹੁਣ ਤਕ ਮੌਜੂਦ ਹਨ।



Digitized by Panjab Digital Library | www.panjabdigilib.org

ਭੇਜਿਆ ਕਿ ਡੇਰਾਂ ਮੋੜ ਦਿਓ ਤੇ ਇੱਥੋਂ ਕੂਚ ਕਰ ਜਾਓ। ਸਿੰਘਾਂ ਉਤ੍ਰ ਦਿੱਤਾ ਕਿ ਅਸੀਂ ਦੋ ਤਿੰਨਾਂ ਦਿਨਾਂ ਦੇ ਭੁੱਖੇ ਹਾਂ ਇਸ ਲਈ ਇਸ ਹਾਲਤ ਵਿਚ ਕੂਚ ਕਰ ਸਕਣਾ ਮੁਸ਼ਕਲ ਹੈ। ਦੂਸਰੇ, ਰਾਤ ਦੀ ਰਾਤ ਬਾਕੀ ਹੈ, ਭਲਕੇ ਅਸੀਂ ਆਪੇ ਹੀ ਅੱਗੇ ਨੂੰ ਤੁਰ ਜਾਵਾਂਗੇ। ਜਸਪਤ ਰਾਏ ਨੇ ਮੁੜ ਅਖਵਾ ਭੇਜਿਆ ਕਿ ਮੈਂ ਇੱਕ ਛਿਨ ਭਰ ਭੀ ਤੁਹਾਨੂੰ ਇੱਥੇ ਟਿਕਣ ਦੇਣਾ ਨਹੀਂ ਚਾਹੁੰਦਾ, ਇਸ ਲਈ ਹੁਣੇ ਹੀ ਇੱਥੋਂ ਕੂਚ ਕਰੋ। ਭੰਗੂ ਰਤਨ ਸਿੰਘ ਸ਼ਹੀਦ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦਾ ਹੈ ਕਿ ਸਿੰਘਾਂ ਨੇ ਪਹਿਲਾਂ ਇਹ ਉਤ੍ਰ ਦਿੱਤਾ ਸੀ ਕਿ ਸਾਡਾ ਤੇਰੇ ਨਾਲ ਕੋਈ ਵੈਰ ਨਹੀਂ, ਤੂੰ ਹਿੰਦੂ ਹੈਂ। ਸਾਡਾ ਵੈਰ ਤਾਂ ਤੁਰਕਾਂ ਨਾਲ ਹੈ। ਸਿੰਘ ਬਹੁਤ ਦਿਨਾਂ ਦੇ ਭੁੱਖੇ ਹਨ ਤੇ ਤੇਰੇ ਸ਼ਹਿਰੋਂ ਰਸਦ ਖਰੀਦਣਾ ਚਾਹੁੰਦੇ ਹਨ। ਅੰਨ ਦਾਣੇ ਦਾ ਸਾਮਾਨ ਕਰਕੇ ਦੂਸਰੇ ਅਲਾਕੇ ਵਿਚ ਜਾ ਵੜਨਗੇ। ਇਸ ਦੇ ਉਤ੍ਰ ਵਿਚ ਜਸਪਤ ਰਾਏ ਨੇ ਕਿਹਾ ਕਿ ਤੁਸੀ ਤਾਂ ਓਹ ਗੱਲ ਕੀਤੀ ਹੈ ਕਿ ਖਸਮ ਤਾਂ ਨੱਕ ਵੱਢਣ ਨੂੰ ਫਿਰੇ ਤੇ ਤੀਵੀਂ ਨੱਥ ਘੜਵਾਉਣੀ ਲੋੜੇ। ਮੈਂ ਤਾਂ ਤੁਹਾਡਾ ਖੁਰਾ ਖੋਜ ਮਿਟਾ ਦੇਣਾ ਚਾਹੁੰਦਾ ਹਾਂ ਤੇ ਤੁਸੀਂ ਮੇਰੇ ਹੀ ਅਲਾਕੇ ਵਿੱਚੋਂ ਰਸਦ ਭਾਲਦੇ ਹੋ। ਤੁਹਾਨੂੰ ਤਾਂ ਜਮ ਧੂ ਕੇ ਮੇਰੇ ਅਲਾਕੇ ਵਿਚ ਲੈ ਆਏ ਹਨ। ਮੈਂ ਹੁਣੇ ਤੁਹਾਡਾ ਬੰਦੋਬਸਤ ਕਰਦਾ ਹਾਂ, 'ਸੀਸ ਮੁਨਾਇ ਤੁਮੈ ਜਾਟ ਬਨਾਵੌਂ, ਤੁਮਰੇ ਬਾਲਨ ਮਾਲ੍ਯਾ ਬਣਾਵੌਂ'। ਕਹਿੰਦੇ ਹਨ ਕਿ ਸਿੰਘਾਂ ਨੇ ਟਿੰਡਾਂ ਵਿਚ ਘਾਸ ਫੂਸ ਪਾਕੇ ਉੱਬਲਣਾ ਧਰਿਆ ਹੀ ਸੀ ਕਿ ਜਸਪਤ ਰਾਏ ਆ ਪਿਆ। ਹੁਣ ਸਿੰਘਾਂ ਲਈ ਕਿਸੇ ਪਾਸੇ ਨਿੱਕਲ ਜਾਣ ਦੀ ਕੋਈ ਆਸ ਨਹੀਂ ਸੀ। ਇਸ ਲਈ ਉਨ੍ਹਾਂ ਨੇ ਭੁੱਖੇ ਭਾਣੇ ਇਸ ਤਰਾਂ ਫਸ ਕੇ ਮਰਨ ਨਾਲੋਂ ਲੜ ਕੇ ਮਰਨਾ ਚੰਗਾ ਜਾਣਿਆ ਤੇ ਹੱਲਾ ਕਰਕੇ ਜਸਪਤ ਰਾਏ ਉੱਤੇ ਟੁਟ ਪਏ। ਮਾਂਗਵੀਆਂ ਧਾੜਾਂ ਨੇ ਸਿਰ-ਲੱਥ ਸੂਰਿਆਂ ਦਾ ਕੀ ਟਾਕਰਾ



Digitized by Panjab Digital Library | www.panjabdigilib.org

ਕਰਨਾ ਸੀ ? ਪਹਿਲੇ ਹੱਲੇ ਹੀ ਅੱਗੋ ਭੱਜ ਨਿੱਕਲੇ। ਦੀਵਾਨੀਆਂ ਤੇ ਮੁਲਖੱਈਏ ਨੂੰ ਭਾਜੜ ਪੈ ਗਈ ਦੇਖ ਕੇ ਨਿਬਾਹੂ ਸਿੰਘ ਨਾਮੀਂ ਇੱਕ ਰੰਘਰੇਟਾ ਹੱਲਾ ਕਰਕੇ ਪੂਛਲ ਰਾਹੀਂ ਦੀਵਾਨ ਜਸਪਤ ਰਾਇ ਦੇ ਹਾਥੀ ਤੇ ਚੜ੍ਹ ਗਿਆ ਤੇ ਤੇਗੇ ਦੇ ਇਕ ਹੀ ਵਾਰ ਨਾਲ ਉਸ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ ਅਤੇ ਦੀਵਾਨ ਦੇ ਜ਼ੇਵਰ ਤੇ ਮਾਲ-ਮਤਾਹ ਤੱਲੇ ਸੁੱਟ ਕੇ ਸਿਰ ਲੈ ਕੇ ਭੱਜ ਨਿਕਲਿਆ, ਜੋ ਸਿੰਘਾਂ ਨੇ ਬੱਦੋਕੀ ਗੁਸਾਈਆਂ ਦੇ ਬਾਵਾ ਕਿਰਪਾ ਰਾਮ ਦੇ ਮੰਗਣ ਪਰ ਉਸ ਨੂੰ ਦੇ ਦਿੱਤਾ ਜਿਸ ਦੇ ਬਦਲੇ ਬਾਵੇ ਨੇ ਪੰਜ ਸੌ ਰੁਪਇਆ ਸਿੰਘਾਂ ਦੀ ਭੇਟਾ ਕੀਤਾ* ।

## *ਲਾਹੌਰ ਵਿਚ ਨੌਕਰ ਚਾਕਰ ਸਿੰਘਾਂ ਦੀ ਕਤਲਾਮ*

[ ੧੦ ਮਾਰਚ ੧੭੪੬ ]

ਆਪਣੇ ਭਰਾ ਜਸਪਤ ਰਾਇ ਦੀ ਮੌਤ ਦੀ ਖ਼ਬਰ ਸੁਣ ਕੇ ਦੀਵਾਨ ਲਖਪਤ ਰਾਇ ਗੁੱਸੇ ਨਾਲ ਬਾਉਲਾ ਹੋ ਗਿਆ। ਉਸ ਨੇ ਆਪਣੀ ਪੱਗ ਯਾਹੀਆ ਖ਼ਾਨ ਦੇ ਪੈਰਾਂ ਤੇ ਜਾ ਸੁੱਟੀ ਤੇ ਸੌਂਹ ਖਾ ਲਈ ਕਿ ਹੁਣ ਮੈਂ ਸਿੰਘਾਂ ਦਾ ਖੁਰਾ ਖੋਜ ਮਿਟਾ ਕੇ ਹੀ ਮੁੜ ਪਗੜੀ ਬੰਨ੍ਹਾਂਗਾ। ਯਾਹੀਆ ਖ਼ਾਨ ਨੂੰ ਹੋਰ ਕੀ ਚਾਹੀਦਾ ਸੀ ? ਉਸ ਨੇ ਇੱਕ ਆਮ ਏਲਾਨ ਸਿੱਖਾਂ ਦੀ ਕਤਲਾਮ ਦਾ ਕਰ ਦਿੱਤਾ ਤੇ ਉਨ੍ਹਾਂ ਦੇ ਸਿਰਾਂ ਲਈ ਇਨਾਮ ਰੱਖ ਦਿਤੇ, ਅਤੇ ਅਲੀ-ਉ-ਦੀਨ ਦੇ 'ਇਬਰਤਨਾਮਾ' ਅਨੁਸਾਰ ਹੁਕਮ ਦੇ ਦਿੱਤਾ ਕਿ ਜੇਹੜਾ ਭੀ ਕੋਈ ਗੁਰੂ ਗੋਬਿੰਦ ਸਿੰਘ ਦਾ ਨਾਮ ਲੈਂਦਾ ਸੁਣਿਆ ਜਾਵੇ ਉਸ ਦਾ ਪੇਟ ਚਾਕ ਕਰ ਦਿੱਤਾ ਜਾਏ ।

---

*ਅਲੀ-ਉ-ਦੀਨ--ਇਬਰਤਨਾਮਾ,੨੩੦; ਖ਼ੁਸ਼ਵਕਤ ਰਾਇ, ਤਾਰੀਖ਼ਿ-ਸਿੱਖਾਂ ਪ੯; ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ੩੭੫।



Digitized by Panjab Digital Library | www.panjabdigilib.org

ਲਖਪਤ ਰਾਏ ਯਾਹੀਆ ਖ਼ਾਨ ਦੀ ਫ਼ੌਜ ਲੈ ਕੇ ਜਥੇ ਦੇ ਮਗਰ ਗਿਆ, ਪਰ ਸਿੰਘ ਕਦਾਈਂ ਦੇ ਪਹਾੜਾਂ ਤੇ ਝੱਲਾਂ ਵਲ ਨੂੰ ਹਰਨ ਹੋ ਚੁਕੇ ਹੋਏ ਸਨ । ਇਸ ਲਈ ਲਖਪਤ ਰਾਏ ਲਾਹੌਰ ਨੂੰ ਮੁੜ ਆਇਆ ਤੇ ਮੁੱਢੋਂ ਲਾਹੌਰ ਤੋਂ ਟੱਕ ਧਰ ਦਿੱਤਾ। ਅੱਜ ਤੱਕ ਜਿਤਨੀਆਂ ਕਤਲਾਮਾਂ ਹੋਈਆਂ ਸਨ, ਉਨ੍ਹਾਂ ਵਿੱਚ ਸਿੰਘ ਹੀ ਮਾਰੇ ਜਾਂਦੇ ਰਹੇ ਸਨ,ਪਰ ਲਖਪਤ ਰਾਏ ਸਹਿਜਧਾਰੀ ਸਿੱਖਾਂ ਦੇ ਮਗਰ ਭੀ ਪੈ ਗਿਆ। ਉਸ ਨੇ ਲਾਹੌਰ ਸ਼ਹਿਰ ਤੇ ਸਾਰੇ ਸੂਬੇ ਵਿੱਚ ਹੋਕਾ ਫਰਵਾ ਦਿੱਤਾ ਕਿ ਕੋਈ ਆਦਮੀ ਗੁਰੂ ਦੀ ਬਾਣੀ ਨਾ ਪੜ੍ਹੇ, 'ਵਾਹਿਗੁਰੂ' ਸ਼ਬਦ ਦਾ ਕੋਈ ਜਾਪ ਨਾ ਕਰੇ, ਗੁੜ ਨੂੰ ਕੋਈ 'ਗੁੜ' ਨਾ ਕਹੇ, 'ਰੋੜੀ' ਜਾਂ 'ਭੇਲੀ' ਕਹੇ, ਕਿਉਂਕਿ 'ਗੁੜ' ਸ਼ਬਦ ਨਾਲ 'ਗੁਰੂ' ਚੇਤੇ ਆ ਜਾਂਦਾ ਹੈ। ਇਸੇ ਤਰਾਂ 'ਗ੍ਰੰਥ' ਕੋਈ ਨਾ ਕਹੇ, 'ਪੋਥੀ' ਕਹੇ। ਇਸ ਤੋਂ ਬਿਨਾਂ ਲਖਪਤ ਰਾਏ ਨੇ ਗੁਰੂ ਦੀ ਬਾਣੀ ਦੀਆਂ ਪੋਥੀਆਂ ਲੱਭ ਲੱਭਕੇ ਅਗਨੀ ਤੇ ਪਾਣੀ ਦੀ ਭੇਟਾ ਕੀਤੀਆਂ ਤੇ ਸੈਂਕੜੇ ਧਰਮ-ਸਾਲਾਂ ਢਹਾ ਦਿੱਤੀਆਂ। ਮਾਰਚ ੧੭੪੬ ਦੇ ਪਹਿਲੇ ਹਫਤੇ ਸਭ ਤੋਂ ਪਹਿਲਾਂ ਲਾਹੌਰ ਵਿਚ ਜਿਤਨੇ ਸਿੱਖ ਦੁਕਾਨਦਾਰ ਤੇ ਸਰਕਾਰੀ ਨੌਕਰ ਚਾਕਰ ਸਨ ਸਭ ਨੂੰ ਫੜ ਕੇ ਚੂੜ੍ਹਿਆਂ ਦੇ ਹਵਾਲੇ ਕਰ ਦਿੱਤਾ ਕਿ ਸੋਮਵਾਰ ੧੦ ਮਾਰਚ ੧੭੪੬ ਨੂੰ ਇਨ੍ਹਾਂ ਦੀਆਂ ਕੇਸਾਂ ਵਾਲੀਆਂ ਖੋਪਰੀਆਂ ਉਤਾਰ ਦਿਉ। ਇਸ ਵੇਲੇ ਪਹਾੜ ਦੇ ਰਾਜੇ ਪਾਸ ਜੋ ਪੰਦਰਾਂ ਸਿੰਘ ਨੌਕਰ ਸਨ ਉਹ ਭੀ ਫੜੇ ਹੋਏ ਲਾਹੌਰ ਆ ਗਏ ਤੇ ਜਲਾਦਾਂ ਦੇ ਸਪੁਰਦ ਕੀਤੇ ਗਏ ।*

---

*ਅਲੀਉਦੀਨ--ਇਬਰਤਨਾਮਾ; ਲਤੀਫ, ਪੰਜਾਬ, ੨੧੩; ਭੰਗੂ ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ੩੧੬-੧੯; ਗਿਆਨ ਸਿੰਘ, ਸ਼ਮਸ਼ੇਰ ਖਾਲਸਾ, ਸਿਆਲਕੋਟ, ੧੮੯੨ ਈ: ਐਡੀਸ਼ਨ, ੧੦੨-੦੩.



Digitized by Panjab Digital Library | www.panjabdigilib.org

# ਦੀਵਾਨ ਕੌੜਾ ਮੱਲ ਆਦਿ ਦਾ ਡੈਪੂਟੇਸ਼ਨ ਲਖਪਤ ਰਾਏ ਪਾਸ

ਗਰੀਬ ਬੇਦੋਸੇ ਨੌਕਰ ਚਾਕਰ ਸਿੰਘਾਂ ਦੇ ਕਤਲ ਦੇ ਹੁਕਮ ਦੀ ਖਬਰ ਸੁਣ ਕੇ ਸਾਰੇ ਸ਼ਹਿਰ ਵਿਚ ਕਹਾਰੀ ਮਚ ਗਈ ਤੇ ਆਲੇ ਦੁਆਲੇ ਦੀ ਲੋਕਾਈ ਤ੍ਰਾਹ ਤ੍ਰਾਹ ਕਰਨ ਲਗ ਪਈ। ਇਨਸਾਨੀ ਹਮਦਰਦੀ ਭਰਿਆ ਦਿਲ ਰੱਖਣ ਵਾਲੇ ਕੁਝ ਧਰਮੀ ਬੰਦਿਆਂ ਨੇ ਇਕੱਠੇ ਹੋ ਕੇ ਪੰਚਾਇਤ ਕੀਤੀ। ਇਨ੍ਹਾਂ ਵਿਚ ਦੀਵਾਨ ਕੌੜਾ ਮੱਲ ਤੇ ਪੁਰਾਣਾ ਦੀਵਾਨ ਲੱਛੀ ਰਾਮ ਮੋਹਰੀ ਸਨ। ਲੱਛੀ ਰਾਮ ਬੜੇ ਨੇਕ ਆਦਮੀ ਸਨ, ਇਸ ਕਰਕੇ ਸਾਰੇ ਹੀ ਇਨ੍ਹਾਂ ਦੀ ਈਣ ਮੰਨਦੇ ਸਨ। ਲਖਪਤ ਰਾਏ ਨੂੰ ਬੇਦੋਸਿਆਂ ਉੱਪਰ ਜ਼ੁਲਮ ਕਰਨੋਂ ਰੋਕਣ ਲਈ ਦੀਵਾਨ ਕੌੜਾ ਮੱਲ, ਕਸ਼ਮੀਰੀ ਮੱਲ, ਦੀਵਾਨ ਲੱਛੀ ਰਾਮ, ਦੀਵਾਨ ਸੂਰਤ ਸਿੰਘ, ਦਿਲਾ ਰਾਮ, ਹਰੀ ਮੱਲ, ਬਹਿਲੂ ਮੱਲ, ਹਰੀ ਸਿੰਘ, ਗੁਲਜ਼ਾਰ ਸਿੰਘ, ਚੌਧਰੀ ਜਵਾਹਰ ਮੱਲ, ਪੰਡਿਤ ਸੁਰਤਾ ਰਾਮ ਤੇ ਭਾਈ ਦੇਸ ਰਾਜ ਦਾ ਇਕ ਡੈਪੂਟੇਸ਼ਨ ਬਣਾਇਆ ਗਿਆ। ਇਸ ਵੇਲੇ ਭਾਈ ਪਿਰਥੀ ਦੀ ਗੁਸਾਈਆਂ ਦੀ ਗੱਦੀ ਉਤੇ ਸੰਤ ਜਗਤ ਭਗਤ ਜੀ ਸਨ। ਦੀਵਾਨ ਕੌੜਾ ਮੱਲ ਆਦਿ ਨੇ ਇਹ ਸੋਚ ਕੇ ਕਿ ਸੰਤ ਜਗਤ ਭਗਤ ਲਖਪਤ ਰਾਏ ਦੇ ਗੁਰੂ ਹਨ ਤੇ ਓਹ ਸੰਤਾਂ ਦਾ ਕਿਹਾ ਨਹੀਂ ਮੋੜ ਸਕੇਗਾ, ਉਨ੍ਹਾਂ ਨੂੰ ਡੈਪੂਟੇਸ਼ਨ ਦੇ ਨਾਲ ਲਿਜਾਣ ਲਈ ਲਾਹੌਰ ਲੈ ਆਏ।

ਇਹ ਸਾਰੇ ਪਤਵੰਤੇ ਅਤੇ ਬਹੁਤ ਸਾਰੇ ਹਿੰਦੂ ਤੇ ਅਤੀਤ ਸੰਤ ਰਲ ਕੇ ਦੀਵਾਨ ਲਖਪਤ ਰਾਏ ਪਾਸ ਗਏ ਤੇ ਆਖਿਆ ਕਿ ਤੇਰਾ ਭਾਈ ਜਸਪਤ ਰਾਏ ਸਿੰਘਾਂ ਪਰ ਹੱਲਾ ਕਰਦਾ ਹੋਇਆ ਜੰਗ ਵਿਚ ਮਾਰਿਆ ਗਿਆ ਹੈ। ਜੇਹੜੀ ਭਾਵੀ ਬੀਤਣੀ ਸੀ ਸੋ ਬੀਤ ਗਈ, ਉਹ



Digitized by Panjab Digital Library | www.panjabdigilib.org

ਤਾਂ ਹਥ ਨਹੀਂ ਆਉਣੀ, ਹੁਣ ਤੂੰ ਸਿੰਘਾਂ ਉੱਪਰ ਲੋਹੇ ਦੀ ਲਾਂਉ ਨਾ ਖਿੱਚ। ਉਹ ਭੀ ਆਪਣੇ ਹੀ ਭਰਾ ਭਾਈ ਹਨ ਤੇ ਹਿੰਦੂ ਧਰਮ ਦੀ ਰੱਖਿਆ ਲਈ ਕਸ਼ਟ ਸਹਾਰ ਰਹੇ ਹਨ। ਇਨ੍ਹਾਂ ਗਰੀਬ ਨੌਕਰ ਚਾਕਰ ਸਿੰਘਾਂ ਦਾ ਕੋਈ ਕਸੂਰ ਨਹੀਂ। ਤੂੰ ਇਨ੍ਹਾਂ ਨੂੰ ਸਾਡੀ ਖਾਤਰ ਹੀ ਬਖਸ਼ ਦੇ, ਅਸੀਂ ਦਾੜ੍ਹੀਆਂ ਲੈ ਕੇ ਹੁਣ ਤੇਰੇ ਪਾਸ ਆ ਚੁੱਕੇ ਹਾਂ। ਸਾਨੂੰ ਖਾਲੀ ਨਾ ਮੋੜ। ਪਰ ਲਖਪਤ ਰਾਏ ਕਦ ਮੰਨਣ ਵਾਲਾ ਸੀ। ਕਹਿਣ ਲਗਾ, 'ਤੁਸੀਂ ਤਾਂ ਕੀ, ਜੇ ਰੱਬ ਭੀ ਆਪ ਚੱਲ ਕੇ ਆਵੇ ਤਾਂ ਭੀ ਮੈਂ ਇਨ੍ਹਾਂ ਨੂੰ ਨਹੀਂ ਛੱਡਾਂਗਾ।' ਸੰਤ ਜਗਤ ਭਗਤ ਨੇ ਭੀ ਬਥੇਰਾ ਸਮਝਾਇਆ ਪਰ ਉਸ ਨੂੰ ਇੱਕ ਨਾ ਲੱਗੀ ਤੇ ਸੰਤਾਂ ਨੂੰ ਕਹਿਣ ਲਗਾ 'ਤੁਹਾਨੂੰ ਇਨ੍ਹਾਂ ਗਲਾਂ ਦਾ ਕੀ ਪਤਾ ਹੈ? ਤੁਸੀਂ ਡੇਰੇ ਹੀ ਬੈਠਿਆ ਕਰੋ।' ਸੰਤ ਬੜੇ ਨਿਰਾਸ ਹੋਏ ਤੇ ਕਿਹਾ "ਅੱਛਾ! ਜਿਸ ਪਾਣੀਓਂ ਉੱਗੀਂ ਹੈਂ ਉਸੇ ਪਾਣੀ ਮਾਰਾਂਗੇ। ਤੇਰੀ ਜੜ੍ਹ ਨਾ ਰਹੂ ਤੇ ਇਹ ਪੰਥ ਦਿਨੋ ਦਿਨ ਵਧੂ।"

ਨਾਲ ਗਏ ਬਹੁਤ ਸਾਰੇ ਲੋਕੀ ਨਿਰਾਸ ਹੋ ਕੇ ਮੁੜ ਪਏ, ਪਰ ਕੁਝ ਕੁ ਸਿਆਣੇ ਉਥੇ ਹੀ ਖੜੇ ਰਹੇ ਤੇ ਕਹਿਣ ਲਗੇ ਕਿ ਦੇਖ! ਜੇ ਹੋਰ ਕੁਝ ਨਹੀਂ ਤਾਂ ਸੋਮਾਵਤੀ ਅਮਾਵਸ ਵਾਲੇ ਦਿਨ ਤਾਂ ਇਹ ਕਾਰਾ ਨਾ ਕਰ। ਸੋਮਵਾਰੀ ਮੱਸਿਆ ਕਦੇ ਭਾਗਾਂ ਨਾਲ ਹੀ ਆਉਂਦੀ ਹੈ, ਫੇਰ ਕੀ ਖਬਰ ਸਾਡੇ ਜੀਉਂਦੇ ਆਵੇ ਕਿ ਨਾ ਆਵੇ। ਪਰ ਲਖਪਤ ਰਾਏ ਦੇ ਪੱਥਰ ਦਿਲ ਉੱਤੇ ਇਨ੍ਹਾਂ ਬੀਬੀਆਂ ਤੇ ਧੌਲੀਆਂ ਦਾੜ੍ਹੀਆਂ ਵਾਲੇ ਬਜ਼ੁਰਗਾਂ ਦੀਆਂ ਮਿੰਨਤਾਂ ਦਾ ਭੀ ਕੁਝ ਅਸਰ ਨਾ ਹੋਇਆ ਤੇ ਸਾਰੇ ਸਿੰਘ ਕਤਲ ਕਰਵਾ ਦਿੱਤੇ ਗਏ। ਇਹ ਸੋਮਾਵਤੀ ਮੱਸਿਆ ੧੦-੧੧ ਮਾਰਚ ਸੰਨ ੧੭੪੬ ਈਸਵੀ, ੧੩ ਚੇਤ ੧੮੦੨ ਬਿਕ੍ਰਮੀ ਨੂੰ ਸੀ, ਜਿਸ ਦਿਨ ਕਿ ਇਹ ਭਾਣਾ ਵਰਤਿਆ।*

*ਭੰਗੂ ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ੩੧੬-੧੮; ਗਿਆਨ ਸਿੰਘ--ਸ਼ਮਸ਼ੇਰ ਖਾਲਸਾ, ੧੦੨-੩.



Digitized by Panjab Digital Library | www.panjabdigilib.org

# ਸ਼ਾਹਨਿਵਾਜ਼ ਖ਼ਾਨ ਤੇ ਕੌੜਾ ਮੱਲ

## *ਕੌੜਾ ਮੱਲ ਦਾ ਮੁਲਤਾਨ ਜਾਣਾ*

ਜਦ ਲਖਪਤ ਰਾਏ ਲਾਹੌਰ ਦੇ ਦੁਕਾਨਦਾਰ ਤੇ ਨੌਕਰ ਚਾਕਰ ਸਿੰਘਾਂ ਨੂੰ ਕਤਲ ਕਰਵਾ ਚੁੱਕਾ ਤੇ ਆਲੇ ਦੁਆਲੇ ਦੇ ਅਲਾਕੇ ਵਿਚੋਂ ਫੜ ਕੇ ਆਇਆਂ ਨੂੰ ਟਿਕਾਣੇ ਲਾ ਕੇ ਵੇਹਲਾ ਹੋਇਆ ਤਾਂ ਉਸ ਨੇ ਫ਼ੌਜ ਦੀ ਤਿਆਰੀ ਆਰੰਭ ਦਿੱਤੀ। ਸਾਰੇ ਮੁਲਕ ਦੇ ਚੌਧਰੀਆਂ ਨੂੰ ਆਪਣੀਆਂ ਆਪਣੀਆਂ ਛੇੜਾਂ ਨਾਲ ਲਾਹੌਰ ਪੁੱਜਣ ਲਈ ਪ੍ਰਵਾਨੇ ਜਾਰੀ ਕੀਤੇ ਗਏ। ਮੁਲਤਾਨ, ਬਹਾਵਲ ਪੁਰ, ਕਸੂਰ, ਦੁਾਬਾ ਜਾਲੰਧਰ ਤੇ ਪਹਾੜੋਂ ਫ਼ੌਜਾਂ ਮੰਗਵਾਈਆਂ ਗਈਆਂ ਤੇ ਨਵੀਂ ਫ਼ੌਜ ਭੀ ਭਰਤੀ ਕੀਤੀ ਗਈ। ਇਸ ਤਰ੍ਹਾਂ ਬੇਅੰਤ ਫ਼ੌਜਾਂ ਤੇ ਮੁਲਖੱਈਆ ਅਕੱਠਾ ਕਰਕੇ ਤੋਪਾਂ ਜ਼ੰਬੂਰੇ ਤੇ ਰਹਕਲਿਆਂ ਨਾਲ ਸਿੰਘਾਂ ਉੱਤੇ ਚੜ੍ਹਾਈ ਕੀਤੀ ਗਈ। ਇਹ ਛੋਟੇ ਘਲੂਘਾਰੇ ਦੀ ਮੁਹਿੰਮ ਸੀ ਜਿਸ ਵਿਚ ੨ ਜੇਠ ੧੮੦੩ ਬਿਕ੍ਰਮੀ (ਆਰੰਭ ਮਈ ੧੭੪੬) ਵਾਲੇ ਦਿਨ ਨੌਂ ਦਸ ਹਜ਼ਾਰ ਸਿੰਘ ਸ਼ਹੀਦ ਹੋ ਗਏ ਸਨ ਤੇ ਕੁਝ ਦਸ ਗਿਆਰਾਂ ਹਜ਼ਾਰ ਸਿੰਘਾਂ ਦਾ ਨੁਕਸਾਨ ਹੋਇਆ ਸੀ। ਇਸ ਪਹਿਲੇ ਛੋਟੇ ਘਲੂਘਾਰੇ ਦੀ ਮੁਹਿੰਮ ਵਿਚੋਂ ਭੀ ਇਕ ਹਜ਼ਾਰ ਦੇ ਲਗ ਭਗ ਸਿੰਘ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਂਦੇ ਗਏ ਜੋ ਦਿੱਲੀ ਦਰਵਾਜ਼ੇ ਦੇ ਬਾਹਰ ਚੜ੍ਹਦੀ ਵਲ ਬਾਜ਼ਾਰ ਨਖ਼ਾਸ (ਘੋੜਾ ਮੰਡੀ) ਵਿਚ ਕਤਲ ਕੀਤੇ ਗਏ। ਇਸੇ ਅਸਥਾਨ ਤੇ ਹੀ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਦੇ ਵੇਲੇ ਬੇਸ਼ੁਮਾਰ ਸਿੰਘ ਕਤਲ ਹੁੰਦੇ ਰਹੇ ਸਨ ਤੇ ਇੱਥੇ ਹੀ ਪਿੱਛੇ ਮੀਰ ਮੰਨੂੰ ਦੇ ਵੇਲੇ ਸਿੰਘ ਸ਼ਹੀਦ ਹੋਏ। ਇਹ



Digitized by Panjab Digital Library | www.panjabdigilib.org

ਅਸਥਾਨ ਬਾਦ ਵਿਚ ਸ਼ਹੀਦ ਗੰਜ ਦੇ ਨਾਮ ਨਾਲ ਪ੍ਰਸਿੱਧ ਹੋਇਆ। ਇਸ ਪਹਿਲੇ ਛੋਟੇ ਘਲੂਘਾਰੇ ਦਾ ਵਿਸਥਾਰ ਨਾਲ ਹਾਲ ਭੰਗੂ ਰਤਨ ਸਿੰਘ ਨੇ ਆਪਣੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਦਿੱਤਾ ਹੈ, ਜੋ ਉਨ੍ਹਾਂ ਨੇ ਆਪਣੇ ਪਿਤਾ ਪਾਸੋਂ ਸੁਣਿਆ ਸੀ। ਭੰਗੂ ਰਤਨ ਸਿੰਘ ਦਾ ਪਿਤਾ ਖੁਦ ਇਨ੍ਹਾਂ ਜੰਗਾਂ ਤੇ ਭਾਜੜਾਂ ਵਿਚ ਸ਼ਾਮਲ ਸੀ ਤੇ ਸ: ਸੁੱਖਾ ਸਿੰਘ ਮਾੜੀ-ਕੰਬੋ ਵਾਲਿਆਂ ਦੇ ਨਾਲ ਹੀ ਮਾਲਵੇ ਗਿਆ ਸੀ। ਇਹ ਉਨ੍ਹਾਂ ਨਾਲ ਖ਼ੁਦ ਬੀਤਿਆ ਤੇ ਅੱਖੀਂ ਡਿੱਠਾ ਹਾਲ ਹੈ।

ਜਿਸ ਵੇਲੇ ਲਾਹੌਰ ਦੇ ਸੂਬੇ ਵਿਚ ਸਿੱਖਾਂ ਪਰ ਇਸ ਪ੍ਰਕਾਰ ਦੇ ਜ਼ੁਲਮ ਹੋ ਰਹੇ ਸਨ ਕਿ ਸ਼ਹਿਰਾਂ ਦੇ ਸਿੰਘ ਦੁਕਾਨਦਾਰ ਤੇ ਸਰਕਾਰੀ ਨੌਕਰ ਚਾਕਰ ਬੇਦੋਸੇ ਕਤਲ ਕਰਵਾਏ ਜਾਂਦੇ, ਪਿੰਡਾਂ ਵਿਚ ਸਿੰਘਾਂ ਨੂੰ ਰਹਿਣਾ ਨਹੀਂ ਸੀ ਮਿਲਦਾ, ਜੰਗਲਾਂ ਬੇਲਿਆਂ ਤੇ ਪਹਾੜਾਂ ਵਿਚ ਉਨ੍ਹਾਂ ਦੇ ਮਗਰ ਫ਼ੌਜਾਂ ਲਗ ਰਹੀਆਂ ਸਨ ਤੇ ਸ਼ਿਕਾਰੀ ਜਾਨਵਰਾਂ ਦੀ ਤਰ੍ਹਾਂ ਉਨ੍ਹਾਂ ਨੂੰ ਮਾਰਿਆ ਯਾ ਜੰਗਲਾਂ ਨੂੰ ਅੱਗ ਲਾਕੇ ਭੁੰਨਿਆ ਜਾਂਦਾ ਸੀ, ਤਾਂ ਦੀਵਾਨ ਕੌੜਾ ਮੱਲ ਲਾਹੌਰੋਂ ਮੁਲਤਾਨ ਚਲੇ ਗਏ, ਸ਼ਾਇਦ ਇਸ ਖ਼ਿਆਲ ਨਾਲ ਕਿ, ਜਿਵੇਂ ਬਾਦ ਦੇ ਵਾਕਿਆਤ ਤੋਂ ਸਾਫ਼ ਹੈ, ਕਿਸੇ ਤਰ੍ਹਾਂ ਇਸ ਸਖ਼ਤੀ ਨੂੰ ਰੋਕਣ ਲਈ ਕੋਈ ਸਬੀਲ ਬਣ ਸਕੇ। ਜਿਤਨੀ ਦੇਰ ਯਾਹੀਆ ਖ਼ਾਨ ਲਾਹੌਰ ਦਾ ਹਾਕਮ ਸੀ, ਸਿੰਘਾਂ ਉੱਤੇ ਹੋ ਰਹੀ ਸਖ਼ਤੀ ਦੇ ਬੰਦ ਹੋਣ ਦੀ ਕੋਈ ਆਸ ਨਹੀਂ ਸੀ ਦਿਸਦੀ, ਇਸ ਲਈ ਇਸ ਜ਼ੁਲਮ ਦੇ ਰੁਕਣ ਲਈ ਉਸ ਦੀ ਹਕੂਮਤ ਦਾ ਖ਼ਾਤਮਾ ਹੋਣਾ ਜ਼ਰੂਰੀ ਸੀ। ਮੁਲਤਾਨ ਵਿਚ ਜਾ ਕੇ ਕੌੜਾ ਮੱਲ ਨੇ ਛੇਤੀ ਹੀ ਆਪਣੀ ਲਿਆਕਤ ਤੇ ਪੁਰਾਣੇ ਰਸੂਖ਼ ਨਾਲ ਕਾਫ਼ੀ ਤਾਕਤ ਪੈਦਾ ਕਰ ਲਈ।



Digitized by Panjab Digital Library | www.panjabdigilib.org

## *ਸ਼ਾਹਨਿਵਾਜ਼ ਖ਼ਾਨ ਲਾਹੌਰ ਦਾ ਹਾਕਮ ਬਣਿਆ*

[ ਮਾਰਚ ੧੭੪੭ ]

ਦੀਵਾਨ ਕੌੜਾ ਮੱਲ ਦੇ ਮੁਲਤਾਨ ਪੁੱਜਣ ਦੇ ਛੇਤੀ ਹੀ ਪਿੱਛੋਂ ਯਾਹੀਆ ਖ਼ਾਨ ਦਾ ਭਰਾ ਮੁਲਤਾਨ ਦਾ ਹਾਕਮ ਸ਼ਾਹਨਿਵਾਜ਼ ਖ਼ਾਨ ਨਵੰਬਰ ੧੭੪੬ ਨੂੰ ਲਾਹੌਰ ਆ ਪੁੱਜਾ। ਜਿਸ ਵੇਲੇ ੧੭੩੮ ਵਿਚ ਨਾਦਰ ਸ਼ਾਹ ਨੇ ਹਿੰਦੋਸਤਾਨ ਤੇ ਹੱਲਾ ਕੀਤਾ ਤੇ ਲਾਹੌਰ ਦੇ ਹਾਕਮ ਜ਼ਕਰੀਆ ਖ਼ਾਨ ਨੇ ਉਸ ਦੀ ਈਨ ਮੰਨ ਲਈ ਸੀ ਤਾਂ ਨਾਦਰ ਸ਼ਾਹ ਉਸ ਦੇ ਛੋਟੇ ਪੁਤ੍ਰ ਮਿਰਜ਼ਾ ਹਯਾਤੁੱਲਾ ਖ਼ਾਨ(ਪ੍ਰਸਿੱਧ ਫ਼ਲੌਰੀ ਖ਼ਾਨ)ਨੂੰ ਯਰਗ਼ਮਾਲ ਦੇ ਤੌਰ ਤੇ ਨਾਲ ਹੀ ਦਿੱਲੀ ਲੈ ਗਿਆ ਸੀ ਤੇ ਦਿੱਲੀਓਂ ਵਲਾਇਤ ਨੂੰ ਮੁੜਦਾ ਹੋਇਆ ਉਸ ਨੂੰ 'ਸ਼ਾਹਨਿਵਾਜ਼ ਖ਼ਾਨ' ਦੇ ਖ਼ਿਤਾਬ ਨਾਲ ਨਿਵਾਜ਼ ਕੇ ਮੁਲਤਾਨ ਦਾ ਸੂਬੇਦਾਰ ਬਣਾ ਗਿਆ ਸੀ। ਉਸ ਵੇਲੇ ਤੋਂ ਸ਼ਾਹਨਿਵਾਜ਼ ਖ਼ਾਨ ਮੁਲਤਾਨ ਦਾ ਹਾਕਮ ਸੀ। ਜ਼ਕਰੀਆ ਖ਼ਾਨ ਦੇ ਮਰਨ ਪਿੱਛੋਂ ਉਸ ਦਾ ਵੱਡਾ ਪੁਤ੍ਰ ਯਾਹੀਆ ਖ਼ਾਨ ਲਾਹੌਰ ਦਾ ਹਾਕਮ ਬਣਿਆ ਤੇ ਪਿਤਾ ਦੀ ਸਾਰੀ ਜਾਇਦਾਦ ਦਾ ਭੀ ਇਕੱਲਾ ਹੀ ਮਾਲਕ ਬਣ ਬੈਠਾ ਸੀ।

ਸ਼ਾਹਨਿਵਾਜ ਖ਼ਾਨ ਨੇ ਲਾਹੌਰ ਆ ਕੇ ਪਿਤਾ ਦੀ ਜਾਇਦਾਦ ਵਿਚੋਂ ਹਿੱਸਾ ਮੰਗਿਆ, ਪਰ ਯਾਹੀਆ ਖ਼ਾਨ ਉਸ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਸੀ, ਇਸ ਲਈ ਦੀਵਾਨ ਸੂਰਤ ਸਿੰਘ ਰਾਹੀਂ ਹੋ ਰਹੀ ਗੱਲ ਬਾਤ ਸਿਰੇ ਨਾ ਚੜ੍ਹ ਸਕੀ ਤੇ ਸ਼ਾਹਨਿਵਾਜ਼ ਖ਼ਾਨ ਲਈ ਲੜਾਈ ਤੋਂ ਬਗ਼ੈਰ ਕੋਈ ਚਾਰਾ ਨਾ ਰਹਿ ਗਿਆ। ਸ਼ਾਹਨਿਵਾਜ਼ ਖ਼ਾਨ ਨੇ ਲਾਹੌਰੋਂ ਉੱਠ ਕੇ ਯਾਹੀਆ ਖ਼ਾਨ ਦੀ ਖ਼ਾਸ ਆਪਣੀ ਜਾਗੀਰ ਤੇ ਹੋਰ ਜਾਗੀਰਦਾਰਾਂ ਦੇ ਅਲਾਕੇ ਤੇ ਕਬਜ਼ਾ ਕਰਨ ਲਈ



Digitized by Panjab Digital Library | www.panjabdigilib.org

ਅਦੀਨਾ ਨਗਰ ਵਲ ਨੂੰ ਮੂੰਹ ਕੀਤਾ। ਦੁਆਬੇ ਦਾ ਫ਼ੌਜਦਾਰ ਅਦੀਨਾ ਬੇਗ ਖ਼ਾਨ ਉਸ ਦੇ ਨਾਲ ਰਲ ਗਿਆ। ਹੁਣ ਸ਼ਾਹਨਿਵਾਜ਼ ਖ਼ਾਨ ਨੇ ਦੀਵਾਨ ਕੌੜਾ ਮੱਲ, ਅਦੀਨਾ ਬੇਗ ਖ਼ਾਨ, ਹਸ਼ਮਤੁੱਲਾ ਖ਼ਾਨ ਤੇ ਹਸ਼ਮਤ ਖ਼ਾਨ ਆਦਿ ਆਪਣੇ ਮੁਹਤਬਰ ਸਰਦਾਰਾਂ ਸਣੇ ਸ਼ਾਲਾਮਾਰ ਬਾਗ਼ ਦੇ ਨਜ਼ਦੀਕ ਆਪਣੇ ਪਿਤਾ ਦੀ ਕਬਰ ਪਾਸ ਆ ਡੇਰੇ ਲਾਏ, ਜਿੱਥੇ ਕਿ ਮਹੀਨਿਆਂ ਦੀ ਧੁਖ ਰਹੀ ਅੱਗ ਮਾਰਚ ੧੭੪੭ ਨੂੰ ਈਦ ਦੇ ਦਿਨ ਨਮਾਜ਼ ਪੜ੍ਹਨ ਗਿਆਂ ਈਦਗਾਹ ਵਿਚ ਹੀ ਮਚ ਉੱਠੀ। ਆਪਣੇ ਬਹੁਤ ਸਾਰੇ ਸਾਥੀ ਕਤਲ ਕਰਵਾ ਕੇ ਯਾਹੀਆ ਖ਼ਾਨ ਭੱਜ ਉੱਠਿਆ ਤੇ ਜ਼ਨਾਨਾ ਹਵੇਲੀ ਵਿਚ ਜਾ ਛੁਪਿਆ, ਜਿੱਥੇ ਕਿ ਸ਼ਾਹਨਿਵਾਜ਼ ਨੇ ਉਸ ਨੂੰ ਕੈਦ ਕਰਕੇ ਲਾਹੌਰ ਤੇ ਕਬਜ਼ਾ ਕਰ ਲਿਆ।

## *ਦੀਵਾਨ ਕੌੜਾ ਮੱਲ ਦਾ ਲਾਹੌਰ ਵਿਚ ਦੀਵਾਨ ਬਣਨਾ*

[ ਆਖੀਰ ਮਾਰਚ ੧੭੪੭ ]

ਲਾਹੌਰ ਉੱਤੇ ਕਬਜ਼ਾ ਕਰਦੇ ਹੀ ਸ਼ਾਹਨਿਵਾਜ਼ ਨੇ ਯਾਹੀਆ ਖ਼ਾਨ ਦੇ ਨਾਇਬ ਮੀਰ ਮੋਮਨ ਖ਼ਾਨ ਕਸੂਰੀਏ, ਵੱਡੇ ਦੀਵਾਨ ਲਖਪਤ ਰਾਏ ਤੇ ਕਈ ਹੋਰ ਅਫ਼ਸਰਾਂ ਨੂੰ ਕੈਦ ਕਰ ਲਿਆ ਤੇ ਉਨ੍ਹਾਂ ਦੇ ਘਰ-ਘਾਟ ਤਬਾਹ ਕਰ ਦਿੱਤੇ। ਦੀਵਾਨੀ ਦਾ ਕਲਮਦਾਨ ਕੌੜਾ ਮੱਲ ਦੇ ਹਵਾਲੇ ਕਰ ਕੇ ਉਸ ਨੂੰ ਦੀਵਾਨ ਲਖਪਤ ਰਾਏ ਦੀ ਥਾਂ ਵੱਡਾ ਦੀਵਾਨ ਬਣਾ ਦਿੱਤਾ ਤੇ ਹਕੂਮਤ ਦਾ ਬਹੁਤ ਸਾਰਾ ਕੰਮ ਉਸ ਦੇ ਸਪੁਰਦ ਕੀਤਾ ਨਵਾਬ ਯਾਹੀਆ ਖ਼ਾਨ ਤੇ ਦੀਵਾਨ ਲਖਪਤ ਰਾਏ ਦੀ ਹਕੂਮਤ ਖ਼ਤਮ ਹੋਣ ਦੇ ਨਾਲ ਹੀ ਸਿੰਘਾਂ ਦੀ ਕਤਲਾਮ ਦੇ ਹੁਕਮ ਭੀ ਖ਼ਤਮ ਹੋ ਗਏ ਤੇ ਨੌਂ ਵਰ੍ਹੇ ਪਿੱਛੋਂ



Digitized by Panjab Digital Library | www.panjabdigilib.org

## ਹੁਣ ਉਨ੍ਹਾਂ ਨੂੰ ਜ਼ਰਾ ਸੁਖ ਦਾ ਸਾਹ ਆਇਆ ।*

### *ਕਸੂਰੀ ਅਫ਼ਗ਼ਾਨਾਂ ਦੀ ਸਾਜ਼ਸ਼*

[ ਅਪ੍ਰੈਲ ੧੭੪੭ ]

ਕਸੂਰੀਏ ਅਫ਼ਗ਼ਾਨ ਯਾਹੀਆ ਖ਼ਾਨ ਦੇ ਹਿਮਾਇਤੀ ਸਨ । ਇਸੇ ਕਰਕੇ ਮੀਰ ਮੋਮਨ ਖ਼ਾਨ ਨੂੰ ਸ਼ਾਹਨਿਵਾਜ਼ ਖ਼ਾਨ ਨੇ ਕੈਦ ਕਰ ਦਿੱਤਾ ਸੀ । ਉਹ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਯਾਹੀਆ ਖ਼ਾਨ ਦੀ ਬੰਦ ਖਲਾਸੀ ਕਰਾਈ ਜਾਵੇ । ਦੂਸਰੇ ਇਹ ਭੀ ਡਰ ਭਾਸ ਰਿਹਾ ਸੀ ਕਿ ਸ਼ਾਹਨਿਵਾਜ਼ ਖ਼ਾਨ ਕਿਧਰੇ ਯਾਹੀਆ ਖ਼ਾਨ ਦੀਆਂ ਅੱਖੀਆਂ ਹੀ ਨਾ ਕਢਵਾ ਦੇਵੇ । ਇਸ ਲਈ ਛੇਤੀ ਹੀ ਕੁਝ ਦਿਨਾਂ ਪਿੱਛੋਂ ਇਕ ਦਿਨ ਮੀਰ ਮੋਮਨ ਖ਼ਾਨ ਆਦਿ ਦੀ ਸਲਾਹ ਨਾਲ ਅਹਿਮਦ ਯਾਰ ਖ਼ਾਨ ਕਸੂਰੀਆ ਅਫ਼ਗ਼ਾਨ ਨੌਂ ਦਸ ਘੋੜ-ਸਵਾਰਾਂ ਸਮੇਤ ਸ਼ਾਹ ਅਬੁਲ-ਮੁਆਲੀ ਦੇ ਰੋਜ਼ੇ ਪਾਸ ਆ ਠਹਿਰਿਆ ਤੇ ਯਾਹੀਆ ਖ਼ਾਨ ਦੀ ਦਾਈ ਨੂੰ, ਜੋ ਰੋਜ਼ ਕੈਦ ਖ਼ਾਨੇ ਵਿਚ ਉਸ ਦੀ ਰੋਟੀ ਲੈਕੇ ਜਾਇਆ ਕਰਦੀ ਸੀ, ਬੁਲਾ ਕੇ ਇਸ ਭੇਦ ਤੋਂ ਜਾਣੂ ਕੀਤਾ ਕਿ ਉਸ ਦਾ ਮਨਸ਼ਾ ਯਾਹੀਆ ਖ਼ਾਨ ਨੂੰ ਜੇਹਲ ਖ਼ਾਨੇ ਵਿੱਚੋਂ ਭਜਾ ਲੈ ਜਾਣ ਦਾ ਹੈ । ਦਾਈ ਬੜੀ ਚਾਲਾਕ ਜ਼ਨਾਨੀ ਸੀ । ਉਹ ਇਕ ਬੜੀ ਚੰਗੇਰ

---

*ਮੁਹੰਮਦ ਅਲੀ ਖ਼ਾਨ ਅਨਸਾਰੀ, ਤਵਾਰੀਖਿ ਮੁਜ਼ੱਫ਼ਰੀ ੨੩੦; ਬਹਿਰੁ-ਲ-ਮਵੱਾਜ, ੩੩੨-੩; ਅਲੀ-ਉ-ਦੀਨ, ਇਬਰਤਨਾਮਾ, ੨੩੨; ਕੈਨ੍ਹਈਆ ਲਾਲ, ਤਾਰੀਖ਼ਿ ਪੰਜਾਬ, ੬੯-੭੦; ਲਤੀਫ਼, ਪੰਜਾਬ, ੨੧੪ ।

ਅਲੀ-ਉ-ਦੀਨ ਆਪਣੇ 'ਇਬਰਤ ਨਾਮੇ' ਵਿਚ ਪੰਨਾ ੧੩੨ ਤੇ ਦੀਵਾਨ ਕੌੜਾ ਮੱਲ ਨੂੰ ਦੀਵਾਨੀ ਮਿਲਨ ਦਾ ਜ਼ਿਕਰ ਕਰਦਾ ਹੋਇਆ ਕਹਿੰਦਾ ਹੈ ਕਿ 'ਦੀਵਾਨੀ ਦੀ ਖਿਲਅਤ ਕੌੜਾ ਮੱਲ ਅਰੋੜਾ ਕਾਨੂੰਗੋ ਮੁਲਤਾਨੀ ਨੂੰ ਦਿਤੀ,' ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਕੌੜਾ ਮੱਲ ਇਸ ਤੋਂ ਪਹਿਲਾਂ ਕਾਨੂੰਗੋ ਸੀ ।



Digitized by Panjab Digital Library | www.panjabdigilib.org

ਹਿੰਦਵਾਣਿਆਂ ਦੀ ਭਰ ਕੇ ਜੇਹਲ ਖ਼ਾਨੇ ਵਿਚ ਗਈ ਤੇ ਹਿੰਦਵਾਣਿਆਂ ਦੀ ਥਾਂ ਯਾਹੀਆ ਖ਼ਾਨ ਨੂੰ ਚੰਗੇਰ ਵਿਚ ਪਾ ਕੇ ਤੇ ਉਪਰੋਂ ਇੱਕ ਚਾਦਰ ਨਾਲ ਢੱਕ ਕੇ ਬਾਹਰ ਲੈ ਆਈ ਤੇ ਨਿਯਤ ਟਿਕਾਣੇ ਤੇ ਪਹੁੰਚਾ ਦਿੱਤਾ। ਅਹਿਮਦ ਯਾਰ ਖ਼ਾਨ ਅੱਗੇ ਹੀ ਉਡੀਕ ਵਿਚ ਬੈਠਾ ਸੀ। ਝੱਟ ਯਾਹੀਆ ਖ਼ਾਨ ਨੂੰ ਘੋੜੇ ਤੇ ਸਵਾਰ ਕੀਤਾ ਤੇ ਕਸੂਰ ਨੂੰ ਲੈ ਉਡਿਆ।

ਚਾਰ ਘੜੀ ਪਿੱਛੋਂ ਯਾਹੀਆ ਖ਼ਾਨ ਦੇ ਨਿਕਲ ਜਾਣ ਦੀ ਖ਼ਬਰ ਜਿਸ ਵੇਲੇ ਸ਼ਾਹਨਿਵਾਜ਼ ਖ਼ਾਨ ਨੂੰ ਲੱਗੀ ਤਾਂ ਉਸ ਨੇ ਕੌੜਾ ਮੱਲ ਨੂੰ ਬੁਲਾਇਆ ਤੇ ਕਿਹਾ ਕਿ ਯਾਹੀਆ ਖ਼ਾਨ ਦੇ ਪਿੱਛੇ ਜਾਓ ਤੇ ਜਿੱਥੇ ਭੀ ਓਹ ਹੋਵੇ ਉਸ ਨੂੰ ਪਕੜ ਕੇ ਲਿਆਓ। ਕੌੜਾ ਮੱਲ ਉਸ ਦਾ ਸੁਰਾਗ਼ ਲਾਉਂਦਾ ਹੋਇਆ ਕਸੂਰ ਜਾ ਪੁੱਜਾ, ਪਰ ਓਥੇ ਜਾ ਕੇ ਪਤਾ ਲੱਗਾ ਕਿ ਅਹਿਮਦ ਯਾਰ ਖ਼ਾਨ ਉਸ ਨੂੰ ਇਸੇ ਰਸਤੇ ਦਿੱਲੀ ਨੂੰ ਲੈ ਗਿਆ ਹੈ। ਸੋ ਦੀਵਾਨ ਕੌੜਾ ਮੱਲ ਰੁਕਨੁ-ਦੀਨ, ਮੁਰਾਦ ਖ਼ਾਨ, ਗ਼ੁਲਾਮ-ਮੁਹਈਯੁੱਦੀਨ ਆਦਿ ਬਾਈ ਕਸੂਰੀ ਅਫ਼ਗਾਨਾਂ ਨੂੰ ਕੈਦ ਕਰਕੇ ਲਾਹੌਰ ਲੈ ਆਇਆ। ਚੂੰਕਿ ਕਸੂਰੀ ਪਠਾਣਾਂ ਨੇ ਸ਼ਾਹਨਿਵਾਜ਼ ਖ਼ਾਨ ਤੇ ਯਾਹੀਆ ਖ਼ਾਨ ਦੀ ਆਪਸ ਦੀ ਲੜਾਈ ਵਿਚ ਯਾਹੀਆ ਖ਼ਾਨ ਦਾ ਪੱਖ ਲਿਆ ਸੀ ਇਸ ਲਈ ਸ਼ਾਹਨਿਵਾਜ਼ ਉਨ੍ਹਾਂ ਨਾਲ ਅੱਗੇ ਹੀ ਗੁੱਸੇ ਸੀ। ਹੁਣ ਯਾਹੀਆ ਖ਼ਾਨ ਨੂੰ ਕੈਦ ਵਿਚੋਂ ਬਾਹਰ ਕੱਢਣ ਵਿਚ ਭੀ ਉਨ੍ਹਾਂ ਦੀ ਹੀ ਸਾਜ਼ਸ਼ ਸੀ। ਇਸ ਲਈ ਉਸ ਦਾ ਗੁੱਸਾ ਹੋਰ ਚਮਕ ਉੱਠਿਆ। ਸੋ ਉਸ ਨੇ ਮੀਰ ਮੋਮਨ ਖ਼ਾਨ, ਮੀਰ ਅਮੀਨ ਖ਼ਾਨ, ਮੀਰ ਨਿਹਮਤ ਖ਼ਾਨ ਤੇ ਇਨ੍ਹਾਂ ਦੇ ਹੋਰ ਸਾਜ਼ਸ਼ੀ ਯਾਰ ਕਸੂਰੀ ਅਫ਼ਗਾਨਾਂ ਨੂੰ ਲਾਹੌਰ ਵਿੱਚ ਨੌ ਘਰਾਂ ਵਿਚ ਕੈਦ ਕਰ ਦਿੱਤਾ।*

*ਅਲੀ-ਉ-ਦੀਨ, ਇਬਰਤ ਨਾਮਾ, ੨੩੨–੩੩.



Digitized by Panjab Digital Library | www.panjabdigilib.org

## ਸ਼ਾਹਨਿਵਾਜ਼ ਖ਼ਾਨ ਤੇ ਕੌੜਾ ਮੱਲ

ਦਿੱਲੀ ਨੂੰ ਜਾਣ ਤੋਂ ਬਾਦ ਯਾਹੀਆ ਖ਼ਾਨ ਜ਼ਿੰਦਗੀ ਤੋਂ ਇਤਨਾ ਉਪ੍ਰਾਮ ਹੋਗਿਆ ਕਿ ਦੁਨਿਆਵੀ ਦਾਹਵਿਆਂ ਨੂੰ ਛੱਡ ਛਡਾ ਕੇ ਫ਼ਰੁਖ਼ਾਬਾਦ ਜਾ ਕੇ ਫ਼ਕੀਰ ਹੋ ਗਿਆ ਤੇ ਯਾਹੀਆ ਸ਼ਾਹ ਦਰਵੇਸ਼ ਦੇ ਨਾਮ ਨਾਲ ਪ੍ਰਸਿਧ ਹੋਇਆ। ਅੰਤ ਫ਼ਰੁਖ਼ਾ ਬਾਦ ਵਿਚ ਹੀ ਸ੍ਵਾਸ ਤਿਆਗੇ ਤੇ ਓਥੇ ਹੀ ਦਫ਼ਨ ਹੋਇਆ।*

## *ਨਾਸਰ ਖ਼ਾਨ ਨਾਜ਼ਮ ਕਾਬਲ ਨੂੰ ਹਾਰ*

[ ਸੰਨ ੧੭੪੭ ਦੀਆਂ ਗਰਮੀਆਂ )

ਜਦ ਨਾਸਰ ਖ਼ਾਨ ਨਾਜ਼ਮ ਕਾਬਲ ਨੇ ਸ਼ਾਹਨਿਵਾਜ਼ ਖ਼ਾਨ ਦੇ ਲਾਹੌਰ ਆਵਨ ਪਰ ਰਾਜ ਹੌਲਾ ਜਿਹਾ ਪਿਆ ਹੋਇਆ ਡਿੱਠਾ ਤਾਂ ਉਸ ਨੂੰ ਪੰਜਾਬ ਪਰ ਹੱਲਾ ਕਰ ਕੇ ਇੱਥੇ ਆਪਣਾ ਕਬਜ਼ਾ ਕਰਨ ਦੀ ਸੁੱਝੀ। ਇਕ ਖ਼ਿਆਲ ਇਹ ਭੀ ਹੈ ਕਿ ਓਹ ਸ਼ਾਇਦ ਯਾਹੀਆ ਖ਼ਾਨ ਦਾ ਹਿਮਾਇਤੀ ਹੋਵੇ ਤੇ ਮੁੜ ਉਸ ਨੂੰ ਲਾਹੌਰ ਵਿਚ ਲਿਆਉਣ ਲਈ ਉਸ ਦੀ ਮਦਦ ਦੇ ਖ਼ਿਆਲ ਨਾਲ ਸ਼ਾਹਨਿਵਾਜ਼ ਖ਼ਾਨ ਨੂੰ ਲਾਹੌਰੋਂ ਕੱਢਣ ਲਈ ਉਸ ਨੂੰ ਇਹ ਧਾਵਾ ਕਰਨ ਦਾ ਫ਼ੁਰਨਾ ਫ਼ੁਰਿਆ ਹੋਵੇ।

ਨਾਸਰ ਖ਼ਾਨ ਚੂੰਕਿ ਬਹੁਤ ਚਿਰ ਪਿਸ਼ਾਵਰ ਹੀ ਰਿਹਾ ਕਰਦਾ ਸੀ ਇਸ ਲਈ ਉਸ ਨੂੰ ਲਾਹੌਰ ਦੇ ਅੰਦਰੂਨੀ ਹਾਲਾਤ ਦਾ ਭੀ ਬਹੁਤ ਕੁਝ ਪਤਾ ਹੋ ਸਕਦਾ ਹੈ ਤੇ ਉਸ ਨੂੰ ਸ਼ਾਇਦ ਸ਼ਾਹਨਿਵਾਜ਼ ਖ਼ਾਨ ਦੇ ਵਿਰੋਧੀ ਕਸੂਰੀ ਅਫ਼ਗਾਨਾਂ ਦੀ ਸਹਾਇਤਾ ਦੀ ਭੀ ਕਾਫ਼ੀ ਆਸ ਹੋਵੇ। ਇਸ ਲਈ ਉਸ ਨੇ ਇਕ ਬੜੀ ਫ਼ੌਜ ਤਿਆਰ ਕਰ ਕੇ ਲਾਹੌਰ ਵੱਲ ਚੜ੍ਹਾ ਦਿੱਤੀ।

---

*ਮੁਹੰਮਦ ਵਲੀ ਅੱਲਾ, ਤਾਰੀਖ਼ਿ--ਫ਼ਰੁੱਖ਼ਾਬਾਦ, ੨੫੭.



Digitized by Panjab Digital Library | www.panjabdigilib.org

ਸ਼ਾਹਨਿਵਾਜ਼ ਖ਼ਾਨ ਨੇ ਇਸ ਦੇ ਟਾਕਰੇ ਲਈ ਦੀਵਾਨ ਕੌੜਾ ਮੱਲ ਨੂੰ ਨੀਯਤ ਕੀਤਾ ਤੇ ਉਸ ਦੀ ਕਮਾਨ ਹੇਠਾਂ ਇਕ ਤਕੜੀ ਫ਼ੌਜ ਭੇਜੀ। ਇਸ ਵੇਲੇ ਜ਼ਾਹਦ ਖ਼ਾਨ ਸੱਦੋਜ਼ਈ ਦਾ ਪੁਤ੍ਰ ਸ਼ਾਕਿਰ ਖ਼ਾਨ ਭੀ ਲਾਹੌਰ ਆਇਆ ਹੋਇਆ ਸੀ। ਇਸ ਨੂੰ ਭੀ ਦੀਵਾਨ ਕੌੜਾ ਮੱਲ ਦੇ ਨਾਲ ਇਸ ਮੁਹਿੰਮ ਤੇ ਭੇਜਿਆ ਗਿਆ।

ਜਦ ਇਹ ਲਾਹੌਰੀ ਸੈਨਾ ਵਿਰੋਧੀਆਂ ਦੇ ਨਜ਼ਦੀਕ ਪੁੱਜੀ ਤਾਂ ਦਰਿਆ ਦੇ ਨਜ਼ਦੀਕ ਡੇਰਾ ਲਾ ਦਿਤਾ ਗਿਆ। ਸਵੇਰੇ ਜਿਸ ਵੇਲੇ ਸ਼ਾਕਿਰ ਖ਼ਾਨ ਦਰਿਆ ਤੇ ਹੱਥ ਮੂੰਹ ਧੋਣ ਲਈ ਗਿਆ ਤਾਂ ਇਸ ਨੂੰ ਦੁਸ਼ਮਨ ਦੀ ਫ਼ੌਜ ਨਜ਼ਰ ਪਈ। ਸ਼ਾਕਿਰ ਖ਼ਾਨ ਪਾਸ ਕੋਈ ਬਹੁਤੀ ਫ਼ੌਜ ਨਹੀਂ ਸੀ, ਪਰ ਥੋੜੇ ਜਿਹੇ ਆਦਮੀਆਂ ਨਾਲ ਹੀ, ਜੋ ਮੌਜੂਦ ਤੇ ਨਜ਼ਦੀਕ ਸਨ, ਖ਼ਾਨ ਨੇ ਅਚਾਨਕ ਹੀ ਧਾਵਾ ਬੋਲ ਦਿੱਤਾ ਤੇ ਨਾਸਰ ਖ਼ਾਨ ਦੀ ਫ਼ੌਜ ਵਿਚ ਭਾਜੜ ਪੈ ਗਈ ਤੇ ਉਹ ਹਾਰ ਖਾ ਕੇ ਭੱਜ ਨਿਕਲੇ। ਸ਼ਾਕਿਰ ਖ਼ਾਨ ਦੀ ਇਸ ਬਹਾਦੁਰੀ ਨੂੰ ਦੇਖ ਕੇ ਦੀਵਾਨ ਕੌੜਾ ਮੱਲ ਬੜਾ ਖੁਸ਼ ਹੋਇਆ ਤੇ ਇਸ ਮਾਰ੍ਕੇ ਸੰਬੰਧੀ ਲਾਹੌਰ ਨੂੰ ਲਿਖੀ ਚਿੱਠੀ ਵਿਚ ਫ਼ਤਹਿ ਦਾ ਸੇਹਰਾ ਭੀ ਉਸੇ ਨੂੰ ਹੀ ਦਿੱਤਾ।*

---

*ਅਹਿਮਦ ਯਾਦਗਾਰ, ਤਾਰੀਖ਼ਿ-ਸਲਾਤੀਨਿ-ਅਫ਼ਗਾਨਾਂ, ੨੫੦। ਇਹ ਲੜਾਈ ਕਿਸ ਅਸਥਾਨ ਤੇ ਹੋਈ, ਇਸ ਦਾ ਪਤਾ ਅਹਿਮਦ ਯਾਦਗਾਰ ਨੇ ਨਹੀਂ ਦਿੱਤਾ, ਤੇ ਨਾ ਹੀ ਇਸ ਦਾ ਪਤਾ ਤੇ ਵੇਰਵੇ ਸਹਿਤ ਹਾਲ ਕਿਸੇ ਹੋਰ ਇਤਿਹਾਸ ਤੋਂ ਮਿਲ ਸਕਿਆ ਹੈ।



Digitized by Panjab Digital Library | www.panjabdigilib.org

# ਦੁੱਰਾਨੀ ਦਾ ਪਹਿਲਾ ਹੱਲਾ

[ ਦਸੰਬਰ ੧੭੪੭–ਮਾਰਚ ੧੭੪੮ ]

ਲਾਹੌਰ ਦੀ ਹਕੂਮਤ ਪਰ ਚੰਗੀ ਤਰ੍ਹਾਂ ਸ਼ਾਹਨਿਵਾਜ਼ ਖ਼ਾਨ ਨੇ ਆਪਣੇ ਪੈਰ ਜਮਾ ਕੇ ਆਪਣਾ ਵਕੀਲ ਬਾਦਸ਼ਾਹ ਮੁਹੰਮਦ ਸ਼ਾਹ ਪਾਸੋਂ ਲਾਹੌਰ ਦੀ ਸੂਬੇਦਾਰੀ ਦਾ ਬਾਕਾਇਦਾ ਫ਼ਰਮਾਨ ਹਾਸਲ ਕਰਨ ਲਈ ਦਿੱਲੀ ਭੇਜਿਆ ਜੋ ੩ ਸਤੰਬਰ ੧੭੪੭ ਨੂੰ ਓਥੇ ਪੁੱਜਾ। ਇਸ ਅਰਸੇ ਵਿਚ ਜਿਵੇਂ ਕਿ ਉਪਰ ਦਸਿਆ ਜਾ ਚੁੱਕਾ ਹੈ, ਆਪਣੀਆਂ ਅੱਖੀਆਂ ਕਢੇ ਜਾਣ ਦੀ ਅਫ਼ਵਾਹ ਸੁਣ ਕੇ ਯਾਹੀਆ ਖ਼ਾਨ ਜ਼ਨਾਨੀਆਂ ਦੀ ਸਹਾਇਤਾ ਤੇ ਅਹਿਮਦ ਯਾਰ ਖ਼ਾਨ ਕਸੂਰੀਏ ਦੀ ਸਾਜ਼ਸ਼ ਨਾਲ ਕੈਦੋਂ ਨਿਕਲ ਕੇ ਦਿੱਲੀ ਪੁੱਜ ਗਿਆ ਸੀ। ਇਸ ਗੱਲ ਨੇ ਸ਼ਾਹਨਿਵਾਜ਼ ਖ਼ਾਨ ਨੂੰ ਘਬਰਾ ਦਿੱਤਾ ਤੇ ਉਸ ਨੇ ਯਾਹੀਆ ਖ਼ਾਨ ਅਤੇ ਵਜ਼ੀਰ ਕਮਰੁੱਦੀਨ ਦੇ ਭੜਕਾਏ ਹੋਏ ਬਾਦਸ਼ਾਹੀ ਗੁੱਸੇ ਤੋਂ ਬਚਣ ਲਈ ਨਾਦਰ ਸ਼ਾਹ ਈਰਾਨੀ (ਜਿਸ ਦੀ ਈਨ ਉਸ ਦੇ ਪਿਤਾ ਨੇ ਮੰਨ ਲਈ ਸੀ ਤੇ ਜਿਸ ਦੀ ਬਖਸ਼ਸ਼ ਨਾਲ ਉਹ ਖ਼ੁਦ ਮੁਲਤਾਨ ਦਾ ਹਾਕਮ ਬਣਿਆ ਸੀ) ਦੇ ਵਾਰਸ ਅਹਿਮਦ ਸ਼ਾਹ ਦੁੱਰਾਨੀ ਨਾਲ ਗੰਢਣ ਲਈ ਉਸ ਨੂੰ ਹਿੰਦੋਸਤਾਨ ਪਰ ਹੱਲਾ ਕਰਨ ਲਈ ਸੱਦਾ ਭੇਜ ਦਿੱਤਾ। ਦੁੱਰਾਨੀ ਨੇ ਸ਼ਾਹਨਿਵਾਜ਼ ਖ਼ਾਨ ਦਾ ਸੁਨੇਹਾ ਪੁੱਜਣ ਪਰ ਬਾਰਾਂ ਕੁ ਹਜ਼ਾਰ ਫ਼ੌਜ ਨਾਲ ਨਾਸਰ ਖ਼ਾਨ ਹਾਕਮ ਪਸ਼ੌਰ (ਸੂਬਾ ਕਾਬੁਲ) ਪਰ ਆ ਧਾਵਾ ਬੋਲਿਆ ਤੇ ਉਸ ਨੂੰ ਭਾਂਜ ਦੇ ਕੇ ਪਸ਼ੌਰ ਤੇ ਕਬਜ਼ਾ ਕਰ ਲਿਆ।

ਅਹਿਮਦ ਸ਼ਾਹ ਦੁੱਰਾਨੀ ਦੇ ਪਸ਼ੌਰ ਪਰ ਕਬਜ਼ੇ ਦੀ ਖ਼ਬਰ



Digitized by Panjab Digital Library | www.panjabdigilib.org

ਨੇ ਬਾਦਸ਼ਾਹ ਮੁਹੰਮਦ ਸ਼ਾਹ ਨੂੰ ਇਸ ਤੋਂ ਨੌਂ ਵਰ੍ਹੇ ਪਹਿਲਾਂ ਨਾਦਰ ਸ਼ਾਹ ਦੇ ਹੱਲੇ ਅਤੇ ਦਿੱਲੀ ਦੀ ਕਤਲਾਮ ਦੀ ਯਾਦ ਤਾਜ਼ਾ ਕਰਾ ਦਿੱਤੀ। ਦਿੱਲੀ ਦਾ ਵੱਡਾ ਵਜ਼ੀਰ ਕਮਰੁੱਦੀਨ ਸ਼ਾਹਨਿਵਾਜ਼ ਖ਼ਾਨ ਦੇ ਪਿਤਾ ਜ਼ਕਰੀਆ ਖ਼ਾਨ ਦਾ ਚਾਚਾ ਸੀ। ਉਸ ਨੇ ਆਪਣੀ ਰਿਸ਼ਤੇਦਾਰੀ, ਬਜ਼ੁਰਗੀ ਤੇ ਹੁੱਦੇ ਦੇ ਜ਼ੋਰ ਤੇ ਸ਼ਾਹਨਿਵਾਜ਼ ਖ਼ਾਨ ਨੂੰ ਅਹਿਮਦ ਸ਼ਾਹ ਦੁੱਰਾਨੀ ਨਾਲ ਗੰਢ ਤੁਪ ਕਰਕੇ ਗ਼ੱਦਾਰੀ ਕਰਨ ਪਰ ਬੜੀ ਲਾਹਣ-ਤਾਣ ਪਾਈ ਤੇ ਉਸ ਦੀ ਅਣਖ ਨੂੰ ਹਲੂਣਾ ਦਿੱਤਾ ਕਿ ਕੀ ਤੈਨੂੰ ਕਈ ਪੁਸ਼ਤਾਂ ਦੇ ਜੱਦੀ ਬਾਦਸ਼ਾਹ ਤੇ ਆਪਣੇ ਬਜ਼ੁਰਗਾਂ ਦੇ ਮੇਹਰਬਾਨ ਮਾਲਕ ਮੁਹੰਮਦ ਸ਼ਾਹ ਬਾਦਸ਼ਾਹ ਨੂੰ ਛੱਡ ਕੇ ਨਾਦਰ ਸ਼ਾਹ ਈਰਾਨੀ ਦੇ ਚੋਬਦਾਰ ਅਹਿਮਦ ਸ਼ਾਹ ਦੁੱਰਾਨੀ ਦੀ ਤਾਬੇਦਾਰੀ ਕਰਦੇ ਸ਼ਰਮ ਨਾ ਆਊ ? ਸ਼ਾਹਨਿਵਾਜ਼ ਕੋਈ ਪੁਰਾਣਾ ਖੁੰਢ ਤਾਂ ਹੈ ਨਹੀਂ ਸੀ ਕਿ ਜਿਸ ਪਰ ਕੋਈ ਅਸਰ ਨਾ ਹੁੰਦਾ। ਆਖ਼ਰ ਨੌਜਵਾਨ ਸੀ, ਉਸ ਦੀ ਅਣਖ ਜਾਗ ਉੱਠੀ ਤੇ ਓਹ ਵਿਦੇਸ਼ੀ ਵੈਰੀ ਦੇ ਟਾਕਰੇ ਲਈ, ਜਿਸ ਨੂੰ ਭਾਵੇਂ ਉਸ ਨੇ ਆਪ ਹੀ ਸੱਦਿਆ ਸੀ, ਤਿਆਰ ਹੋ ਪਿਆ।

ਪਸ਼ੌਰੋਂ ਅਹਿਮਦ ਸ਼ਾਹ ਦੁੱਰਾਨੀ ਨੇ ਆਪਣੇ ਇਕ ਅਮੀਰ ਗ਼ੁੱਰਾ ਖ਼ਾਨ ਨੂੰ ਸ਼ਾਹਨਿਵਾਜ਼ ਨਾਲ ਗੱਲ ਬਾਤ ਕਰਨ ਲਈ ਲਾਹੌਰ ਭੇਜਿਆ। ਪਰ ਅੱਗਿਓਂ ਸ਼ਾਹਨਿਵਾਜ਼ ਖ਼ਾਨ ਹੁਣ ਬਦਲ ਚੁੱਕਾ ਹੋਇਆ ਸੀ, ਇਸ ਲਈ ਗ਼ੁੱਰਾ ਖ਼ਾਨ ਨਿਰਾਸ ਹੋ ਕੇ ਅਹਿਮਦ ਸ਼ਾਹ ਨੂੰ ਅਟਕ ਤੇ ਜਾ ਮਿਲਿਆ। ਅਹਿਮਦ ਸ਼ਾਹ ਹਾਲ ਤਕ ਭੀ ਨਿਰਾਸ ਨਹੀਂ ਸੀ ਹੋਇਆ। ਉਸ ਨੇ ਰੋਹਤਾਸ ਪੁੱਜ ਕੇ ਆਪਣੇ ਮੁਰਸ਼ਦ ਸੱਯਦ ਸਾਬਰ ਸ਼ਾਹ ਨੂੰ ਲਾਹੌਰ ਭੇਜਿਆ। ਸਾਬਰ ਸ਼ਾਹ ਕੁਝ ਕੌੜੇ ਸੁਭਾਉ ਦਾ ਫ਼ਕੀਰ ਸੀ। ਇਸ ਨੇ ਭਰੇ ਦਰਬਾਰ ਵਿਚ ਸ਼ਾਹਨਿਵਾਜ਼ ਖ਼ਾਨ ਨੂੰ, ਸ਼ਾਇਦ ਆਪਣੇ ਫ਼ਕੀਰੀ ਬਾਣੇ ਦੀ ਆਕੜ



Digitized by Panjab Digital Library | www.panjabdigilib.org

ਵਿਚ, ਕਈ ਕੁਝ ਬੁਰਾ ਭਲਾ ਆਖਿਆ ਜਿਸ ਨੂੰ ਨੌਜਵਾਨ ਸ਼ਾਹਨਿਵਾਜ਼ ਖ਼ਾਨ ਸਹਾਰ ਨਾ ਸਕਿਆ ਤੇ ਉਸ ਨੇ ਸਾਬਰ ਸ਼ਾਹ ਦੇ ਮੂੰਹ ਵਿਚ ਸਿੱਕਾ ਢਾਲ ਕੇ ਪੁਆ ਕੇ ਮਰਵਾ ਦਿੱਤਾ।

ਇਤਨੇ ਨੂੰ ਅਹਿਮਦ ਸ਼ਾਹ ਦੁੱਰਾਨੀ ਝਨਾਂ ਪਾਰ ਕਰ ਆਇਆ ਤੇ ਸ਼ਾਹਦਰੇ ਪੁੱਜ ਗਿਆ। ਸ਼ਾਹਨਿਵਾਜ਼ ਨੇ ਜਲ੍ਹੇ ਖ਼ਾਨ ਕਸੂਰੀਏ ਨੂੰ ਫ਼ੌਜ ਦੇ ਕੇ ਦੁੱਰਾਨੀ ਦੇ ਟਾਕਰੇ ਲਈ ਭੇਜਿਆ, ਪਰ ਉਹ ਲੜਨ ਦੀ ਥਾਂ ਵੈਰੀ ਨਾਲ ਜਾ ਰਲਿਆ। ਏਹ ਵੇਖ ਕੇ ਸ਼ਾਹਨਿਵਾਜ਼ ਖ਼ਾਨ ਮਿਰਜ਼ਾ ਅਸਮਤ ਬੇਗ ਨੂੰ ਨਾਲ ਲੈ ਕੇ ਵੈਰੀ ਨੂੰ ਰਾਵੀ ਤੇ ਰੋਕਣ ਲਈ ਖ਼ੁਦ ਅੱਗੇ ਵਧਿਆ, ਪਰ ਸਾਬਰ ਸ਼ਾਹ ਦੇ ਕਤਲ ਪਰ ਗੁੱਸੇ ਨਾਲ ਲੋਹੇ ਲਾਖੇ ਹੋਏ ਹੋਏ ਨੂੰ ਓਹ ਭੀ ਨਾ ਰੋਕ ਸਕਿਆ। ਅਹਿਮਦ ਸ਼ਾਹ ਨੇ ੧੦-੧੧ ਜਨਵਰੀ ੧੭੪੮ ਨੂੰ ਰਾਵੀ ਪਾਰ ਕਰ ਕੇ ਮੁਗ਼ਲਪੁਰੇ ਦੇ ਮਹੱਲੇ ਲੁਟ ਮਚਾ ਦਿੱਤੀ ਤੇ ਵੱਡੇ ਵੱਡੇ ਅਮੀਰਾਂ ਨੂੰ ਲੁੱਟ ਲਿਆ। ਸ਼ਾਹਨਿਵਾਜ਼ ਖ਼ਾਨ ਲਾਹੌਰ ਨੂੰ ਲੁਟੀਂਦਾ ਹੀ ਛੱਡ ਕੇ ੧੧ ਜਨਵਰੀ ਦੀ ਅੱਧੀ ਰਾਤ ਵੇਲੇ ਦਿੱਲੀ ਨੂੰ ਨੱਸ ਗਿਆ। ਇਹ ਗੱਲ ੧੧-੧੨ ਜਨਵਰੀ ੧੭੪੮ ਈਸਵੀ ਦੀ ਹੈ।*

---

*ਅਲੀ-ਉ-ਦੀਨ, ਇਬਰਤ ਨਾਮਾ, ੨੩੩-੫; ਮੁਨਸ਼ੀ ਸੋਹਨ ਲਾਲ, ਉਮਦਾਤੁ-ਤਵਾਰੀਖ਼, ਜਿਲਦ ਪਹਿਲੀ, ੧੨੨; ਖੁਸ਼ਵਕਤ ਰਾਏ, ਤਾਰੀਖ਼ਿ ਸਿੱਖਾਂ, ੬੧-੨; ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ੩੯੫-੯੬; ਗੁਲਾਮ ਹੁਸੈਨ, ਸੀਅਰੁ-ਲ-ਮੁਤਾਖ਼ਰੀਨ, ਜਿਲਦ ੩, ਪੰਨਾ ੧੭-੧੮; ਮੁਹੰਮਦ ਲਤੀਫ਼, ਹਿਸਟਰੀ ਔਫ਼ ਦੀ ਪੰਜਾਬ, ੨੧੬-੨੧੭; ਕਨ੍ਹਈਯਾ ਲਾਲ, ਤਾਰੀਖ਼ਿ ਪੰਜਾਬ, ੭੧-੭੨।



Digitized by Panjab Digital Library | www.panjabdigilib.org

# ਮਾਣੂਪੁਰ ਦੀ ਲੜਾਈ ਤੇ ਮੀਰ ਮੰਨੂੰ ਦਾ ਲਾਹੌਰ ਤੇ ਮੁਲਤਾਨ ਦਾ ਹਾਕਮ ਬਣਨਾ

[ ਮਾਰਚ–ਅਪ੍ਰੈਲ ੧੭੪੮ ]

ਦਿੱਲੀ ਵਿੱਚ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੂੰ ਅਹਿਮਦ ਸ਼ਾਹ ਦੁੱਰਾਨੀ ਦੇ ਪਸ਼ੌਰੋਂ ਕੂਚ ਕਰ ਦੇਣ ਦੀ ਖ਼ਬਰ ੨੨ ਦਸੰਬਰ ੧੭੪੭ ਨੂੰ ਪੁੱਜ ਗਈ ਸੀ, ਪਰ ਉੱਥੇ ਨਾਦਰ ਸ਼ਾਹ ਦੇ ਹੱਲੇ ਦਾ ਕਰਾਰਾ ਤਜਰਬਾ ਹੋਣ ਪਰ ਭੀ ਇਹੋ ਹੀ ਖ਼ਿਆਲ ਸੀ ਕਿ 'ਹਨੂਜ਼ ਦੇਹਲੀ ਦੂਰ ਅਸਤ' ਅਰਥਾਤ ਅਜੇ ਦਿੱਲੀ ਬੜੀ ਦੂਰ ਹੈ। ਆਖ਼ਰ ਦੁੱਰਾਨੀ ਦੇ ਰੋਹਤਾਸੋਂ ਲੰਘ ਕੇ ਲਾਹੌਰ ਦੇ ਸਿਰ ਤੇ ਆ ਪੁੱਜਣ ਦੀਆਂ ਖ਼ਬਰਾਂ ਜਦ ਦਿੱਲੀ ਪੁੱਜੀਆਂ ਤਾਂ ਕਿਧਰੇ ਜ਼ਰਾ ਕੁ ਹੋਸ਼ ਆਈ। ੧੮ ਮੁਹੱਰਮ ੧੧੬੧ ਹਿਜਰੀ,੮-੯ ਜਨਵਰੀ ੧੭੪੮, ਨੂੰ ਸੁਸਤੀ ਦੇ ਅਵਤਾਰ ਤੇ ਸ਼ਰਾਬੀ ਬੁੱਢੇ ਵਜ਼ੀਰ ਕਮਰੁੱਦੀਨ ਦੀ ਚੀਫ਼ ਕਮਾਨ ਤੇ ਸਫ਼ਦਰਜੰਗ ਮੀਰਿ-ਆਤਸ਼, ਸਆਦਤ ਖ਼ਾਨ, ਨਾਸਰ ਖ਼ਾਨ (ਜੋ ਪਸ਼ੌਰੋਂ ਭੱਜ ਆਇਆ ਸੀ), ਰਾਜਾ ਈਸ਼ਰੀ ਸਿੰਘ ਜੈਪੁਰੀਏ, ਰਾਜਾ ਬਖ਼ਤ ਸਿੰਘ ਰਾਠੌੜ ਆਦਿ ਦੀ ਸਰਦਾਰੀ ਹੇਠਾਂ ਅੱਸੀ ਹਜ਼ਾਰ ਫ਼ੌਜ ਦੁੱਰਾਨੀ ਦੇ ਟਾਕਰੇ ਲਈ ਭੇਜੀ। ਵਜ਼ੀਰ ਕਮਰੁੱਦੀਨ ਜਦ ਇਹ ਫ਼ੌਜ ਲੈ ਕੇ ਸੋਣੀਪਤ ਪੁੱਜਾ ਤਾਂ ਉਸ ਨੂੰ ਖ਼ਬਰ ਮਿਲੀ ਕਿ ਅਹਿਮਦ ਸ਼ਾਹ ਦੁੱਰਾਨੀ ਨੇ ਲਾਹੌਰ ਤੇ ਕਬਜ਼ਾ ਕਰ ਕੇ ਉੱਥੇ ਲੁੱਟ ਮਚਾਈ ਹੋਈ ਹੈ। ਵਜ਼ੀਰ ਕਮਾਂਡਰ-ਇਨ-ਚੀਫ਼ ਘਬਰਾ ਗਿਆ ਤੇ ਉਸ ਨੇ ਮੁਹੰਮਦ ਸ਼ਾਹ ਬਾਦਸ਼ਾਹ ਪਾਸ ਸ਼ਾਹਜ਼ਾਦਾ ਅਹਿਮਦ ਨੂੰ ਇਸ ਮੁਹਿੰਮ ਦਾ ਕਮਾਂਡਰ-ਇਨ-ਚੀਫ਼ ਬਣਾ ਕੇ ਨਾਲ ਭੇਜਣ ਲਈ ਬੇਨਤੀ ਕੀਤੀ ਜਿਸ ਦੇ ਉੱਤ੍ਰ ਵਿੱਚ ੧੯ ਸਫ਼ਰ ੧੧੬੧ ਹਿਜਰੀ, ੮-੯ ਫ਼ਰਵਰੀ ੧੭੪੮, ਨੂੰ ਸ਼ਾਹਜ਼ਾਦਾ ਦਿੱਲੀਓਂ ਤੁਰਿਆ।



Digitized by Panjab Digital Library | www.panjabdigilib.org

## ਦੁੱਰਾਨੀ ਦਾ ਪਹਿਲਾ ਹੱਲਾ

ਸ਼ਾਹਜ਼ਾਦੇ ਨੇ ਸਰਦਾਰ ਆਲਾ ਸਿੰਘ ਪਟਿਆਲੀਏ, ਰਾਏ ਕਲ੍ਹਾ ਜਗਰਾਂਵੀਏਂ, ਜਮਾਲ ਖ਼ਾਨ ਮਾਲੇਰ ਕੋਟਲੀਏ ਆਦਿ ਸਰਦਾਰਾਂ ਨੂੰ ਆਪਣੀ ਸਹਾਇਤਾ ਲਈ ਬੁਲਾਇਆ।

ਜਦ ਸ਼ਾਹਜ਼ਾਦਾ ਫ਼ੌਜ ਸਮੇਤ ਮਾਛੀਵਾੜੇ ਪੁੱਜਾ, ਤਾਂ ਓਧਰੋਂ ਦੁੱਰਾਨੀ ਦੇ ਸਰਦਾਰਾਂ ਨੇ ਲੁਧਿਆਣਿਓਂ ਲਹਿੰਦੇ ਨੂੰ ਉੱਤਰ ਕੇ ਸਿੱਧਾ ਸਰਹੰਦ ਤੇ ਜਾ ਹੱਲਾ ਕੀਤਾ। ਸਰਹੰਦ ਦਾ ਹਾਕਮ ਅਲੀ ਮੁਹੰਮਦ ਖ਼ਾਨ ਰੁਹੇਲਾ ਤਾਂ ਦੁੱਰਾਨੀਆਂ ਦੇ ਆਉਣ ਦੀ ਖ਼ਬਰ ਸੁਣ ਕੇ ਹੀ ਸਹਾਰਨਪੁਰ ਨੂੰ ਭੱਜ ਗਿਆ ਤੇ ਸਰਹੰਦ ਪਰ ਦੁੱਰਾਨੀਆਂ ਦਾ ਕਬਜ਼ਾ ਹੋ ਗਿਆ। ਜਦ ਇਹ ਖ਼ਬਰ ਵਜ਼ੀਰ ਕਮਰੁੱਦੀਨ ਨੂੰ ਲੱਗੀ ਤਾਂ ਉਸ ਨੇ ਮੁਗ਼ਲ ਫ਼ੌਜ ਨਾਲ ਸਰਹੰਦ ਨੂੰ ਕੂਚ ਕੀਤਾ। ਸਰਹੰਦੋਂ ਛੇ ਕੋਹ ਉਰੇ ੩ ਮਾਰਚ ੧੭੪੮ ਨੂੰ ਮਾਣੂਪੁਰ ਦੀ ਜੂਹ ਵਿਚ ਦੁੱਰਾਨੀ ਨਾਲ ਟਾਕਰਾ ਹੋ ਪਿਆ। ਕਈ ਦਿਨ ਛੋਟੀਆਂ ਮੋਟੀਆਂ ਲੜਾਈਆਂ ਹੁੰਦੀਆਂ ਰਹੀਆਂ। ੧੦ ਮਾਰਚ ਨੂੰ ਅਚਾਨਕ ਤੋਪ ਦਾ ਇਕ ਗੋਲਾ ਵਜ਼ੀਰ ਨੂੰ ਆ ਵੱਜਾ। ਵਜ਼ੀਰ ਦੇ ਪੁੱਤ੍ਰ ਮੀਰ ਮੁਅਈਯੁਨ-ਉ-ਦੀਨ ਨੇ ਆਪਣੇ ਮਰੇ ਹੋਏ ਪਿਤਾ ਨੂੰ ਸਰ੍ਹਾਣਿਆਂ ਨਾਲ ਹਾਥੀ ਦੇ ਹੌਦੇ ਵਿਚ ਜੀਉਂਦਿਆਂ ਵਾਂਙੂ ਬਠਾ ਕੇ ਇਸ ਜ਼ੋਰ ਦਾ ਹੱਲਾ ਕੀਤਾ ਕਿ ਦੁੱਰਾਨੀਆਂ ਦੇ ਪੈਰ ਹਿੱਲ ਗਏ। ਇਤਨੇ ਨੂੰ ਦੁੱਰਾਨੀਆਂ ਦੇ ਲਾਹੌਰੋਂ ਨਾਲ ਲਿਆਂਦੇ ਹੋਏ ਦੇਸੀ ਅਗਣ-ਬਾਣਾਂ ਦੇ ਗੱਡਿਆਂ ਵਿੱਚ ਅੱਗ ਜਾ ਪਈ ਤੇ ਹਵਾਈਆਂ ਚੱਲਣੀਆਂ ਸ਼ੁਰੂ ਹੋ ਗਈਆਂ। ਇਨ੍ਹਾਂ ਨਾਲ ਦੁੱਰਾਨੀ ਹੋਰ ਭੀ ਘਬਰਾ ਉੱਠੇ ਤੇ ਮੈਦਾਨੋਂ ਭੱਜ ਨਿਕਲੇ। ਹਫ਼ਤਾ ਕੁ ਹੋਰ ਦੁੱਰਾਨੀਆਂ ਨੇ ਇੱਕੀਆਂ ਦੁੱਕੀਆਂ ਮਾਮੂਲੀ ਝੜੱਪਾਂ ਲਈਆਂ ਪਰ ਉਨ੍ਹਾਂ ਦੇ ਪੈਰ ਨਾ ਹੀ ਜੰਮ ਸਕੇ, ਅਤੇ ੧੭-੧੮ ਮਾਰਚ ਨੂੰ ਉਹ ਵਲਾਇਤ ਨੂੰ ਮੁੜ ਪਏ। ਪੰਜਾਬ ਵਿੱਚ ਦੀ ਲੰਘਣ ਵੇਲੇ ਸਿੰਘ ਉਨ੍ਹਾਂ ਦੇ ਪਿੱਛੇ ਪੈ ਗਏ ਅਤੇ



Digitized by Panjab Digital Library | www.panjabdigilib.org

ਅਟਕ ਤੱਕ ਦੱਬੀ ਗਏ।

ਇਸ ਫ਼ਤਹਿ ਦਾ ਸੇਹਰਾ ਸ਼ਾਹਜ਼ਾਦਾ ਅਹਿਮਦ ਨੇ ਮੀਰ ਮੁਅਈਯੁਨ-ਉ-ਦੀਨ ਨੂੰ ਦਿੱਤਾ ਤੇ ੨੩ ਰਬੀ-ਉ-ਸਾਨੀ ੧੧੬੧ ਹਿਜ਼ਰੀ (੧੨-੧੩ ਅਪ੍ਰੈਲ ੧੭੪੮) ਨੂੰ ਉਸ ਨੂੰ 'ਮੁਅਈਯੁਨੁ-ਲ-ਮੁਲਕ' ਤੇ 'ਰੁਸਤਮਿ ਹਿੰਦ' ਦੇ ਖ਼ਿਤਾਬ ਦੇ ਕੇ ਲਾਹੌਰ ਤੇ ਮੁਲਤਾਨ ਦੇ ਸੂਬਿਆਂ ਦਾ ਹਾਕਮ ਬਣਾ ਦਿੱਤਾ ਅਤੇ ਆਪ ਆਪਣੇ ਬੀਮਾਰ ਪਿਤਾ ਦੇ ਸੱਦੇ ਅਨੁਸਾਰ ਦਿੱਲੀ ਨੂੰ ਮੁੜ ਗਿਆ। ਸ਼ਾਹਜ਼ਾਦਾ ਅਜੇ ਚਾਰ ਮੰਜ਼ਲਾਂ ਹੀ ਦਿੱਲੀ ਵੱਲ ਨੂੰ ਗਿਆ ਸੀ ਕਿ ਮੁਹੰਮਦ ਸ਼ਾਹ ਬਾਦਸ਼ਾਹ ਚਲਾਣਾ ਕਰ ਗਿਆ, ਜਿਸ ਦੀ ਖ਼ਬਰ ਸ਼ਾਹਜ਼ਾਦੇ ਨੂੰ ਪਾਣੀਪਤ ਦੇ ਲਾਗੇ ਮਿਲੀ।*

## *ਸਿੰਘਾਂ ਦਾ ਅੰਮ੍ਰਿਤਸਰ ਪਰ ਕਬਜ਼ਾ*

[ ਮਾਰਚ–੧੭੪੮ ]

ਅਹਿਮਦ ਸ਼ਾਹ ਦੁੱਰਾਨੀ ਦੇ ਹਿੰਦ ਪਰ ਹੱਲੇ ਤੇ ਲਾਹੌਰ ਪਰ ਕਬਜ਼ੇ ਦੇ ਕਾਰਣ ਰਾਜ ਰੌਲੇ ਨੇ ਸਿੰਘਾਂ ਲਈ ਹੱਥ ਪੈਰ ਮਾਰਨ ਦਾ ਇੱਕ ਮੌਕਾ ਬਣਾ ਦਿੱਤਾ। ਜਦ ਦੇ ਸੰਮਤ ੧੭੯੪ ਬਿਕ੍ਰਮੀ, ਸੰਨ ੧੭੩੭ ਈਸਵੀ, ਵਿੱਚ ਭਾਈ ਮਨੀ ਸਿੰਘ ਜੀ ਸ੍ਰੀ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰਕੇ ਲਾਹੌਰ ਲਿਜਾ ਕੇ ਸ਼ਹੀਦ ਕੀਤੇ ਗਏ ਸਨ, ਸਿੰਘਾਂ ਲਈ ਸ੍ਰੀ ਦਰਬਾਰ ਸਾਹਿਬ ਸ੍ਰੋਵਰ ਦਾ ਅਸ਼ਨਾਨ ਬੰਦ ਕਰ

---

*ਤਾਰੀਖ਼ਿ ਅਹਿਮਦ ਸ਼ਾਹੀ, ੪-੯; ਗ਼ੁਲਾਮ ਹੁਸੈਨ ਖ਼ਾਨ, ਸੀਅਰੁ-ਲ-ਮੁਤਾਖ਼ਰੀਨ, ੧੯; ਸੋਹਨ ਲਾਲ, ਉਮਦਾਤੁ-ਤਵਾਰੀਖ਼, ਜਿਲਦ ੧; ਅਲੀ-ਉ-ਦੀਨ, ਇਬ੍ਰਤ ਨਾਮਾ, ੨੩੬-੩੮; ਖ਼ੁਸ਼ਵਕਤ ਰਾਏ, ਤਾਰੀਖ਼ਿ-ਸਿੱਖਾਂ, ੬੨-੩: ਮੁਹੰਮਦ ਲਤੀਫ਼, ਹਿਸਟਰੀ ਔਫ਼ ਦੀ ਪੰਜਾਬ, ੨੧੭-੧੯; ਸੁਲਤਾਨ ਮੁਹੰਮਦ ਖ਼ਾਨ, ਤਾਰੀਖ਼ਿ ਸੁਲਤਾਨੀ, ੧੨੬; ਬਖ਼ਤ ਮੱਲ, ਖ਼ਾਲਸਾ ਨਾਮਾ, ੩੧-੨।



Digitized by Panjab Digital Library | www.panjabdigilib.org

ਦਿੱਤਾ ਗਿਆ ਸੀ, ਕਿਉਂਕਿ ਖ਼ਾਨ ਬਹਾਦੁਰ ਜ਼ਕਰੀਆ ਖ਼ਾਨ ਨੂੰ ਨਿਸਚਾ ਬੱਝ ਰਿਹਾ ਸੀ ਕਿ ਇਹ ਸ੍ਰੋਵਰ ਦੇ ਆਬਿ-ਹਯਾਤ ਦਾ ਹੀ ਕੋਈ ਅਸਰ ਹੈ ਕਿ ਸਿੰਘ ਜਾਨਾਂ ਖ਼ਤਰੇ ਵਿੱਚ ਪਾ ਕੇ ਭੀ ਇੱਥੇ ਅਸ਼ਨਾਨ ਲਈ ਆਉਂਦੇ ਹਨ ਤੇ ਅਸ਼ਨਾਨ ਤੋਂ ਬਾਦ ਇਨ੍ਹਾਂ ਵਿੱਚ ਕੋਈ ਇਤਨੀ ਗ਼ੈਬੀ ਤਾਕਤ ਭਰੀ ਜਾਂਦੀ ਹੈ ਕਿ ਇਕੱਲਾ ਇਕੱਲਾ ਸਿੰਘ ਹਜ਼ਾਰਾਂ ਦੇ ਮੁਕਾਬਲੇ ਤੇ ਡੱਟ ਖਲੋਂਦਾ ਹੈ ਅਤੇ ਜਾਨ ਦੇ ਦੇਵੇ ਤਾਂ ਦੇ ਦੇਵੇ, ਪਰ ਧਰਮ ਤਿਆਗਣ ਲਈ ਤਿਆਰ ਨਹੀਂ ਹੁੰਦਾ। ਪੰਜਾਬ ਵਿੱਚ ਸਿੰਘਾਂ ਦੀ ਵਧ ਰਹੀ ਤਾਕਤ ਨਾਦਰ ਸ਼ਾਹ ਦੇ ਕਥਨ ਅਨੁਸਾਰ ਚੂੰਕਿ ਮੁਗ਼ਲ ਰਾਜ ਲਈ ਮੌਤ ਦੀ ਨਿਸ਼ਾਨੀ ਦਿਸ ਰਹੀ ਸੀ, ਇਸ ਲਈ ਜ਼ਕਰੀਆ ਖ਼ਾਨ ਨੇ ਆਪਣੇ ਖ਼ਿਆਲਾਂ ਅਨੁਸਾਰ ਉਨ੍ਹਾਂ ਦੀ ਤਾਕਤ ਦੇ ਸੋਮੇ ਅੰਮ੍ਰਿਤਸਰ ਤੱਕ ਪਹੁੰਚਣ ਤੋਂ ਸਿੰਘਾਂ ਨੂੰ ਰੋਕਣ ਲਈ ਸ੍ਰੀ ਦਰਬਾਰ ਸਾਹਿਬ ਪਰ ਸਰਕਾਰੀ ਚੌਂਕੀ ਬਠਾ ਦਿੱਤੀ ਸੀ। ਕੁਝ ਚਿਰ ਤਾਂ ਦੀਵਾਨ ਲਖਪਤ ਰਾਏ ਆਪ ਦੇਖ ਭਾਲ ਕਰਦਾ ਰਿਹਾ, ਪਰ ਪਿੱਛੋਂ ਸਰਕਾਰੀ ਕੋਤਵਾਲ ਇੱਥੇ ਮੁਕੱਰਰ ਹੁੰਦੇ ਰਹੇ, ਜਿਨ੍ਹਾਂ ਵਿੱਚ ਹੀ ਮੰਡਿਆਲੀਆ ਰੰਘੜ ਮੱਸਾ ਇੱਥੇ ਮੁਕੱਰਰ ਹੋਇਆ ਸੀ, ਜਿਸ ਨੂੰ ਭਾਈ ਮਤਾਬ ਸਿੰਘ ਮੀਰਾਂਕੋਟੀਏ ਤੇ ਸੁੱਖਾ ਸਿੰਘ ਮਾੜੀ-ਕੰਬੋ ਵਾਲਿਆਂ ਨੇ ਸੋਧਿਆ ਸੀ। ਹੁਣ ਇਸ ਵੇਲੇ ਇੱਥੇ ਠਰੂ ਪਿੰਡ ਦਾ ਰਾਜਪੂਤ ਸਲਾਬਤ ਖ਼ਾਨ ਨੀਯਤ ਸੀ ਜੋ ਇੱਕ ਛੋਟੀ ਜਿਹੀ ਗੜ੍ਹੀ ਸ੍ਰੋਵਰ ਦੇ ਪਾਸ ਬਣਾ ਕੇ ਰਹਿੰਦਾ ਸੀ।

ਲਾਹੌਰੋਂ ਦਿੱਲੀ ਵੱਲ ਨੂੰ ਜਾ ਰਹੇ ਅਹਿਮਦ ਸ਼ਾਹ ਦੁੱਰਾਨੀ ਨਾਲ ਸਰਾਏ ਨੂਰਦੀਂ ਤੇ ਵੈਰੋਵਾਲ ਪਰ ਝੜਪਾਂ ਪਿੱਛੋਂ ਸਿੰਘਾਂ ਦੇ ਕੁਝ ਜਥੇ ਕਲਾਨੌਰ ਜਾ ਉਤਰੇ ਸਨ ਜਿੱਥੇ ਲਖਪਤ ਰਾਏ ਦੀ ਫ਼ੌਜ ਨੇ ਉਨ੍ਹਾਂ ਦਾ ਖ਼ੁਰਾ ਜਾ ਨੱਪਿਆ। ਇੱਥੋਂ ਥੋਹੜੀ ਜਿਹੀ ਲੜਾਈ



Digitized by Panjab Digital Library | www.panjabdigilib.org

ਪਿੱਛੋਂ ਪਹਾੜ ਵੱਲ ਨੂੰ ਹੋ ਤੁਰੇ। ਸਦਰਾ ਬਦਰਾ ਪਿੰਡ ਲਾਗੇ ਸਿੰਘਾਂ ਦੀ ਸਿਆਲਕੋਟ ਦੀ ਕੰਢੀ ਡੁੱਗਰ ਦੇ ਫ਼ੌਜਦਾਰ ਰਾਜਾ ਗੁਰਦਿੱਤ ਮੱਲ ਨਾਲ ਰੋਬਕਾਰੀ ਹੋ ਪਈ ਜਿਸ ਵਿੱਚ ਗੁਰਦਿੱਤ ਮੱਲ ਭਾਂਜ ਖਾ ਕੇ ਬਿਨਾਂ ਅੱਗਾ ਪਿੱਛਾ ਡਿੱਠੇ ਜੰਮੂ ਜਾ ਵੜਿਆ ਤੇ ਖ਼ਾਲਸੇ ਨੇ ੪-੫ ਮਾਰਚ ੧੭੪੮ ਨੂੰ ਆਨੰਦ ਪੁਰ ਜਾ ਹੱਲਾ ਕੀਤਾ।

ਇਸ ਵੇਲੇ ਲਾਹੌਰ ਦਾ ਪੁਰਾਣਾ ਸੂਬੇਦਾਰ ਸ਼ਾਹਨਿਵਾਜ਼ ਖ਼ਾਨ ਲਾਹੌਰ ਨੂੰ ਦੁੱਰਾਨੀਆਂ ਪਾਸੋਂ ਲੁਟੀਂਦਾ ਛੱਡ ਕੇ ਦਿੱਲੀ ਨੂੰ ਭੱਜ ਚੁੱਕਾ ਹੋਇਆ ਸੀ। ਅਹਿਮਦ ਸ਼ਾਹ ਦੁੱਰਾਨੀ ਮੁਗ਼ਲ ਫ਼ੌਜ ਨਾਲ ਮਾਣੂਪੁਰ ਲੜਾਈ ਵਿਚ ਰੁੱਝਾ ਹੋਇਆ ਸੀ, ਇਸ ਲਈ ਖ਼ਾਲਸੇ ਨੇ ਇਸ ਅਫ਼ਰਾ ਤਫ਼ਰੀ ਦਾ ਫ਼ਾਇਦਾ ਉਠਾ ਕੇ ਸ੍ਰੀ ਅੰਮ੍ਰਿਤਸਰ ਨੂੰ ਵੈਰੀਆਂ ਦੇ ਕਬਜ਼ੇ 'ਚੋਂ ਛੁਡਾਉਣ ਲਈ ਗੁਰਮਤਾ ਸੋਧਿਆ ਤੇ ਕਮਰ ਕੱਸੇ ਕਰ ਕੇ ਤਿਆਰੇ ਗਜਾ ਦਿੱਤੇ। ਜਦ ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਹੇਠਾਂ ਸਿੰਘ ਸ੍ਰੀ ਅੰਮ੍ਰਿਤਸਰ ਆ ਪੁੱਜੇ ਤਾਂ ਉਧਰੋਂ ਸਲਾਬਤ ਖ਼ਾਨ ਭੀ ਟਾਕਰੇ ਲਈ ਨਿਕਲਿਆ, ਪਰ ਦਰਬਾਰ ਸਾਹਿਬ ਦੀ ਰੱਖਿਆ ਤੇ ਸੇਵਾ ਲਈ ਜਾਨਾਂ ਵਾਰਨ ਵਾਲੇ ਸਿੰਘਾਂ ਦਾ ਟਾਕਰਾ ਕਰਨਾ ਕੋਈ ਸੁਖਾਲਾ ਨਹੀਂ ਸੀ। ਸ੍ਰ: ਜੱਸਾ ਸਿੰਘ ਆਹਲੂਵਾਲੀਆ, ਤਾਰਾ ਸਿੰਘ ਵਾਈਆਂ, ਚੂੜ੍ਹ ਸਿੰਘ ਭੁਕਣੀਆਂ ਆਦਿ ਸਰਦਾਰ ਸਲਾਬਤ ਖ਼ਾਨ ਦੀ ਗੜ੍ਹੀ ਪਰ ਜਾ ਪਏ । ਆਪਣੀ ਫ਼ੌਜ ਦੇ ਪੈਰ ਤਿਲਕਦੇ ਵੇਖ ਕੇ ਸਲਾਬਤ ਖ਼ਾਨ ਜਦ ਉਨ੍ਹਾਂ ਨੂੰ ਹੱਲਾ ਸ਼ੇਰੀ ਦੇਣ ਲਈ ਆਪ ਅੱਗੇ ਵਧਿਆ ਤਾਂ ਜੱਸਾ ਸਿੰਘ ਨੇ ਅੱਗੇ ਹੋਕੇ ਖੰਡੇ ਦਾ ਐਸਾ ਵਾਰ ਕੀਤਾ ਕਿ ਉਸ ਦਾ ਸਿਰ ਭੋਇੰ ਤੇ ਜਾ ਪਿਆ । ਸਲਾਬਤ ਖ਼ਾਂ ਦੇ ਮਰਨ ਦੀ ਡੇਰ ਸੀ ਕਿ ਉਸ ਦੀ ਫ਼ੌਜ ਭੱਜ ਨਿਕਲੀ ਤੇ ਸਿੰਘ 'ਅਕਾਲ' 'ਅਕਾਲ' ਗੂੰਜਦੇ ਅੰਮ੍ਰਿਤਸਰ ਵਿਚ ਤੇ ਦਰਬਾਰ



Digitized by Panjab Digital Library | www.panjabdigilib.org

ਸਾਹਿਬ ਜਾ ਪੁੱਜੇ।*

## ਰਾਮ ਰਾਉਣੀ ਰਚਣ ਦਾ ਗੁਰਮਤਾ

[ ਵਸਾਖੀ ਸੰਮਤ ੧੮੦੫–ਅਪ੍ਰੈਲ ੧੭੪੮ ]

ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅੰਮ੍ਰਿਤਸਰ ਪਰ ਚੜ੍ਹਾਈ ਤੇ ਕਬਜ਼ੇ ਵਿੱਚ ਉਸ ਦੀ ਮੁਲਕਗੀਰੀ ਦੀ ਕੋਈ ਖ਼ਾਹਿਸ਼ ਕੰਮ ਨਹੀਂ ਸੀ ਕਰ ਰਹੀ, ਬਲਕਿ ਆਪਣੇ ਧਰਮ-ਅਸਥਾਨਾਂ ਨੂੰ ਜਰਵਾਣਿਆਂ ਦੇ ਹੱਥੋਂ ਛੁਡਾ ਕੇ ਆਪਣੇ ਗੁਰ-ਭਾਈਆਂ ਲਈ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਤੇ ਸਰੋਵਰ ਦੇ ਅਸ਼ਨਾਨ ਲਈ ਰਾਹ ਸਾਫ਼ ਕਰਨਾ ਸੀ। ਵਸਾਖੀ ਸਿਰ ਤੇ ਆਈ ਹੋਣ ਕਰ ਕੇ ਸਰਦਾਰ ਜੱਸਾ ਸਿੰਘ ਨੇ ਸਿੱਖ ਸੰਗਤਾਂ ਤੇ ਪੰਥ ਦੇ ਖਿੰਡੇ ਹੋਏ ਜੱਥਿਆਂ ਨੂੰ ਪਤਾ ਦੇਣ ਲਈ ਸਾਰੀਂ ਪਾਸੀਂ ਘੋੜ-ਚੜ੍ਹੇ ਦੂਤ ਦਿੱਤੇ। ਚੂੰਕਿ ਕਈ ਸਾਲਾਂ ਪਿੱਛੋਂ ਖ਼ਾਲਸੇ ਨੂੰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਤੇ ਖੁਲ੍ਹੇ ਅਸ਼ਨਾਨ ਦਾ ਮੌਕਾ ਮਿਲਿਆ ਸੀ, ਇਸ ਲਈ ਜਿੱਥੇ ਕਿਤੇ ਭੀ ਕਿਸੇ ਨੂੰ ਪਤਾ ਲੱਗਾ, ਅੰਮ੍ਰਿਤਸਰ ਨੂੰ ਕੂਚ ਕਰ ਦਿੱਤਾ। ਨਵਾਬ ਕਪੂਰ ਸਿੰਘ ਤਾਂ ਨਾਲ ਹੀ ਦੁਆਬਿਓਂ ਆਏ ਸਨ, ਸ: ਸ਼ਾਮ ਸਿੰਘ ਕਰੋੜਾਸਿੰਘੀਏ, ਸੁੱਖਾ ਸਿੰਘ ਮਾੜੀ-ਕੰਬੋ, ਚੜ੍ਹਤ ਸਿੰਘ ਸੁਕਰਚੱਕੀਏ, ਹਰੀ ਸਿੰਘ ਭੰਗੀ ਤੇ ਖੁਸ਼ਾਲ ਸਿੰਘ ਆਦਿ ਆਪਣੀਆਂ ਆਪਣੀਆਂ ਵਹੀਰਾਂ ਸਮੇਤ ਇੱਥੇ ਆ ਇਕੱਠੇ ਹੋਏ।

ਕਈ ਮੁੱਦਤ ਪਿੱਛੋਂ ਇਹ ਆਪਣੀ ਸ਼ਾਨ ਦਾ ਪਹਿਲਾ ਵਸਾਖੀ ਦਾ ਮੇਲਾ ਸੀ। ਵਰ੍ਹਿਆਂ ਪਿੱਛੋਂ ਸਿੰਘਾਂ ਨੇ ਰੱਜ ਰੱਜ ਕੇ

---

*ਸਰ ਲੈਪਲ ਗ੍ਰਿਫ਼ਿਨ, ਰਾਜਾਜ਼ ਔਫ਼ ਦੀ ਪੰਜਾਬ, ੪੫੭; ਸੱਯਦ ਮੁਹੰਮਦ ਲਤੀਫ਼, ਹਿਸਟਰੀ ਔਫ਼ ਦੀ ਪੰਜਾਬ, ੩੧੫; ਤਵਾਰੀਖ਼ਿ ਗੁਰੂ ਖ਼ਾਲਸਾ।



Digitized by Panjab Digital Library | www.panjabdigilib.org

ਭਰਾਵਾਂ ਦੇ ਦਰਸ਼ਨ ਕੀਤੇ। ਵਿਚਾਰਾਂ ਵਿਚਾਰਾਂ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਕਿਹਾ ਕਿ ਖ਼ਾਲਸਾ ਭੱਜ ਨੱਸ ਕੇ ਜੰਗਲਾਂ ਬੇਲਿਆਂ ਤੇ ਪਹਾੜੀ ਖੱਡਾਂ ਵਿੱਚ ਕੱਦ ਤੱਕ ਗੁਜ਼ਾਰਾ ਕਰੇਗਾ ? ਕੋਈ ਗੜ੍ਹੀ ਰਚ ਕੇ ਪੱਕੀ ਤਰ੍ਹਾਂ ਪੈਰ ਜਮਾਉਣੇ ਚਾਹੀਦੇ ਹਨ। ਇਹ ਤਜਵੀਜ਼ ਸਭ ਨੇ ਪ੍ਰਵਾਣ ਕਰ ਲਈ ਤੇ ਸੋਚ ਹੋਣ ਲੱਗੀ ਕਿ ਗੜ੍ਹੀ ਰਚੀ ਕਿੱਥੇ ਜਾਏ। ਕਈ ਵਿਚਾਰਾਂ ਹੋਈਆਂ, ਜਿਨ੍ਹਾਂ ਵਿੱਚ ਸ: ਸੁੱਖਾ ਸਿੰਘ ਮਾੜੀ-ਕੰਬੋ ਵਾਲੇ ਤੇ ਕੁਝ ਹੋਰ ਸਿਦਕੀ ਸਿੰਘਾਂ ਨੇ ਕਿਹਾ ਕਿ ਗੁਰੂ ਕੀ ਨਗਰੀ ਅੰਮ੍ਰਿਤਸਰ ਨੂੰ ਛੱਡ ਕੇ ਹੋਰ ਕਿੱਧਰ ਜਾਣਾ ਹੈ ? ਇੱਥੇ ਹੀ ਕਿਲਾ ਰਚਿਆ ਜਾਏ; ਜੇ ਜੀਵੀਏ ਤਾਂ ਗੁਰੂ ਕੀ ਗੋਦੇ, ਜੇ ਮਰੀਏ ਤਾਂ ਹਰਿ ਕੇ ਦੁਆਰੇ।

## *ਸਿੰਘਾਂ ਨੇ ਰਾਮ ਰਾਉਣੀ ਰਚਣਾ*

[ ਅਪ੍ਰੈਲ ੧੭੪੮ ]

ਜਦ ਇਹ ਗੁਰਮਤਾ ਸੋਧਿਆ ਗਿਆ ਤਾਂ ਝੱਟ ਪੱਟ ਕੰਮ ਆਰੰਭ ਕਰ ਦਿੱਤਾ ਗਿਆ ਤੇ ਜਿਸ ਅਸਥਾਨ ਤੇ ਗੁਰੂ ਸਾਹਿਬ ਨੇ ਖੂਹੀ ਲਵਾਈ ਸੀ ਓਥੇ ਨੀਂਹ ਧਰੀ ਗਈ। ਬਾਹਰੋਂ ਕੋਈ ਕਾਰੀਗਰ ਲਿਆਉਣ ਦੀ ਤਾਂ ਲੋੜ ਹੀ ਨਹੀਂ ਸੀ, ਸਿੰਘਾਂ ਵਿੱਚ ਹੀ ਰਾਜ ਤੇ ਮਜ਼ੂਰ ਮੌਜੂਦ ਸਨ। ਪ੍ਰੇਮ-ਸੇਵਾ ਦੇ ਚਾਉ ਨਾਲ ਸਿੰਘ ਵੱਧ ਵੱਧ ਕੇ ਸੇਵਾ ਕਰਨ ਲੱਗ ਪਏ। ਛੋਟੇ ਵੱਡੇ ਕੰਮ ਦਾ ਤਾਂ ਕਿਸੇ ਨੂੰ ਖ਼ਿਆਲ ਹੀ ਨਹੀਂ ਸੀ ਆਉਂਦਾ ਅਤੇ ਨਾਂ ਹੀ ਕੋਈ ਕਿਸੇ ਨਾਲ ਸ਼ਰੀਕਾ ਕਰਦਾ ਸੀ। ਕਿਸੇ ਦੇ ਸਿਰ ਵਿੱਚ ਆਗੂ-ਪੁਣੇ ਦੀ ਲਾਲਸਾ ਤੇ ਸਰਦਾਰੀ ਦੀ ਬੋ ਨਹੀਂ ਸੀ। ਆਪੇ ਹੀ ਪੀਂਹਦੇ ਤੇ ਪਕਾਉਂਦੇ ਤੇ ਆਪੇ ਹੀ ਚਣਾਈ ਤੇ ਮਜ਼ੂਰਾਂ ਦਾ ਕੰਮ ਕਰਦੇ ਸਨ। ਇੱਕੋ ਵੇਰੀ ਹੀ ਚਾਰੇ ਲੰਗਾਂ ਲੈ ਤੁਰੇ, ਤੇ ਥੋੜੇ ਚਿਰ ਵਿੱਚ ਹੀ ਰਾਉਣੀ ਖਿੱਚ ਕੱਢੀ।



Digitized by Panjab Digital Library | www.panjabdigilib.org

## ਦੁੱਰਾਨੀ ਦਾ ਪਹਿਲਾ ਹੱਲਾ

ਭੰਗੂ ਰਤਨ ਸਿੰਘ ਨੇ ਆਪਣੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਸ ਦਾ ਇਉਂ ਜ਼ਿਕਰ ਕੀਤਾ ਹੈ:—

ਹੁਤੀ ਖੂਹੀ ਤਹ ਗੁਰੂ ਲਵਾਈ।
ਤਿਹ ਥਾਂ ਲੀਨੀ ਨੀਂਹ ਧਰਾਈ।
ਆਪੇ ਰਾਜ ਸਿੰਘ ਆਪ ਮਜੂਰ।
ਬਡੇ ਭੁਜੰਗੀ ਦਿਲ ਕੇ ਸੂਰ ॥ ੧੫ ॥
ਆਪੇ ਪੀਸੈਂ ਆਪੇ ਪਕਾਵੈਂ।
ਤੇ ਤੇ ਬਡੇ ਸਰਦਾਰ ਕਹਾਵੈਂ।
ਜੋਊ ਕਰੈ ਸਿੰਘ ਵੱਡੋ ਕੰਮ।
ਧੰਨ ਧੰਨ ਕਹੈਂ ਸਿੰਘ ਤਿਸੈ ਜੰਮ ॥ ੧੬ ॥
ਕੋਈ ਕਰੈ ਨਾ ਕਿਸੀ ਸਰੀਕਾ।
ਕੋਈ ਨਾ ਸੁਨਾਵੈ ਦੁਖ ਨਿਜ ਜੀ ਕਾ।
ਕੰਧ ਬਣਾਵੈਂ ਦੌੜ ਦੌੜ।
ਜਿਮ ਬੰਦਰ ਪੁਲ ਬੰਧਤ ਧੌੜ ॥ ੧੭ ॥

ਦੋਹਰਾ ॥

ਚਾਰੇ ਲੰਗਾਂ ਲੈ ਤੁਰੇ ਨਿਸ ਦਿਨ ਨਾਹਿ ਥਕਾਇ।
ਹੌਲੀ ਹੌਲੀ ਜਿਮ ਕਹੈ ਤਿਮ ਤਿਮ ਦੌੜ ਕਮਾਹਿ ॥ ੧੮ ॥

* * * * *

॥ ਚੌਪਈ ॥

ਆਪੇ ਪੱਟੈਂ ਆਪ ਉਸਾਰੈਂ।
ਰਾਜ ਮਜੂਰ ਸਿੰਘ ਗੁਰੂ-ਪਜਾਰੈ।
ਰਾਤ ਦਿਵਸ ਕਰ ਕੰਧ ਚਿਣਾਈ।
ਕਿਛ ਕੁ ਆਸਰੋ ਲਯੋ ਬਣਾਈ ॥ ੨੧ ॥



Digitized by Panjab Digital Library | www.panjabdigilib.org

ਸਿੰਘ ਪੰਜ ਸੈ ਭਯੋ ਊਹਾਂ ਸਾਰੋ।
ਸ਼ਹੀਦ ਹੋਣ ਕੋ ਉਨ ਪ੍ਰਣ ਧਾਰੋ।
ਔਰ ਜ਼ਯਾਦ ਕੀ ਜਗਾ ਥੀ ਨਾਹੀਂ।
ਇਸ ਵਿਧ ਸਿੰਘ ਵੜੇ ਘਣੇ ਨਾਹੀਂ ॥੨੨॥

[ ਪੰਨਾ ੩੯੯-੪੦੦ ]

ਰਾਉਣੀ ਕੋਈ ਗੜ੍ਹ, ਕੋਟ ਯਾ ਕਿਲਾ ਨਹੀਂ ਹੁੰਦੀ, ਕੇਵਲ ਸਿਰ ਲੁਕਾਉਣੀ ਹੀ ਹੁੰਦੀ ਹੈ। ਇਕ ਤਕੜੀ ਮੋਟੀ ਦੀਵਾਰ ਦੀ ਵਲਗਣ ਨੂੰ ਰਾਉਣੀ ਆਖਦੇ ਹਨ। ਗੜ੍ਹ ਯਾ ਕੋਟ ਵੱਡੀਆਂ ਚੀਜ਼ਾਂ ਹਨ ਤੇ ਉਨ੍ਹਾਂ ਨੂੰ ਬਣਾਉਣ ਨੂੰ ਭੀ ਚਿਰ ਲਗਦਾ ਹੈ। ਰਾਉਣੀ ਦਾ ਕੰਮ ਮੁਕਾ ਕੇ ਟਾਂਗੂਆਂ ਲਈ ਬੜੇ ਉੱਚੇ ਉੱਚੇ ਬੁਰਜ ਬਣਾਏ ਤੇ ਫੇਰ ਦਰਵਾਜ਼ੇ ਬਣਾ ਕੇ ਆਲੇ ਦੁਆਲੇ ਇਕ ਡੂੰਘੀ ਜਿਹੀ ਖਾਈ ਪੁਟ ਲਈ ਤੇ ਗੁਰੂ ਰਾਮ ਦਾਸ ਦੇ ਨਾਮ ਉੱਤੇ ਇਸ ਦਾ ਨਾਮ 'ਰਾਮ ਰਾਉਣੀ'* ਰੱਖਿਆ।

---

*ਕਈ ਫ਼ਾਰਸੀ ਲਿਖਾਰੀਆਂ ਤੇ ਉਨ੍ਹਾਂ ਦੀ ਨਕਲ ਕਰਨ ਵਾਲਿਆਂ ਨੇ ਇਸ ਦਾ ਨਾਮ 'ਰਾਮ ਰਤਨੀ' ਯਾ 'ਰਾਮ ਰੋਟੀ' ਆਦਿ ਲਿਖਿਆ ਹੈ, ਜੋ ਠੀਕ ਨਹੀਂ।

ਡਾਕਟਰ ਹਰੀ ਰਾਮ ਗੁਪਤਾ ਨੇ ਆਪਣੀ ਕਿਤਾਬ 'ਸਿੱਖ ਹਿਸਟਰੀ (੧੭੩੯- ੬੮)' ਵਿਚ 'ਰਾਮ ਰਾਉਣੀ' ਦੇ ਰਚੇ ਜਾਣ ਦੀ ਤਾਰੀਖ਼ਿ ਅਪ੍ਰੈਲ ੧੭੪੭ ਦਿੱਤੀ ਹੈ, ਜੋ ਠੀਕ ਤਾਰੀਖ਼ਿ ਤੋਂ ਇਕ ਸਾਲ ਪਹਿਲਾਂ ਹੈ। ਡਾਕਟਰ ਗੁਪਤਾ ਨੂੰ ਇਹ ਭੁਲੇਖਾ 'ਪ੍ਰਾਚੀਨ ਪੰਥ ਪ੍ਰਕਾਸ਼' ਤੋਂ ਲੱਗਾ ਹੈ ਜਿਸ ਵਿਚ ਇਨ੍ਹਾਂ ਵਾਕਿਆਤ ਨੂੰ ਨਿਖੇੜ ਕੇ ਨਹੀਂ ਦਿੱਤਾ ਹੋਇਆ। ਗਿਆਨੀ ਗਿਆਨ ਸਿੰਘ ਦੇ 'ਪੰਥ ਪ੍ਰਕਾਸ਼' ਦੂਸਰੀ ਵਾਰ [ ਹਾੜ੍ਹ ੧੯੪੬ ਬਿਕ੍ਰਮੀ, ਸੰਨ ੧੮੮੯ ਈ: ] ਤੇ 'ਸ਼ਮਸ਼ੇਰ ਖ਼ਾਲਸਾ' [ ਸੰਨ ੧੮੯੨ ਈ: ] ਵਿੱਚ ਦਿੱਤੇ ਵਾਕਿਆਤ ਦਾ ਸਿਲਸਿਲਾ ਇਸ ਸੰਬੰਧੀ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਛੱਡਦਾ। ਇਨ੍ਹਾਂ ਗ੍ਰੰਥਾਂ ਵਿੱਚ 'ਰਾਮ ਰਾਓਣੀ' ਦਾ ਰਚਿਆ ਜਾਣਾ ਅਹਿਮਦ ਸ਼ਾਹ ਦੁੱਰਾਨੀ ਦੇ ਪਹਿਲੇ ਹੱਲੇ ਤੋਂ ਬਾਦ ਲਿਖਿਆ ਹੈ। ਇਸ ਅਨੁਸਾਰ ਅਪ੍ਰੈਲ੧੭੪੮ ਈ:, ਵਸਾਖ ੧੮੦੫ ਬਿਕ੍ਰਮੀ, ਹੀ ਠੀਕ ਬੈਠਦਾ ਹੈ।



Digitized by Panjab Digital Library | www.panjabdigilib.org

## ਦੁੱਰਾਨੀ ਦਾ ਪਹਿਲਾ ਹੱਲਾ

ਏਹ ਕੋਈ ਬਹੁਤ ਵੱਡੀ ਚੀਜ਼ ਤਾਂ ਹੈ ਹੀ ਨਹੀਂ ਸੀ, ਕੇਵਲ ਪੰਜ ਕੁ ਸੌ ਘੋੜੇ ਲਈ ਸਿਰ ਲੁਕਾਉਣੀ ਸੀ, ਇਸ ਲਈ ਅੰਦਰ ਕੇਵਲ ਇਤਨੇ ਕੁ ਸਿੰਘ ਹੀ ਟਿਕ ਸਕੇ । ਬਾਕੀ ਦੇ ਸਿੰਘ ਲਾਗੇ ਦੀਆਂ ਬੀੜਾਂ ਤੇ ਪਿੰਡਾਂ ਵਿੱਚ ਜਾ ਰਹੇ ਜਿੱਥੋਂ ਕਿ ਲੋੜ ਵੇਲੇ ਬੁਰਜਾਂ ਤੋਂ ਟਾਂਗੂਆਂ ਦੇ ਨਿਗਾਰਿਆਂ ਦੀ ਅਵਾਜ਼ ਸੁਣਦੇ ਸਾਰ ਹੀ ਪੁੱਜ ਸੱਕਣ ।



Digitized by Panjab Digital Library | www.panjabdigilib.org

# ਮੀਰ ਮੰਨੂੰ ਦੀ ਹਕੂਮਤ ਦਾ ਆਰੰਭ ਤੇ ਦੀਵਾਨ ਕੌੜਾ ਮੱਲ

[ ਅਪ੍ਰੈਲ ੧੭੪੮ ਈ: ]

ਜਿਸ ਵੇਲੇ (ਅਪ੍ਰੈਲ ੧੭੪੮ ਵਿੱਚ) ਸਿੰਘ ਅੰਮ੍ਰਿਤਸਰ ਰਾਮ ਰਾਉਣੀ ਰਚਣ ਦੇ ਆਹਰ ਵਿਚ ਲੱਗੇ ਹੋਏ ਸਨ ਉਸ ਵੇਲੇ ਮੀਰ ਮੁਅਈਯਨੁ-ਲ-ਮੁਲਕ (ਜੋ ਇਤਿਹਾਸ ਵਿੱਚ ਮੀਰ ਮੰਨੂੰ ਕਰ ਕੇ ਪ੍ਰਸਿੱਧ ਹੈ) ਸ਼ਾਹਜ਼ਾਦਾ ਮਿਰਜ਼ਾ ਅਹਿਮਦ ਪਾਸੋਂ ਲਾਹੌਰ ਤੇ ਮੁਲਤਾਨ ਦੇ ਸੂਬਿਆਂ ਦੀ ਖ਼ਿਲਅਤ ਲੈ ਕੇ ਸਤਲੁਜੋਂ ਪਾਰ ਲੰਘ ਆਪਣੀ ਹਕੂਮਤ ਦੇ ਅਲਾਕੇ ਵਿਚ ਦਾਖ਼ਲ ਹੋ ਰਿਹਾ ਸੀ। ਉਸ ਦੇ ਲਾਹੌਰ ਪੁੱਜਣ ਤੋਂ ਪਹਿਲਾਂ ਹੀ ਅਹਿਮਦ ਸ਼ਾਹ ਦੁੱਰਾਨੀ ਪੰਜਾਬ ਦੀ ਹੱਦ ਟੱਪ ਚੁੱਕਾ ਸੀ। ਜਿਸ ਵੇਲੇ ਮੀਰ ਮੰਨੂੰ ਲਾਹੌਰ ਦੇ ਨਜ਼ਦੀਕ ਪੁੱਜਾ, ਤਾਂ ਅਦੀਨਾ ਬੇਗ ਖ਼ਾਨ ਦੁਆਬਾ ਬਿਸਤ ਜਾਲੰਧਰ ਦਾ ਹਾਕਮ, ਮੀਰ ਮੋਮਨ ਖ਼ਾਨ ਤੇ ਦੀਵਾਨ ਲਖਪਤ ਰਾਏ ਉਸ ਦੇ ਸਵਾਗਤ ਲਈ ਅੱਗੇ ਗਏ ਤੇ ਨਵਾਬ ਫ਼ਿਦਾਇ ਖ਼ਾਨ ਦੀ ਹਵੇਲੀ ਵਿੱਚ ਉਤਾਰਾ ਦਿੱਤਾ। ਮੀਰ ਮੰਨੂੰ ਨੇ ਲਾਹੌਰ ਪੁੱਜ ਕੇ ਦੁੱਰਾਨੀ ਵੱਲੋਂ ਮੁਕੱਰਰ ਹੋਏ ਹਾਕਮ ਦੀਵਾਨ ਲਖਪਤ ਰਾਏ ਨੂੰ ਕੈਦ ਕਰ ਲਿਆ, ਤੀਹ ਲੱਖ ਰੁਪਇਆ ਉਸ ਦੇ ਉੱਤੇ ਜੁਰਮਾਨਾ ਕੀਤਾ ਤੇ ਉਸ ਦੀ ਜਗਾ ਦੀਵਾਨ ਕੌੜਾ ਮੱਲ ਨੂੰ ਆਪਣਾ ਨਾਇਬ ਹਾਕਮ ਤੇ ਦੀਵਾਨਿ ਅਦਾਲਤ ਮੁਕੱਰਰ ਕੀਤਾ।

ਤੀਹ ਲੱਖ ਰੁਪਏ ਵਿੱਚੋਂ ਅਠਾਰਾਂ ਲੱਖ ਰੁਪਇਆ ਤਾਂ ਦੀਵਾਨ ਲਖਪਤ ਰਾਏ ਨੇ ਭਰ ਦਿਤਾ, ਦੋ ਲੱਖ ਵਿਚ ਉਸ ਦਾ ਘਰ



Digitized by Panjab Digital Library | www.panjabdigilib.org

ਘਾਟ ਤੇ ਜਾਇਦਾਦ ਜ਼ਬਤ ਹੋ ਗਏ, ਪਰ ਜੋ ਦਸ ਲੱਖ ਬਾਕੀ ਸੀ ਓਹ ਤਾਰ ਨਾ ਸੱਕਿਆ, ਜਿਸ ਦੇ ਬਦਲੇ ਉਸ ਨੂੰ ਉਮਰ ਕੈਦ ਬੋਲੀ ਗਈ।

ਦੀਵਾਨ ਕੌੜਾ ਮੱਲ ਨੂੰ ਪਤਾ ਸੀ ਕਿ ਕਿਵੇਂ ਲਖਪਤ ਰਾਏ ਨੇ ਨਾ-ਹੱਕ ਬੇਦੋਸੇ ਹਜ਼ਾਰਾਂ ਸਿੰਘਾਂ ਨੂੰ ਕਤਲ ਕਰਵਾਇਆ ਤੇ ਕਸ਼ਟ ਦਿੱਤੇ ਸਨ, ਇਸ ਲਈ ਉਸ ਨੇ ਬਾਕੀ ਦਾ ਦਸ ਲੱਖ ਰੁਪਇਆ ਇਸ ਸ਼ਰਤ ਤੇ ਆਪਣੇ ਕੋਲੋਂ ਤਾਰਨਾ ਪ੍ਰਵਾਣ ਕਰ ਲਿਆ ਕਿ ਲਖਪਤ ਰਾਏ ਨੂੰ ਉਸ ਦੇ ਹਵਾਲੇ ਕਰ ਦਿੱਤਾ ਜਾਵੇ। ਮੀਰ ਮੰਨੂੰ ਨੂੰ ਇਸ ਵਿੱਚ ਕੀ ਉਜ਼ਰ ਹੋ ਸਕਦਾ ਸੀ ? ਸੋ ਕੌੜਾ ਮੱਲ ਨੇ ਦਸ ਲੱਖ ਰੁਪਿਆ ਲਿਖ ਦਿੱਤਾ ਤੇ ਲਖਪਤ ਰਾਏ ਨੂੰ ਲੈ ਕੇ ਸਿੰਘਾਂ ਦੇ ਹਵਾਲੇ ਕਰ ਦਿੱਤਾ। ਸਿੰਘਾਂ ਉਸ ਨੂੰ ਮੁਸ਼ਕਾਂ ਤਾੜ ਕੇ ਇਕ ਸੰਧ-ਖ਼ਾਨੇ ਵਿੱਚ ਬੰਦ ਕਰ ਦਿੱਤਾ ਜਿੱਥੇ ਕਿ ਉਸ ਨੂੰ ਆਪਣੀਆਂ ਕਰਨੀਆਂ ਭਰਨੀਆਂ ਲਈ ਸਾਖ਼ਿਆਤ ਨਰਕ ਭੋਗਣਾ ਪਿਆ* ।

---

*ਖ਼ੁਸ਼ਵਕਤ ਰਾਏ, ਤਾਰੀਖ਼ਿ--ਸਿੱਖਾਂ, ੬੭; ਤਹਿਮਾਸ ਨਾਮਾ, ੳ੭੨; ਅਲੀ-ਉ-ਦੀਨ, ਇਬਰਤ ਨਾਮਾ, ੨੩੮; ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ੨੯੦-੯੮; ਗਿਆਨ ਸਿੰਘ, ਸ਼ਮਸ਼ੇਰ ਖ਼ਾਲਸਾ, ਸਿਆਲਕੋਟ (੧੮੯੨) ਐਡੀਸ਼ਨ, ੪੭੦।

ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਤਾਂ ਇਸ ਗੱਲ ਦਾ ਖੋਲ੍ਹ ਕੇ ਜ਼ਿਕਰ ਨਹੀਂ ਕੀਤਾ, ਪਰ ਗਿਆਨ ਸਿੰਘ ਦੇ 'ਸ਼ਮਸ਼ੇਰ ਖ਼ਾਲਸਾ' ਅਨੁਸਾਰ ਲਖਪਤ ਰਾਏ ਇੱਥੇ ਨਰਕ ਭੋਗ ਕੇ ਚਲਾਣਾ ਕਰ ਗਿਆ। ਪਰ ਇਹ ਗੱਲ ਸ਼ੱਕ ਵਾਲੀ ਹੈ ਕਿਉਂਕਿ ਕਈ ਇਤਿਹਾਸਾਂ ਤੋਂ ਲਖਪਤ ਰਾਏ ਦਾ ਇਸ ਵਾਕੇ ਤੋਂ ਕੁਝ ਚਿਰ ਬਾਦ ਭੀ ਜੀਉਂਦਾ ਰਹਿਣਾ ਪ੍ਰਤੀਤ ਹੁੰਦਾ ਹੈ।



Digitized by Panjab Digital Library | www.panjabdigilib.org

## *ਮੁਲਤਾਨ ਵਿੱਚ ਨਾਇਬ ਨਾਜ਼ਿਮ*

ਸੰਨ ੧੭੨੬ ਈਸਵੀ ਵਿੱਚ ਨਵਾਬ ਅਬਦੁੱਸਮਦ ਖ਼ਾਨ ਦਿਲੇਰਿ-ਜੰਗ ਲਾਹੌਰੋਂ ਬਦਲ ਕੇ ਮੁਲਤਾਨ ਦਾ ਹਾਕਮ ਬਣਿਆ ਸੀ। ਜਨਵਰੀ ੧੭੩੮ ਦੇ ਇਰਦ ਗਿਰਦ ਜਦ ਓਹ ਮਰ ਗਿਆ ਤਾਂ ਉਸ ਦੇ ਪੁਤ੍ਰ ਜ਼ਕਰੀਆ ਖ਼ਾਨ ਨੇ ਆਪਣੇ ਪੁਤ੍ਰ ਹਯਾਤੁੱਲਾ ਖ਼ਾਨ (ਪ੍ਰਸਿੱਧ ਨਾਮ ਮਿਰਜ਼ਾ ਫ਼ਿਲੌਰੀ ਖ਼ਾਨ) ਨੂੰ, ਜੋ ਪਿੱਛੋਂ ਨਾਦਰ ਸ਼ਾਹ ਵੱਲੋਂ ਨਿਵਾਜੇ ਜਾਣ ਪਰ 'ਸ਼ਾਹਨਿਵਾਜ਼ ਖ਼ਾਨ' ਕਰਕੇ ਪ੍ਰਸਿੱਧ ਹੋਇਆ, ਓਥੇ ਮੁਕੱਰਰ ਕਰ ਕੇ ਭੇਜ ਦਿੱਤਾ। ਜਦ ਸ਼ਾਹਨਿਵਾਜ਼ ਖ਼ਾਨ ਲਾਹੌਰ ਨੂੰ ਗਿਆ ਤਾਂ ਆਪਣੀ ਥਾਂ ਖ਼੍ਵਾਜਾ ਇਸਹਾਕ ਨੂੰ ਹਾਕਮ ਬਣਾ ਕੇ ਛੱਡ ਗਿਆ। ਜ਼ਾਹਦ ਖ਼ਾਨ ਸੱਦੋਜ਼ਈ ਚਾਹੁੰਦਾ ਸੀ ਕਿ ਇਹ ਜਗਾ ਮੈਨੂੰ ਮਿਲੇ। ਚੁਨਾਂਚਿ ਇਸ ਮਤਲਬ ਲਈ ਓਹ ਵਜ਼ੀਰ ਕਮਰੁੱਦੀਨ ਖ਼ਾਨ ਨੂੰ ਮਿਲਣ ਲਈ ਦਿੱਲੀ ਗਿਆ। ਪਹਿਲਾਂ ਤਾਂ ਓਸ ਨੂੰ ਕਾਮਯਾਬੀ ਨਾ ਹੋਈ, ਪਰ ਪਿੱਛੋਂ ਅਲੀ ਮੁਹੰਮਦ ਖ਼ਾਨ ਰੁਹੇਲੇ ਦੀ ਮੱਦਦ ਤੇ ਸਫ਼ਾਰਿਸ਼ ਪਰ ਵਜ਼ੀਰ ਨੇ ਬਾਦਸ਼ਾਹ ਪਾਸੋਂ ਮੁਲਤਾਨ ਦੀ ਸੂਬੇਦਾਰੀ ਦੀ ਸਨਦ ਜ਼ਾਹਦ ਖ਼ਾਨ ਨੂੰ ਲੈ ਦਿੱਤੀ। ਜ਼ਾਹਦ ਖ਼ਾਨ ਸਨਦ ਲੈ ਕੇ ਮਾਰਵਾੜ ਦੇ ਰਸਤੇ ਮੁਲਤਾਨ ਨੂੰ ਤੁਰਿਆ ਤੇ ਆਪਣੇ ਪੁਤ੍ਰਾਂ ਤੇ ਭਰਾਵਾਂ ਨੂੰ ਖ਼ਬਰ ਭੇਜ ਦਿੱਤੀ। ਜਦ ਇਸ ਗੱਲ ਦਾ ਪਤਾ ਇਸਹਾਕ ਖ਼ਾਨ ਨੂੰ ਲੱਗਾ ਤਾਂ ਬਾਦਸ਼ਾਹੀ ਸਨਦ ਦੀ ਪਰਵਾਹ ਨਾ ਕਰਦੇ ਹੋਏ ਓਸ ਨੇ ਜ਼ਾਹਦ ਖ਼ਾਨ ਨੂੰ ਚਾਰਜ ਦੇਣੋਂ ਇਨਕਾਰ ਕਰ ਦਿੱਤਾ ਤੇ ਲੜਾਈ ਲਈ ਤਿਆਰੀ ਕਰ ਲਈ। ਪਰ ਲੜਾਈ ਵਿੱਚ ਓਸ ਨੂੰ ਹਾਰ ਹੋ ਗਈ ਤੇ ਜ਼ਾਹਦ ਖ਼ਾਨ ਮੁਲਤਾਨ ਦਾ ਹਾਕਮ ਹੋ ਗਿਆ। ਜਦ ਦੁੱਰਾਨੀ ਪਹਿਲੀ ਵਾਰੀ ਆਇਆ ਤੇ ਮਾਣੂ ਪੁਰ ਦੇ ਮੈਦਾਨ ਵਿੱਚ ਹਾਰ ਹੋ ਜਾਣ ਤੇ ਆਪਣੇ ਦੇਸ ਨੂੰ ਮੁੜ



Digitized by Panjab Digital Library | www.panjabdigilib.org

ਗਿਆ ਤਾਂ ਓਸ ਨੇ ਖ਼ਾਨਦਾਨੀ ਭਰਾ ਤੇ ਕੁਝ ਪੀੜ੍ਹੀਆਂ ਤੋਂ ਖ਼ੂਨ ਦਾ ਰਿਸ਼ਤਾ ਹੋਣ ਕਰਕੇ ਮੁਲਤਾਨ ਦੀ ਹਕੂਮਤ ਪਰ ਜ਼ਾਹਦ ਖ਼ਾਨ ਨੂੰ ਹੀ ਕਾਇਮ ਰੱਖਿਆ ਸੀ ਤੇ ਦੁੱਰਾਨੀ ਅਤੇ ਜ਼ਾਹਦ ਖ਼ਾਨ ਵਿੱਚ ਲਿਖਾ ਪੜ੍ਹੀ ਭੀ ਹੋਈ ਸੀ।

ਹੁਣ ਜਿਸ ਵੇਲੇ ਮੀਰ ਮੰਨੂੰ ਲਾਹੌਰ ਤੇ ਮੁਲਤਾਨ ਦੋਹਾਂ ਸੂਬਿਆਂ ਦਾ ਹਾਕਮ ਹੋ ਕੇ ਆਇਆ ਤਾਂ ਉਸ ਲਈ ਦੁੱਰਾਨੀ ਦੇ ਆਦਮੀ ਜ਼ਾਹਦ ਖ਼ਾਨ ਨੂੰ ਓਥੇ ਕਾਇਮ ਰੱਖ ਸਕਣਾ ਮੁਸ਼ਕਲ ਸੀ। ਉਸ ਦੀ ਨਜ਼ਰ ਵਿੱਚ ਕੌੜਾ ਮੱਲ ਹੀ ਇਕ ਐਸਾ ਆਦਮੀ ਜਚਿਆ ਜਿਸ ਨੂੰ ਕਿ ਓਥੇ ਭੇਜਿਆ ਜਾ ਸਕਦਾ ਸੀ, ਇਸ ਲਈ ਉਸ ਨੇ ਇਸ ਨੂੰ ਨਾਇਬ ਹਾਕਮ ਮੁਕੱਰਰ ਕਰ ਕੇ ਮੁਲਤਾਨ ਭੇਜ ਦਿੱਤਾ। ਕੌੜਾ ਮੱਲ ਨੂੰ ਆਉਂਦਾ ਸੁਣ ਕੇ ਜ਼ਾਹਦ ਖ਼ਾਨ ਆਕੀ ਹੋ ਗਿਆ ਤੇ ਜੰਗ ਦੀ ਤਿਆਰੀ ਕਰ ਲਈ। ਉਸ ਦੇ ਰਿਸ਼ਤੇਦਾਰਾਂ ਨੇ ਬਥੇਰਾ ਸਮਝਾਇਆ ਪਰ ਜ਼ਾਹਦ ਖ਼ਾਨ ਨੇ ਇਕ ਨਾ ਸੁਣੀ। ਇਸ ਮਤ-ਭੇਦ ਦੇ ਕਾਰਣ ਉਸ ਦੇ ਪੁਤ੍ਰ ਸ਼ਾਕਿਰ ਖ਼ਾਨ ਤੇ ਸ਼ੁਜਾਹ ਖ਼ਾਨ ਓਸ ਤੋਂ ਵੱਖ ਹੋ ਗਏ ਤੇ ਕਈ ਅਫ਼ਸਰ ਤੇ ਸੱਦੋਜ਼ਈ ਖ਼ਾਨ ਭੀ ਪਰੇ ਹਟ ਗਏ। ਇਕ ਅਬਦੁਲ ਰਹੀਮ ਵਲਦ ਵਫ਼ਾਦਾਰ ਖ਼ਾਨ ਸੱਦੋਜ਼ਈ ਸੁਲਤਾਨਖੇਲ ਹੀ ਉਸ ਦੇ ਨਾਲ ਰਿਹਾ ਕਿਉਂਕਿ ਜ਼ਾਹਦ ਖ਼ਾਨ ਨੇ ਉਸ ਨੂੰ ਜਾਗੀਰ ਦਿੱਤੀ ਸੀ।

ਜ਼ਾਹਦ ਖ਼ਾਨ ਕੌੜਾ ਮੱਲ ਦੇ ਟਾਕਰੇ ਲਈ ਪਿੰਡ ਮਤੀ ਤਲ ਤੱਕ ਫ਼ੌਜਾਂ ਲੈਕੇ ਅੱਗੇ ਵਧਿਆ ਪਰ ਇੱਥੇ ਲੜਾਈ ਵਿਚ ਜ਼ਾਹਦ ਖ਼ਾਨ ਕੌੜਾ ਮੱਲ ਦੀ ਝਪਟ ਨੂੰ ਸਹਾਰ ਨਾ ਸੱਕਿਆ ਤੇ ਮੈਦਾਨ ਛੱਡ ਕੇ ਪਾਲਕੀਓਂ ਉਤਰ ਕੇ ਨੰਗੀ ਪੈਰੀਂ ਹੀ ਭੱਜ ਨਿਕਲਿਆ ਤੇ ਅਬਦੁਲ ਰਹੀਮ ਖ਼ਾਨ ਨੇ ਬੜੀ ਮੁਸ਼ਕਲ ਨਾਲ ਉਸ ਨੂੰ ਬਾਹਰ ਕੱਢ ਕੇ ਉਸ ਦੀ ਜਾਨ ਬਚਾਈ ਤੇ ਫਿਰ ਓਹ ਸੀਤ ਪੁਰ ਨੂੰ ਦੌੜ ਗਿਆ।



Digitized by Panjab Digital Library | www.panjabdigilib.org

ਕੁਝ ਚਿਰ ਕੌੜਾ ਮੱਲ ਮੁਲਤਾਨ ਦੇ ਪ੍ਰਬੰਧ ਲਈ ਇੱਥੇ ਠਹਰਿਆ। ਪਰ ਮੀਰ ਮੰਨੂੰ ਨੂੰ ਆਪਣੇ ਪਾਸ ਲਾਹੌਰ ਓਸ ਦੀ ਜ਼ਿਆਦਾ ਲੋੜ ਸੀ, ਇਸ ਲਈ ਕੌੜਾ ਮੱਲ ਨੇ ਅਬਦੁਲ ਅਜ਼ੀਜ਼ ਖ਼ਾਨ ਨੂੰ ਆਪਣਾ ਨਾਇਬ ਬਣਾ ਕੇ ਮੁਲਤਾਨ ਛੱਡਿਆ ਤੇ ਟੱਬਰ ਕਬੀਲੇ ਨੂੰ ਭੀ ਓਥੇ ਹੀ ਛੱਡ ਕੇ ਆਪ ਲਾਹੌਰ ਨੂੰ ਮੁੜ ਆਇਆ*।

## *ਪਹਾੜੀ ਰਾਜਿਆਂ ਨੂੰ ਸੋਧਣਾ*

ਲਾਹੌਰ ਆ ਕੇ ਦੀਵਾਨ ਕੌੜਾ ਮੱਲ ਨੂੰ ਜਮੂੰ ਦੀ ਮੁਹਿੰਮ ਤੇ ਜਾਣਾ ਪਿਆ। ਨਵਾਬ ਮੀਰ ਮੰਨੂੰ ਆਪਣੀ ਹਕੂਮਤ ਨੂੰ ਪੱਕੇ ਪੈਰਾਂ ਪਰ ਕਰਨ ਦੇ ਯਤਨ ਵਿਚ ਹੀ ਸੀ ਕਿ ਖ਼ਬਰਾਂ ਪੁੱਜੀਆਂ ਕਿ ਜਮੂੰ ਅਤੇ ਇਰਦ ਗਿਰਦ ਦੇ ਪਹਾੜੀ ਰਾਜੇ ਰਾਜ-ਰੌਲਾ ਪੌਣ ਵਾਲੇ ਹਨ। ਨਵਾਬ ਸਾਹਿਬ ਨੇ ਇਨ੍ਹਾਂ ਨੂੰ ਸੋਧਣ ਤੇ ਸਿੱਧੇ ਰਾਹੇ ਪਾਉਣ ਲਈ ਦੀਵਾਨ ਕੌੜਾ ਮੱਲ ਨੂੰ ਨਿਯਤ ਕੀਤਾ। ਇਨ੍ਹੀਂ ਦਿਨੀਂ ਮੁਲਤਾਨ ਦੇ ਹਾਕਮ ਨਵਾਬ ਜ਼ਾਹਿਦ ਖ਼ਾਨ ਦਾ ਵੱਡਾ ਪੁਤ੍ਰ ਸ਼ਾਕਿਰ ਖ਼ਾਨ ਲਾਹੌਰ ਆਇਆ ਹੋਇਆ ਸੀ। ਕੌੜਾ ਮੱਲ ਚੂੰਕਿ ਅੱਗੇ ਹੀ ਉਸ ਨੂੰ ਜਾਣਦਾ ਸੀ, ਇਸ ਲਈ ਉਸ ਨੇ ਇਸ ਨੂੰ ਨਾਲ ਜਮੂੰ ਲੈ ਜਾਣ ਲਈ ਨਵਾਬ ਮੀਰ ਮੰਨੂੰ ਪਾਸੋਂ ਆਗਿਆ ਮੰਗੀ। ਦੀਵਾਨ ਕੌੜਾ ਮੱਲ ਨੂੰ ਇਸ ਮੁਹਿੰਮ ਵਿੱਚ ਪੂਰਣ ਸਫਲਤਾ ਪ੍ਰਾਪਤ ਹੋਈ ਤੇ ਸ਼ਾਕਿਰ ਖ਼ਾਨ ਨੇ ਭੀ ਹਰ ਗੱਲ ਵਿੱਚ ਦੀਵਾਨ ਸਾਹਿਬ ਨੂੰ ਹਰ ਪ੍ਰਕਾਰ ਸਹਾਇਤਾ ਦਿੱਤੀ ਤੇ ਉਨ੍ਹਾਂ ਨੂੰ ਪ੍ਰਸੰਨ ਕਰ ਲਿਆ। ਇਹ ਪ੍ਰਸੰਨਤਾ ਭੀ ਇਸ ਗੱਲ ਦਾ ਇਕ ਕਾਰਣ ਸੀ ਕਿ ਪਿੱਛੋਂ ਜਦ ਨਵਾਬ ਮੀਰ ਮੰਨੂੰ ਨੇ ਦੀਵਾਨ ਕੌੜਾ ਮੱਲ ਨੂੰ ਸ਼ਾਹਨਿਵਾਜ਼ ਖ਼ਾਨ ਦੇ ਵਿਰੁੱਧ ਮੁਲਤਾਨ ਦੀ ਮੁਹਿੰਮ ਤੇ

*ਅਹਿਮਦ ਯਾਦਗਾਰ, ਤਾਰੀਖ਼ਿ-ਸਲਾਤੀਨਿ ਅਫ਼ਗਾਨਾਂ, ੨੪੨-੪੮; ਮੁਹੰਮਦ ਯੂਸਫ਼, ਹਾਲਾਤ ਮੁਲਤਾਨ, ੫੬; ਹੁਕਮ ਚੰਦ, ਤਾਰੀਖ਼ਿ ਜ਼ਿਲਾ ਮੁਲਤਾਨ, ੪੬੦।



Digitized by Panjab Digital Library | www.panjabdigilib.org

ਭੇਜਿਆ ਤੇ ਓਥੇ ਦਾ ਹਾਕਮ ਮੁਕੱਰਰ ਕੀਤਾ ਤਾਂ ਕੌੜਾ ਮੱਲ ਨੇ ਲਾਹੌਰ ਨੂੰ ਆਉਣ ਪਰ ਸ਼ਾਕਿਰ ਖ਼ਾਨ ਨੂੰ ਆਪਣੀ ਥਾਂ ਮੁਲਤਾਨ ਦਾ ਨਾਇਬ ਥਾਪਿਆ* ।

ਦੀਵਾਨ ਕੌੜਾ ਮੱਲ ਨੇ ਇਸ ਵੇਲੇ ਜਮੂੰ ਦੇ ਰਾਜੇ ਰਣਜੀਤ ਦੇਵ ਤੇ ਹੋਰ ਰਾਜਿਆਂ ਨਾਲ ਬੜੀ ਨਰਮੀ ਦਾ ਬਰਤਾਓ ਕੀਤਾ। ਆਪਣੀ ਈਨ ਮਨਾ ਕੇ ਰਣਜੀਤ ਦੇਵ ਨੂੰ ਹੀ ਜਮੂੰ ਦਾ ਰਾਜਾ ਟਿਕਿਆ ਰਹਿਣ ਦਿੱਤਾ ਤੇ ਹੋਰ ਭੀ ਕਿਸੇ ਰਾਜੇ ਪਾਸੋਂ ਉਸ ਦਾ ਰਾਜ ਨਾ ਖੋਹਿਆ । ਇਸ ਮੇਹਰਬਾਨੀ ਭਰੇ ਸਲੂਕ ਦਾ ਹੀ ਨਤੀਜਾ ਸੀ ਕਿ ਰਣਜੀਤ ਦੇਵ ਸਾਰੀ ਉਮਰ ਉਸ ਦਾ ਕਿਤਗਜ ਰਿਹਾ। ਜਦ ਕੌੜਾ ਮੱਲ ਮਹਿਮੂਦ ਬੂਟੀ ਦੀ ਜੰਗ ਵਿੱਚ ਮਾਰਿਆ ਗਿਆ ਅਤੇ ਉਨ੍ਹਾਂ ਦਾ ਪੁਤ੍ਰ ਦੀਵਾਨ ਹਰੀ ਸਿੰਘ ਲਾਹੌਰ ਤੇ ਮੁਲਤਾਨ ਵਿੱਚ ਆਪਣੀ ਰਿਹਾਇਸ਼ ਮੁਨਾਸਿਬ ਨਾ ਸਮਝ ਕੇ ਆਪਣੇ ਟੱਬਰ ਕਬੀਲੇ ਸਮੇਤ ਜਮੂੰ ਜਾ ਰਿਹਾ, ਤਾਂ ਰਾਜਾ ਰਣਜੀਤ ਦੇਵ ਨੇ ਉਨ੍ਹਾਂ ਨੂੰ ਹਰ ਪ੍ਰਕਾਰ ਸੁਖ ਪਹੁੰਚਾਣ ਦਾ ਯਤਨ ਕੀਤਾ ਤੇ ਮਰਨ ਵੇਲੇ ਆਪਣੇ ਪੁਤ੍ਰਾਂ ਨੂੰ ਵਸੀਅਤ ਤੇ ਨਸੀਹਤ ਕਰ ਗਿਆ ਕਿ ਓਹ ਦੀਵਾਨ ਹਰੀ ਸਿੰਘ ਆਦਿ ਨਾਲ ਕਦੀ ਕੋਈ ਬੁਰਾ ਸਲੂਕ ਨਾ ਕਰਨ† ।

## *ਸਿੰਘਾਂ ਪਰ ਸਖ਼ਤੀ ਦਾ ਦੌਰ*

ਮੀਰ ਮੰਨੂੰ ਲਾਹੌਰ ਦੀ ਸੂਬੇਦਾਰੀ ਤੇ ਜਦ ਜ਼ਰਾ ਕੁ ਜੰਮ ਗਿਆ ਤਾਂ ਉਸ ਨੇ ਸਿੰਘਾਂ ਦੀ ਵੱਧ ਰਹੀ ਤਾਕਤ—ਜਿਸ ਦੇ ਨਿਸ਼ਾਨ ਰਾਮ ਰਾਉਣੀ ਦੇ ਮੁਨਾਰਿਆਂ ਤੋਂ ਦਿੱਸ ਰਹੇ ਸਨ—ਦਾ ਗਲਾ ਘੁੱਟਣ ਬਲਕਿ ਉਨ੍ਹਾਂ ਦਾ ਖੁਰਾ ਖੋਜ ਮਿਟਾ ਦੇਣ ਲਈ ਗ਼ਸ਼ਤੀ

*ਮੌਲਾਣਾ ਸ਼ੇਰ ਮੁਹੰਮਦ ਖ਼ਾਨ, ਜ਼ੁਬਦਾ-ਤੁ-ਅਖਬਾਰ ਵਕਾਇਆ—ਇ—ਮੁਲਤਾਨ, ੨੮ ।

†ਖੁਸ਼ਵਕਤ ਰਾਏ, ਤਾਰੀਖ਼-ਸਿੱਖਾਂ, ੧੪੪; ਪ੍ਰਿੰਸੇਪ, ੨੧੯-੨੦ ।



Digitized by Panjab Digital Library | www.panjabdigilib.org

ਫ਼ੌਜ ਦੇ ਦਸਤੇ ਪਿੰਡਾਂ ਤੇ ਅਲਾਕਿਆਂ ਵਿੱਚ ਭੇਜ ਦਿੱਤੇ ਤੇ ਉਨ੍ਹਾਂ ਨੂੰ ਤਾਕੀਦੀ ਹੁਕਮ ਦਿੱਤੇ ਕਿ ਜਿੱਥੇ ਭੀ ਸਿੰਘ ਮਿਲਣ ਉਨ੍ਹਾਂ ਨੂੰ ਫੜ ਕੇ ਉਨ੍ਹਾਂ ਦੇ ਕੇਸ ਤੇ ਦਾੜ੍ਹੇ ਕਤਲ ਕਰ ਦੇਣ।

ਸਿੰਘ ਘਰ ਘਾਟ ਛੱਡ ਕੇ ਜੰਗਲਾਂ ਤੇ ਪਹਾੜਾਂ ਨੂੰ ਚੜ੍ਹ ਗਏ, ਪਰ ਓਥੇ ਭੀ ਉਨ੍ਹਾਂ ਨੂੰ ਸੁਖ ਦਾ ਸਾਹ ਨਾ ਲੈਣ ਦਿੱਤਾ ਗਿਆ। ਮੀਰ ਮੰਨੂੰ ਨੇ ਅਲਾਕਿਆਂ ਦੇ ਚੌਧਰੀਆਂ ਤੇ ਪਹਾੜੀ ਰਾਜਿਆਂ ਦੇ ਨਾਮ ਕਰੜੇ ਹੁਕਮ ਜਾਰੀ ਕਰ ਦਿੱਤੇ ਕਿ ਓਹ ਓਧਰ ਗਏ ਸਿੰਘਾਂ ਨੂੰ ਜ਼ੰਜੀਰਾਂ ਵਿੱਚ ਜਕੜ ਕੇ ਲਾਹੌਰ ਪਹੁੰਚਾ ਦੇਣ। ਥੋਹੜੇ ਚਿਰ ਵਿੱਚ ਹੀ ਗ਼ਸ਼ਤੀ ਫ਼ੌਜਾਂ ਨੇ ਬੇਸ਼ੁਮਾਰ ਸਿੰਘ ਫੜ ਫੜ ਕੇ ਮਾਰੇ ਤੇ ਉਨ੍ਹਾਂ ਦੀਆਂ ਦਾਹੜੀਆਂ ਤੇ ਕੇਸ ਜ਼ੋਰੀਂ ਕਤਲ ਕੀਤੇ। ਅਲਾਕਿਆਂ ਦਿਆਂ ਚੌਧਰੀਆਂ ਤੇ ਪਹਾੜੀ ਰਾਜਿਆਂ ਨੇ ਹਜ਼ਾਰਾਂ ਹੀ ਸਿੰਘ ਲਾਹੌਰ ਬੰਨ੍ਹ ਪਹੁੰਚਾਏ, ਜਿੱਥੇ ਓਹ ਰੋਜ਼ ਸੈਂਕੜਿਆਂ ਦੀ ਗਿਣਤੀ ਵਿੱਚ ਦਿੱਲੀ ਦਰਵਾਜ਼ੇ ਦੇ ਬਾਹਰ ਘੋੜਾ ਮੰਡੀ (ਬਾਜ਼ਾਰ ਨਖ਼ਾਸ) ਵਿੱਚ ਸ਼ਹੀਦ ਗੰਜ ਦੇ ਅਸਥਾਨ ਤੇ ਬੇਸ਼ੁਮਾਰ ਲੋਕਾਂ ਦੀਆਂ ਅੱਖਾਂ ਦੇ ਸਾਹਮਣੇ ਕਤਲ ਕੀਤੇ ਜਾਂਦੇ ਸਨ। ਸਿੰਘਾਂ ਦੇ ਸਿਰਾਂ ਨਾਲ ਖੂਹ ਭਰੇ ਜਾਂਦੇ ਤੇ ਉਨ੍ਹਾਂ ਦੇ ਬੇ-ਸਿਰ ਧੜ ਓਥੇ ਹੀ ਸ਼ਹੀਦ ਗੰਜ ਵਾਲੀ ਥਾਂ ਤੇ ਦਬਾ ਦਿੱਤੇ ਜਾਂਦੇ।

ਪੰਜ ਛੇ ਮਹੀਨੇ ਲਗਾਤਾਰ ਉਸ ਵੇਲੇ ਤੱਕ ਇਹ ਹੀ ਹਾਲਤ ਰਹੀ ਜਦ ਤੱਕ ਕਿ ਦੀਵਾਨ ਕੌੜਾ ਮੱਲ ਦੀ ਸਿਆਣਪ ਨਾਲ ਅਹਿਮਦ ਸ਼ਾਹ ਦੁੱਰਾਨੀ ਦੇ ਦੂਸਰੇ ਹੱਲੇ ਅਤੇ ਸ਼ਾਹਨਿਵਾਜ਼ ਦੇ ਮੁਲਤਾਨ ਪਰ ਕਬਜ਼ਾ ਕਰ ਲੈਣ ਵੇਲੇ ਰਾਮ ਰਾਉਣੀ ਦਾ ਘੇਰਾ ਨਾ ਉਠਾ ਲਿਆ ਗਿਆ।*

---

*ਅਲੀ-ਉ-ਦੀਨ, ਇਬਰਤ ਨਾਮਾ, ੨੪੦; ਕਨ੍ਹਈਆ ਲਾਲ, ਤਾਰੀਖ਼ਿ ਪੰਜਾਬ, ੭੩; ਲਤੀਫ਼, ਹਿਸਟਰੀ ਔਫ਼ ਦੀ ਪੰਜਾਬ, ੨੨੧।



Digitized by Panjab Digital Library | www.panjabdigilib.org

# ਮੀਰ ਮੰਨੂੰ ਦੀ ਹਕੂਮਤ ਦਾ ਆਰੰਭ

## *ਅਦੀਨਾ ਬੇਗ਼ ਦੇ ਸਿੰਘਾਂ ਨਾਲ ਸਵਾਲ ਜਵਾਬ*

[ਅਗਸਤ–ਸਤੰਬਰ ੧੭੪੮]

ਇਕ ਪਾਸੇ ਤਾਂ ਗ਼ਸ਼ਤੀ ਫ਼ੌਜਾਂ ਅਲਾਕਿਆਂ ਤੇ ਜੰਗਲਾਂ ਵਿੱਚ ਸਿੰਘਾਂ ਦਾ ਸ਼ਿਕਾਰ ਕਰ ਰਹੀਆਂ ਸਨ ਤੇ ਚੌਧਰੀਆਂ ਤੇ ਪਹਾੜੀ ਰਾਜਿਆਂ ਦੇ ਫੜ ਫੜ ਕੇ ਭੇਜੇ ਹੋਏ ਸਿੰਘ ਲਾਹੌਰ ਕਤਲ ਹੋ ਰਹੇ ਸਨ, ਦੂਸਰੇ ਪਾਸੇ ਮੀਰ ਮੰਨੂੰ ਨੇ ਦੁਆਬੇ ਦੇ ਹਾਕਮ ਅਦੀਨਾ ਬੇਗ਼ ਖ਼ਾਨ ਤੇ ਸਦੀਕ ਬੇਗ ਖ਼ਾਨ ਨੂੰ ਸਿੰਘਾਂ ਨੂੰ ਕੁਚਲਨ ਅਤੇ ਰਾਮ ਰਾਉਣੀ ਪਰ ਹੱਲਾ ਕਰਨ ਲਈ ਹੁਕਮ ਭੇਜ ਦਿੱਤਾ ।

ਅਦੀਨਾ ਬੇਗ਼ ਖ਼ਾਨ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਪਾਸ ਆਪਣੇ ਆਦਮੀ ਭੇਜ ਕੇ ਮੁਲਾਕਾਤ ਲਈ ਸੱਦਿਆ ਕਿ ਜੇ ਆਓ ਤਾਂ ਦਿਲੀ ਗੱਲਾਂ ਹੋਣਗੀਆਂ; ਜੇ ਸਾਡੇ ਨਾਲ ਰਲ ਕੇ ਦੇਸ ਦਾ ਬੰਦੋਬਸਤ ਕਰੋ ਤਾਂ ਚੰਗਾ, ਪਰ ਜੇ ਮੁਲਖ ਚਾਹੋ ਤਾਂ ਭੀ ਲੈ ਲਵੋ, ਅਸੀਂ ਲਾਹੌਰੋਂ ਲਿਖਵਾ ਘੱਲਾਂਗੇ ਤੇ ਪਾਤਸ਼ਾਹ ਭੀ ਇਸ ਗੱਲੋਂ ਖੁਸ਼ ਹੋਵੇਗਾ; ਐਵੇਂ ਜਵਾਨਾਂ ਦੇ ਨੁਕਸਾਨ, ਰਈਯੱਤ ਦੀ ਵੈਰਾਨੀ ਤੇ ਬੇ-ਆਰਾਮੀ ਵਿੱਚ ਕੀ ਫ਼ਾਇਦਾ ਹੈ ? ਅਦੀਨਾ ਬੇਗ਼ ਬੜਾ ਚਾਲਾਕ ਤੇ ਮਤਲਬੀ ਬੰਦਾ ਸੀ। ਉਸ ਉੱਪਰ ਕਦੀ ਭੀ ਕਿਸੇ ਨੂੰ ਭਰੋਸਾ ਨਹੀਂ ਸੀ ਹੋ ਸਕਦਾ। ਕੋਈ ਵੱਡੀ ਗੱਲ ਨਹੀਂ ਸੀ ਕਿ ਓਹ ਸੂਬੇ ਦੇ ਨਵੇਂ ਹਾਕਮ ਮੀਰ ਮੰਨੂੰ ਨੂੰ ਖੁਸ਼ ਕਰਨ ਲਈ ਜੱਸਾ ਸਿੰਘ ਨੂੰ ਫੜ ਕੇ ਉਸ ਦੇ ਹਵਾਲੇ ਹੀ ਕਰ ਦਿੰਦਾ। ਜੱਸਾ ਸਿੰਘ ਨੇ ਉੱਤ੍ਰ ਦੇ ਘੱਲਿਆ ਕਿ ਸਾਡੀ ਤੁਹਾਡੀ ਮੁਲਾਕਾਤ ਜੰਗ ਦੇ ਮੈਦਾਨ ਵਿੱਚ ਹੋਵੇਗੀ ਤੇ ਉਸ ਵੇਲੇ ਜੋ ਹਥਿਆਰ ਚੱਲਣਗੇ, ਓਹ ਹੀ ਦਿਲੀ ਗੱਲਾਂ ਸਮਝੋ। ਰਲ ਕੇ ਬੰਦੋਬਸਤ ਕੀ ਕਰਨਾ ਹੋਇਆ ? ਜਿਸ ਨੂੰ ਮਾਲਕ ਮੁਲਕ ਦੇਵੇ, ਉਹ ਹੋਰ ਪਾਸੋਂ ਕਿਵੇਂ ਲਵੇ ?



Digitized by Panjab Digital Library | www.panjabdigilib.org

ਜਿਸ ਦੀ ਕਿਸਮਤ ਵਿੱਚ ਮੁਲਖ ਰੱਬ ਆਪ ਲਿਖ ਦੇਵੇ, ਓਹ ਹੋਰਨਾਂ ਪਾਸੋਂ ਕਾਗਜ਼ ਉੱਤੇ ਕੀ ਲਿਖਾਵੇ ? ਜਿਸ ਤੇ ਓਹ ਦੋ ਜਹਾਨਾਂ ਦਾ ਪਾਤਸ਼ਾਹ ਖੁਸ਼ ਹੋਵੇ, ਉਸ ਨੂੰ ਹੋਰ ਕੀ ਚਾਹੀਦਾ ਹੈ ? ਬਿਨਾਂ ਜਵਾਨਾਂ ਦੇ ਨੁਕਸਾਨ ਤੇ ਬੇ-ਅਰਾਮੀ ਦੇ ਅੱਗੇ ਕਿਸ ਮੁਲਕਗੀਰੀ ਕੀਤੀ ਹੈ ? ਇਸ ਦਾ ਕੋਈ ਮੁਜ਼ਾਇਕਾ ਨਹੀਂ । ਜਦ ਚੰਗੀ ਤਰਾਂ ਮੁਲਕ ਆਪਣੇ ਕਬਜ਼ੇ ਵਿੱਚ ਕਰ ਲਵਾਂਗੇ ਤਾਂ ਆਬਾਦ ਭੀ ਚੰਗੀ ਤਰਾਂ ਕਰ ਲਵਾਂਗੇ । ਜਦ ਅਸੀਂ ਤਲਵਾਰ ਚੁੱਕੀ ਹੈ ਤਾਂ ਤੁਸੀਂ ਭੀ ਮੁਲਾਹ ਦੀਆਂ ਗੱਲਾਂ ਕਰਦੇ ਹੋ, ਜਦ ਅੱਗੇ ਵਧਾਂਗੇ ਤਾਂ ਆਪੇ ਮੁਲਖ ਮਾਰ ਲਵਾਂਗੇ ।

ਖ਼ਾਨ ਹੋਰਾਂ ਦੇ ਤਿੰਨ ਵਾਰੀ ਇਸੇ ਤਰਾਂ ਸੁਨੇਹੇ ਭੇਜੇ ਪਰ ਸਰਦਾਰ ਜੱਸਾ ਸਿੰਘ ਦਾ ਇੱਕੋ ਉੱਤ੍ਰ ਕਿ

ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ,
ਖ੍ਵਾਰ ਹੋਇ ਸਭ ਮਿਲੇਂਗੇ ਬਚੇ ਸਰਨ ਜੋ ਹੋਇ ।

ਅਦੀਨਾ ਬੇਗ਼ ਖ਼ਾਨ ਨੇ ਲੁਕਵੇਂ ਤੌਰ ਤੇ ਹੋਰ ਸਰਦਾਰਾਂ ਨੂੰ ਭੀ ਇਹੋ ਗੱਲ ਅਖਵਾ ਘੱਲੀ, ਜਿਨ੍ਹਾਂ ਵਿੱਚੋਂ ਕੁਝ ਕੁ ਇਸ ਦੀਆਂ ਗੱਲਾਂ ਵਿੱਚ ਆ ਗਏ ਤੇ ਸਰਦਾਰ ਜੱਸਾ ਸਿੰਘ ਈਚੋਗਿੱਲੀਆ, ਜੋ ਪਿੱਛੋਂ ਰਾਮਗੜ੍ਹੀਆ ਕਰਕੇ ਪ੍ਰਸਿੱਧ ਹੋਇਆ, ਆਪਣੇ ਤਿੰਨ ਭਰਾਵਾਂ ਜੈ ਸਿੰਘ, ਖੁਸ਼ਹਾਲ ਸਿੰਘ ਤੇ ਮਾਲੀ ਸਿੰਘ ਅਤੇ ਹੋਰ ਸਾਥੀਆਂ ਸਮੇਤ ਅਦੀਨਾ ਬੇਗ਼ ਪਾਸ ਜਾ ਨੌਕਰ ਹੋਇਆ । ਇਨ੍ਹਾਂ ਵਿੱਚੋਂ ਕੇਵਲ ਸਾਰਿਆਂ ਨਾਲੋਂ ਛੋਟੇ ਪੰਜਵੇਂ ਭਰਾ ਸਰਦਾਰ ਤਾਰਾ ਸਿੰਘ ਨੇ ਖਾਲਸਾ ਦਲ ਨੂੰ ਛੱਡ ਕੇ ਅਦੀਨਾ ਬੇਗ਼ ਦੀ ਨੌਕਰੀ ਪ੍ਰਵਾਣ ਨਾ ਕੀਤੀ ।*

---

*ਜੱਸਾ ਸਿੰਘ ਬਿਨੋਦ ।



Digitized by Panjab Digital Library | www.panjabdigilib.org

# ਰਾਮ ਰਾਉਣੀ ਦੀ ਮੁਹਿੰਮ

## ਰਾਮ ਰਾਉਣੀ ਉੱਤੇ ਲਾਹੌਰੀ ਸੈਨਾਂ ਦੀ ਚੜ੍ਹਾਈ

[ ਅਕਤੂਬਰ ੧੭੪੮–ਫ਼ਰਵਰੀ ੧੭੪੯ ]

ਜਦ ਅਦੀਨਾ ਬੇਗ਼ ਦੀ ਗੱਲ ਬਾਤ ਸਿਰੇ ਨਾ ਚੜ੍ਹ ਸਕੀ ਤਾਂ ਅਦੀਨਾ ਬੇਗ਼ ਖ਼ਾਨ ਤੇ ਸਦੀਕ ਬੇਗ਼ ਖ਼ਾਨ ਨੇ ਰਾਮ ਰਾਉਣੀ ਨੂੰ ਅਚਾਨਕ ਘੇਰ ਲੈਣ ਲਈ ਤਿਆਰੀ ਕਰ ਲਈ। ਮੀਰ ਮੰਨੂੰ ਦੇ ਹੁਕਮ ਨਾਲ ਦੀਵਾਨ ਕੌੜਾ ਮੱਲ, ਮਿਰਜ਼ਾ ਅਜ਼ੀਜ਼ ਖ਼ਾਨ ਬਖ਼ਸ਼ੀ, ਨਾਸਰ ਅਲੀ ਖ਼ਾਨ ਜਾਲੰਧਰੀਏ ਤੇ ਪਹਾੜੀ ਰਾਜਿਆਂ ਦੀਆਂ ਮਿਲਵੀਆਂ ਫ਼ੌਜਾਂ ਆ ਪੁੱਜੀਆਂ। ਰਾਮ ਰਾਉਣੀ ਅੰਦਰ ਕੁਲ ਪੰਜ ਸੌ ਸਿੰਘ ਸਨ ਤੇ ਬਰੂਦ ਸਿੱਕਾ ਭੀ ਥੋਹੜਾ ਹੀ ਸੀ। ਦੂਸਰੇ ਪਾਸੇ ਲਾਹੌਰੀ ਸੈਨਾ ਕਈ ਹਜ਼ਾਰ ਦੀ ਗਿਣਤੀ ਵਿੱਚ ਸੀ ਤੇ ਲਾਹੌਰੋਂ ਦਾਰੂ ਗੱਠੇ ਦੇ ਗੱਡਿਆਂ ਦੇ ਗੱਡੇ ਤੁਰੇ ਆ ਰਹੇ ਸਨ। ਰਾਉਣੀ ਦੇ ਬੁਰਜਾਂ ਤੋਂ ਨਗਾਰਿਆਂ ਦੀ ਆਵਾਜ਼ ਸੁਣ ਕੇ ਨੇੜੇ ਤੇੜੇ ਤੋਂ ਖ਼ਾਲਸੇ ਦੇ ਕੁਝ ਜੱਥੇ ਭੀ ਆ ਪਹੁੰਚੇ ਤੇ ਰਾਮਸਰ ਦੀਆਂ ਝਾੜੀਆਂ ਵਿੱਚ ਮੋਰਚੀਂ ਹੋ ਬੈਠੇ।

ਰਾਮ ਰਾਉਣੀ ਦੇ ਪਾਸ ਪੁੱਜਦੇ ਸਾਰ ਹੀ ਅਦੀਨਾ ਬੇਗ਼ ਨੇ ਹੱਲਾ ਕਰਵਾ ਦਿੱਤਾ। ਅੱਗਿਓਂ ਰਾਉਣੀ ਦੇ ਅੰਦਰ ਦੇ ਤੇ ਰਾਮਸਰ ਵਾਲੇ ਸਿੰਘਾਂ ਨੇ ਅੱਗੇ ਵੱਧ ਕੇ ਇੱਕੋ ਵਾਰੀ ਹੀ ਬੰਦੂਕਾਂ ਸਰ ਕਰ ਦਿੱਤੀਆਂ ਅਤੇ ਵੈਰੀ ਦੇ ਵਾਰ ਕਰ ਸਕਣ ਤੋਂ ਪਹਿਲਾਂ ਇੱਕ ਹੋਰ ਤੋੜਾ ਝਾੜ ਦਿੱਤਾ, ਜਿਸ ਨਾਲ ਅੱਗੇ ਵੱਧ ਰਹੀ ਲਾਹੌਰੀ ਸੈਨਾਂ ਦਾ ਸਖ਼ਤ ਨੁਕਸਾਨ ਹੋਇਆ ਤੇ ਅਦੀਨਾ ਬੇਗ਼ ਖ਼ਾਨ ਨੂੰ ਤੋਪਾਂ ਦੀ ਉਡੀਕ ਲਈ ਪਿੱਛੇ ਹੱਟ ਜਾਣਾ ਪਿਆ।



Digitized by Panjab Digital Library | www.panjabdigilib.org

ਤੋਪਾਂ ਆ ਪੁੱਜਣ ਪਰ ਲੜਾਈ ਦਾ ਰੰਗ ਬਦਲ ਗਿਆ ਤੇ ਅਦੀਨਾ ਬੇਗ਼ ਦਾ ਪੱਲਾ ਭਾਰੀ ਹੋ ਗਿਆ। ਇਸ ਨੇ ਘੇਰਾ ਇਤਨਾ ਮਜ਼ਬੂਤ ਕਰ ਦਿੱਤਾ ਕਿ ਬਾਹਰਲਿਆਂ ਲਈ ਅੰਦਰ ਤੇ ਅੰਦਰ ਡੱਕਿਆਂ ਲਈ ਬਾਹਰ ਨਿਕਲਣਾ ਔਖਾ ਹੋ ਗਿਆ । ਕਦੀ ਕਦੀ ਸਿੰਘ ਅੰਦਰੋਂ ਨਿਕਲ ਕੇ ਛਾਪਾ ਮਾਰਨ ਤੇ ਕੁਝ ਦਾਣਾ ਪੱਠਾ ਲੁੱਟ ਲੈ ਜਾਣ। ਕਈ ਵਾਰੀ ਬਾਹਰਲੇ ਸਿੰਘ ਭੀ ਰਾਤ ਬਰਾਤੇ ਹੱਲਾ ਕਰ ਕੇ ਵੈਰੀਆਂ ਨੂੰ ਅਫ਼ਰਾ ਤਫ਼ਰੀ ਪਾ ਦੇਣ, ਪਰ ਇਸ ਦਾ ਕੋਈ ਬਹੁਤ ਅਸਰ ਨਾ ਹੋਵੇ, ਪਰ ਇਤਨੀ ਗੱਲ ਜ਼ਰੂਰ ਸੀ ਕਿ ਰਾਉਣੀ ਦੇ ਅੰਦਰੋਂ ਵਰ੍ਹ ਰਹੀ ਗੋਲੀ ਦੇ ਸਾਹਮਣੇ ਕੋਈ ਦਰਵਾਜ਼ੇ ਤੇ ਪੁੱਜਣ ਦਾ ਹੌਸਲਾ ਨਹੀਂ ਸੀ ਕਰਦਾ।

ਵੈਰੀ ਫ਼ੌਜ ਨੇ ਰਣਗੜ੍ਹ (ਓਹਲਾ) ਬਣਾ ਕੇ ਦਰਵਾਜ਼ੇ ਵੱਲ ਨੂੰ ਧੱਕਿਆ ਤੇ ਉਸ ਦੀ ਆੜ ਵਿੱਚ ਲੁਕ ਕੇ ਦਰਵਾਜ਼ਾ ਤੋੜਨ ਲਈ ਸਿਪਾਹੀ ਅੱਗੇ ਵਧਣ ਲੱਗੇ । ਇਸ ਵੇਲੇ ਦਸ ਸਿੰਘ ਅਰਦਾਸਾ ਸੋਧ ਕੇ ਬਾਹਰ ਨਿਕਲੇ ਤੇ ਹੱਲਾ ਕਰ ਕੇ ਰਣਗੜ੍ਹ ਤੇ ਜਾ ਪਏ ਤੇ ਉਸ ਨੂੰ ਅੱਗ ਲਾ ਦਿੱਤੀ । ਇਨ੍ਹਾਂ ਵਿੱਚੋਂ ਕੁਝ ਤਾਂ ਓਥੇ ਹੀ ਸ਼ਹੀਦ ਹੋ ਗਏ, ਜੋ ਬਚੇ ਉਹ ਮੁੜ ਅੰਦਰ ਆ ਰਲੇ। ਹੁਣ ਵੈਰੀ ਨੇ ਘੇਰਾ ਹੋਰ ਤਕੜਾ ਕਰ ਦਿੱਤਾ ਤੇ ਰਾਉਣੀ ਦੇ ਦਰਵਾਜ਼ੇ ਤੇ ਕੰਧ ਨੂੰ ਬਾਰੂਦ ਨਾਲ ਉੜਾ ਦੇਣ ਤੇ ਅੰਦਰ ਦਾਖ਼ਲ ਹੋਣ ਲਈ ਸੁਰੰਗ ਲਾਉਣੀ ਆਰੰਭੀ। ਅੱਗੇ ਸਿੰਘਾਂ ਨੇ ਰਾਉਣੀ ਦੇ ਗਿਰਦੇ ਦੀ ਖਾਈ ਡੂੰਘੀ ਕਰ ਲਈ ਤੇ ਉਸ ਵਿੱਚ ਕੁਝ ਸਿੰਘ ਬਿਠਾ ਦਿੱਤੇ ਜੋ ਸੁਰੰਗ ਅੱਗੇ ਨਾ ਤੁਰਨ ਦੇਣ।

ਕਈ ਮਹੀਨਿਆਂ ਦੇ ਘੇਰੇ ਨੇ ਸਿੰਘਾਂ ਦਾ ਖਾਣਾ, ਦਾਣਾ, ਗੋਲੀ ਸਿੱਕਾ ਤੇ ਘੋੜਿਆਂ ਦਾ ਘਾਹ ਪਾਣੀ ਮੁਕਾ ਦਿੱਤਾ ਤੇ ਲਾਂਘਾ ਲੰਘਣਾ ਔਖਾ ਹੋ ਗਿਆ। ਰਾਉਣੀ ਨੂੰ ਛੱਡ ਕੇ ਭੱਜ ਨਿਕਲਣਾ ਭੀ



Digitized by Panjab Digital Library | www.panjabdigilib.org

ਬੜਾ ਔਖਾ ਤੇ ਖ਼ਾਲਸੇ ਦੀ ਹੇਠੀ ਦਾ ਕਾਰਣ ਸੀ, ਇਸ ਲਈ ਉਨ੍ਹਾਂ ਗੁਰਮਤਾ ਕੀਤਾ ਕਿ ਅੰਦਰ ਭੁੱਖੇ ਮਰਨ ਨਾਲੋਂ ਬਾਹਰ ਨਿਕਲ ਨਿਕਲ ਕੇ ਹੱਲੇ ਕਰੀਏ ਤੇ ਪੰਜ ਪੰਜ ਦਸ ਦਸ ਨੂੰ ਮਾਰ ਕੇ ਸ਼ਹੀਦ ਹੋਈਏ। ਸੋ ਇਕ ਦਿਨ ਸਿੰਘਾਂ ਨੇ ਨਿਕਲ ਕੇ ਅਚਨਚੇਤ ਹੀ ਜਾ ਧਾਵਾ ਬੋਲਿਆ ਤੇ ਪਹਿਲਾਂ ਅਦੀਨਾ ਬੇਗ਼ ਦਾ ਤੇ ਫੇਰ ਸਦੀਕ ਬੇਗ਼ ਦਾ ਇਕ ਮੋਰਚਾ ਜਾ ਮਾਰਿਆ। ਪਰ ਸਿੰਘ ਵੈਰੀ ਦਲ ਦੇ ਮੁਕਾਬਲੇ ਤੇ ਆਟੇ ਵਿਚ ਲੂਣ ਭੀ ਨਹੀਂ ਸਨ। ਸਭ ਉੱਥੇ ਸ਼ਹੀਦ ਹੋ ਗਏ। ਇਸ ਤਰ੍ਹਾਂ ਇੱਕੀਆ ਦੁੱਕੀਆਂ ਲੜਾਈਆਂ ਹੋਣ । ਜਿਤਨੇ ਕੁ ਸਿੰਘ ਸ਼ਹੀਦ ਹੋਣ ਉਤਨੇ ਕੁ ਬਾਹਰੋਂ ਹੱਲਾ ਕਰ ਕੇ ਵੈਰੀਆਂ ਨੂੰ ਮਾਰਦੇ ਕੁੱਟਦੇ ਅੰਦਰ ਆ ਵੜਨ ਤੇ ਕੁਝ ਸਿੱਕਾ ਦਾਰੂ ਭੀ ਵੈਰੀ ਪਾਸੋਂ ਖੋਹ ਲਿਆਵਣ। ਪਰ ਅੰਦਰ ਥਾਂ ਹੀ ਪੰਜ ਕੁ ਸੌ ਸਵਾਰਾਂ ਦੀ ਸੀ, ਇਸ ਲਈ ਇਸ ਤੋਂ ਜ਼ਿਆਦਾ ਅੰਦਰ ਆ ਹੀ ਨਹੀਂ ਸਕਦੇ ਸਨ।

## *ਸਰਦਾਰ ਜੱਸਾ ਸਿੰਘ ਈਚੋਗਿੱਲੀਏ (ਰਾਮਗੜ੍ਹੀਏ) ਦਾ ਖ਼ਾਲਸੇ ਨਾਲ ਆ ਰਲਣਾ*

ਇਸ ਵੇਲੇ ਸਰਦਾਰ ਜੱਸਾ ਸਿੰਘ ਈਚੋਗਿੱਲੀਆ (ਜੋ ਅਦੀਨਾ ਬੇਗ਼ ਖ਼ਾਨ ਪਾਸ ਨੌਕਰ ਸੀ) ਆਪਣੇ ਤਿਨ੍ਹਾਂ ਭਰਾਵਾਂ ਸਮੇਤ ਅਦੀਨਾ ਬੇਗ਼ ਦੀ ਫ਼ੌਜ ਦੇ ਨਾਲ ਰਾਮ ਰਾਉਣੀ ਤੇ ਚੜ੍ਹ ਕੇ ਆਇਆ ਹੋਇਆ ਸੀ ਅਤੇ ਉਸ ਦੇ ਨਾਲ ਕੁਝ ਹੋਰ ਸਿੰਘ ਭੀ ਸਨ। ਦੋ ਕੁ ਸੌ ਸਿੰਘ ਸ਼ਹੀਦ ਹੋ ਚੁਕਣ ਪਰ ਇਕ ਦਿਨ ਅਤਿ ਲਾਚਾਰ ਹੋ ਕੇ ਰਾਮ ਰਾਉਣੀ ਦੇ ਅੰਦਰਲੇ ਬਾਕੀ ਸਿੰਘਾਂ ਨੇ ਬਾਹਰ ਨਿਕਲ ਕੇ ਸ਼ਹੀਦੀਆਂ ਪ੍ਰਾਪਤ ਕਰਨ ਲਈ ਅਰਦਾਸਾ ਸੋਧ ਕੇ ਜੈਕਾਰੇ ਗਜਾਏ ਤੇ ਨਾਲ ਹੀ ਇਹ ਮਿਥ ਲਈ ਕਿ ਬਾਹਰ ਜਾ ਕੇ ਜਿਵੇਂ ਹੋ ਸਕੇ ਅਦੀਨਾ ਬੇਗ਼ ਖ਼ਾਨ ਨੂੰ ਢੂੰਡ ਕੇ ਮਾਰਨ ਦੇ ਯਤਨ ਕੀਤੇ ਜਾਣ । ਇਸ ਵੇਲੇ ਬਾਹਰੋਂ



Digitized by Panjab Digital Library | www.panjabdigilib.org

ਜੱਸਾ ਸਿੰਘ ਈਚੋਗਿੱਲੀਏ ਦੇ ਸਾਥੀ ਸਿੰਘਾਂ ਵਿੱਚੋਂ ਇੱਕ ਸਿੰਘ ਅੰਦਰ ਆ ਵੜਿਆ ਤੇ ਕਹਿਣ ਲੱਗਾ ਕਿ ਜੇ ਖ਼ਾਲਸਾ ਸਾਨੂੰ ਨਾਲ ਮੇਲ ਲਵੇ ਤਾਂ ਅਸੀਂ ਭੀ ਤੁਹਾਡੇ ਨਾਲ ਹੀ ਆਪਣੀਆਂ ਜਾਨਾਂ ਵਾਰਾਂਗੇ। ਸਿੰਘਾਂ ਕਿਹਾ ਕਿ ਇਹ ਹੁਣ ਸਾਡਾ ਅੰਤ ਦਾ ਵੇਲਾ ਹੈ, ਜੇ ਤੁਸੀਂ ਸਾਡੇ ਨਾਲ ਆ ਮਿਲੋ ਤਾਂ ਇਸ ਦਾ ਬਦਲਾ ਤੁਹਾਨੂੰ ਗੁਰੂ ਦੇਵੇਗਾ। ਉਸ ਸਿੰਘ ਦਾ ਦਿਲ ਭਰ ਆਇਆ ਤੇ ਉਸ ਨੇ ਬਾਹਰ ਆ ਕੇ ਜੱਸਾ ਸਿੰਘ ਨੂੰ ਕਿਹਾ ਕਿ ਅੰਦਰ ਤਾਂ ਖ਼ਾਲਸਾ ਅੰਤ ਵੇਲੇ ਸ਼ਹੀਦੀਆਂ ਪ੍ਰਾਪਤ ਕਰਨ ਲਈ ਕਮਰ ਕੱਸੇ ਕਰ ਰਿਹਾ ਹੈ। ਅਸੀਂ ਹੁਣ ਵੈਰੀ ਦਲ ਨਾਲ ਰਲ ਕੇ ਆਪਣੇ ਭਰਾਵਾਂ ਉੱਤੇ ਗੋਲੀਆਂ ਨਹੀਂ ਦਾਗ਼ ਸਕਦੇ, ਤੂੰ ਆਪਣਾ ਆਪ ਸੰਭਾਲ। ਅਸੀਂ ਹੁਣ ਅੰਦਰ ਵੜ ਕੇ ਪੰਥ ਨਾਲ ਰਲ ਸ਼ਹੀਦੀਆਂ ਪ੍ਰਾਪਤ ਕਰਾਂਗੇ। ਇਸ ਗੱਲ ਨੇ ਜੱਸਾ ਸਿੰਘ ਦੇ ਦਿਲ ਤੇ ਡਾਢੀ ਚੋਟ ਲਾਈ ਤੇ ਉਸ ਦਾ ਦਿਲ ਪਸੀਜ ਗਿਆ। ਉਸ ਨੇ ਕਿਹਾ ਕਿ ਮੈਂ ਕਦ ਖ਼ਾਲਸੇ ਨਾਲੋਂ ਟੁੱਟਣਾ ਚਾਹੁੰਦਾ ਹਾਂ। ਖ਼ਾਲਸਾ ਟੁੱਟੀ-ਗੰਢਣ ਵਾਲਾ ਹੈ। ਮੈਂ ਭੀ ਖ਼ਾਲਸੇ ਨਾਲ ਹੀ ਰਲਾਂਗਾ। ਸੋ ਜੱਸਾ ਸਿੰਘ ਨੇ ਇਹ ਬੇਨਤੀ ਲਿਖੀ ਤੇ ਤੀਰ ਨਾਲ ਬੰਨ੍ਹ ਕੇ ਰਾਮ ਰਾਉਣੀ ਅੰਦਰ ਘੱਲੀ। ਅੰਦਰੋਂ ਖ਼ਾਲਸੇ ਨੇ ਅਰਦਾਸ ਪ੍ਰਵਾਣ ਕਰ ਕੇ ਤੀਰ ਰਾਹੀਂ ਹੀ ਇਸ ਦਾ ਉੱਤ੍ਰ ਬਾਹਰ ਜੱਸਾ ਸਿੰਘ ਨੂੰ ਪਹੁੰਚਾ ਦਿੱਤਾ ਤੇ ਉਹ ਅਦੀਨਾ ਬੇਗ਼ ਨਾਲ ਆਪਣਾ ਹਿਸਾਬ ਕਿਤਾਬ ਨਬੇੜ ਕੇ ਖ਼ਾਲਸੇ ਨਾਲ ਜਾ ਰਲਿਆ। ਜੱਸਾ ਸਿੰਘ ਦੇ ਖ਼ਾਲਸੇ ਨਾਲ ਜਾ ਰਲਣ ਨਾਲ ਅਦੀਨਾ ਬੇਗ ਉੱਤੇ ਪਾਣੀ ਪੈ ਗਿਆ ਤੇ ਦੂਸਰੇ ਪਾਸੇ ਖ਼ਾਲਸੇ ਦੇ ਹੌਸਲੇ ਵਧ ਗਏ। ਰਾਮ ਰਾਉਣੀ ਵਿੱਚ ਪੁੱਜ ਕੇ ਜੱਸਾ ਸਿੰਘ ਨੇ ਬਾਹਰ ਦੀਵਾਨ ਕੌੜਾ ਮੱਲ ਨੂੰ ਸੁਨੇਹਾ ਭੇਜਿਆ ਕਿ ਤੂੰ ਭੀ ਗੁਰੂ ਨਾਨਕ ਦਾ ਸਿੱਖ ਹੈਂ ਤੇ ਸਾਡਾ ਗੁਰ-ਭਾਈ ਹੈਂ, ਇਸ ਵੇਲੇ ਘਿਰੇ ਹੋਇਆਂ ਦੀ ਖਲਾਸੀ ਤੇਰੀ ਹਿੰਮਤ ਨਾਲ ਹੋ



Digitized by Panjab Digital Library | www.panjabdigilib.org

ਸਕਦੀ ਹੈ, ਜੇ ਤੂੰ ਇਨ੍ਹਾਂ ਤਿੰਨ ਸੌ ਦੀ ਜਾਨ ਬਚਵਾ ਸਕੇਂ ।*

## *ਲਾਹੌਰ ਵਿੱਚ ਇਕ ਨਵੀਂ ਉਲਝਨ*
## *ਦੀਵਾਨ ਕੌੜਾ ਮੱਲ ਦੀ ਸਲਾਹ ਅਨੁਸਾਰ*
## *ਰਾਮ ਰਾਉਣੀ ਦਾ ਘੇਰਾ ਉਠਾਇਆ ਜਾਣਾ*

ਇਨ੍ਹਾਂ ਦਿਨਾਂ ਵਿੱਚ ਲਾਹੌਰ ਵਿੱਚ ਮੀਰ ਮੰਨੂੰ ਨੂੰ ਇਕ ਨਵੀਂ ਉਲਝਨ ਆ ਪਈ । ਦਿੱਲੀ ਦੇ ਵਜ਼ੀਰ ਸਫ਼ਦਰਜੰਗ ਵਜ਼ੀਰੁ-ਲ-ਮੁਮਾਲਿਕ ਨੂੰ ਮੀਰ ਮੰਨੂੰ ਦੀ ਵਧਦੀ ਜਾ ਰਹੀ ਤਾਕਤ ਵੱਖੀ ਦੇ ਕੰਡੇ ਵਾਂਗੂ ਰੜਕ ਰਹੀ ਸੀ । ਉਸ ਨੇ ਇਸ ਨੂੰ ਕਮਜ਼ੋਰ ਕਰਨ ਲਈ ਹਯਾਤੁੱਲਾ ਖ਼ਾਨ ਸ਼ਾਹਨਿਵਾਜ਼ ਨੂੰ, ਜੋ ਦੁੱਰਾਨੀ ਦੇ ਹੱਲੇ ਵੇਲੇ ਲਾਹੌਰ ਨੂੰ ਲੁਟੀਂਦਾ ਛੱਡ ਕੇ ਦਿੱਲੀ ਨੂੰ ਭੱਜ ਗਿਆ ਸੀ, ਅੱਗੇ ਡਾਹੁਣ ਦੀ ਸੋਚੀ । ਇਸ ਦਾ ਇਕ ਹੋਰ ਕਾਰਣ ਇਹ ਭੀ ਸੀ ਕਿ ਅਬਦੁਲ ਸਮੱਦ ਖ਼ਾਨ ਦੀ ਮੌਤ ਦੇ ਪਿੱਛੋਂ ਮੀਰ ਮੰਨੂੰ ਦੇ ਬਾਪ ਕਮਰੁੱਦੀਨ ਪੁਰਾਣੇ ਵਜ਼ੀਰ ਦੀ ਸਹਾਇਤਾ ਨਾਲ ਮੁਲਤਾਨ ਦਾ ਹਾਕਮ ਜ਼ਾਹਿਦ ਖ਼ਾਨ ਸੱਦੋਜ਼ਈ ਬਣਿਆ ਸੀ ਤੇ ਫੇਰ ਸ਼ਾਹਨਿਵਾਜ਼ ਖ਼ਾਨ ਦਾ ਨਾਇਬ ਰਿਹਾ ਸੀ । ਜਿਸ ਵੇਲੇ ਅਹਿਮਦ ਸ਼ਾਹ ਦੁੱਰਾਨੀ ਨੇ ਪਹਿਲਾ ਹੱਲਾ ਕੀਤਾ ਤਾਂ ਜਾਂਦੀ ਵਾਰੀ ਉਹ ਮੁਲਤਾਨ ਦੀ ਹਕੂਮਤ ਜ਼ਾਹਿਦ ਖ਼ਾਨ ਨੂੰ ਹੀ ਦੇ ਗਿਆ । ਇਸ ਕਰਕੇ ਦਿੱਲੀ ਦਰਬਾਰ ਨੂੰ ਉਸ ਦੀ ਵਫ਼ਾਦਾਰੀ

*ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ੪੦੧-੦੨; ਖੁਸ਼ਵਕਤ ਰਾਏ, ਤਾਰੀਖ਼ਿ-ਸਿੱਖਾਂ ੬੭-੬੮ । ਤਾਰੀਖ਼ਿ ਸਿੱਖਾਂ ਵਿੱਚ ਲਿਖਿਆ ਹੋਇਆ ਹੈ ਕਿ ਜਦ ਰਾਮ ਰਾਉਣੀ ਦੇ ਅੰਦਰਲੇ ਦੋ ਕੁ ਸੌ ਸਿੰਘ ਸ਼ਹੀਦ ਹੋ ਗਏ ਤੇ ਬਾਕੀਆਂ ਨੇ ਸ਼ਹੀਦੀਆਂ ਪ੍ਰਾਪਤ ਕਰਨ ਲਈ ਕਮਰ ਕੱਸੇ ਕਰ ਲਏ ਤਾਂ ਉਨ੍ਹਾਂ ਬਾਹਰ ਜੱਸਾ ਸਿੰਘ ਈਚੋਗਿੱਲੀਏ ਨੂੰ ਲਿਖਿਆ ਕਿ ਤੂੰ ਮੁਸਲਮਾਨਾਂ ਨਾਲ ਰਲ ਕੇ ਸਾਨੂੰ ਖੱਜਲ ਖ਼ੁਆਰ ਨਾ ਕਰ, ਜੇ ਅੱਜ ਤੂੰ ਸਾਡੇ ਨਾਲ ਆ ਰਲੇਂ ਤਾਂ ਚੰਗੀ ਗੱਲ, ਨਹੀਂ ਤਾਂ ਤੈਨੂੰ ਮੁੜ ਕਦੀ ਪੰਥ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ ।



Digitized by Panjab Digital Library | www.panjabdigilib.org

ਤੇ ਸ਼ੱਕ ਸੀ ਤੇ ਉਹ ਇੱਥੇ ਕਿਸੇ ਆਪਣੇ ਆਦਮੀ ਨੂੰ ਰੱਖਣਾ ਚਾਹੁੰਦੇ ਸੀ। ਸ਼ਾਹਨਿਵਾਜ਼ ਖ਼ਾਨ ਭਾਵੇਂ ਜਨਮ ਦਾ ਤੂਰਾਨੀ ਸੁੱਨੀ ਸੀ, ਪਰ ਹੁਣ ਓਹ ਸਫ਼ਦਰਜੰਗ ਵਾਂਙੂ ਸ਼ੀਆ ਬਣ ਗਿਆ ਹੋਇਆ ਸੀ ਤੇ ਉਸ ਦੀ ਛਤ੍ਰ-ਛਾਇਆ ਦਾ ਅਭਿਲਾਖੀ ਬਣ ਰਿਹਾ ਸੀ। ਸਫ਼ਦਰਜੰਗ ਨੇ ਸ਼ਾਹਨਿਵਾਜ਼ ਖ਼ਾਨ ਨੂੰ ਉਕਸਾਇਆ ਕਿ ਲਾਹੌਰ ਦੀ ਸੂਬੇਦਾਰੀ ਤੇਰਾ ਹੱਕ ਹੈ, ਪਹਿਲਾਂ ਤੂੰ ਮੁਲਤਾਨ ਚਲਾ ਜਾ ਜਿੱਥੇ ਕਿ ਆਪਣੇ ਪਿਤਾ ਜ਼ਕਰੀਆ ਖ਼ਾਨ ਦੇ ਜ਼ਮਾਨੇ ਕਈ ਸਾਲ ਹਕੂਮਤ ਕਰਨ ਕਰ ਕੇ ਤੇਰਾ ਕਾਫ਼ੀ ਰਸੂਖ਼ ਹੈ। ਉੱਥੋਂ ਹੌਲੀ ਹੌਲੀ ਤਾਕਤ ਇਕੱਠੀ ਕਰ ਕੇ ਲਾਹੌਰ ਪਰ ਕਬਜ਼ਾ ਕਰਨਾ ਸੁਖਾਲਾ ਹੋ ਜਾਵੇਗਾ। ਸੋ ਵਜ਼ੀਰੁ-ਲ-ਮੁਮਾਲਿਕ ਸਫ਼ਦਰਜੰਗ ਦੀ ਮਦਦ ਨਾਲ ਸ਼ਾਹਨਿਵਾਜ਼ ਖ਼ਾਨ ਸ਼ਾਹੀ ਫ਼ੁਰਮਾਨ ਦ੍ਵਾਰਾ ਮੁਲਤਾਨ ਦਾ ਸੂਬੇਦਾਰ ਬਣ ਕੇ ਦਿੱਲੀਓਂ ਇੱਕ ਫ਼ੌਜ ਨਾਲ ਦੀਪਾਲ ਪੁਰ ਦੇ ਰਸਤੇ ਮੁਲਤਾਨ ਪੁੱਜਾ, ਜਿੱਥੇ ਕਿ ਉਸ ਨੇ ਮੀਰ ਮੰਨੂੰ ਦੇ ਸਿਪਾਹੀਆਂ ਨੂੰ ਵਧੇਰੇ ਤਲਬ ਦਾ ਲਾਲਚ ਦੇ ਕੇ ਤੇ ਹੋਰ ਨਵੀਂ ਭਰਤੀ ਕਰ ਕੇ ਪੰਦਰਾਂ ਕੁ ਹਜ਼ਾਰ ਆਦਮੀ, ਸਵਾਰ ਤੇ ਪਿਆਦੇ, ਇਕੱਠੇ ਕਰ ਲਏ ਅਤੇ ਤੋਪਾਂ ਤੇ ਹੋਰ ਗੋਲੀ ਗੱਠਾ ਜਮਾ ਕਰ ਲਿਆ ਤੇ ਆਪਣੇ ਪਿਤਾ ਖ਼ਾਨ ਬਹਾਦੁਰ ਜ਼ਕਰੀਆ ਖ਼ਾਨ ਦੀ ਕਬਰ ਦੀ ਜ਼ਿਆਰਤ ਕਰਨ ਦਾ ਬਹਾਨਾ ਬਣਾ ਲਾਹੌਰ ਆਵਣ ਦੀ ਮੀਰ ਮੰਨੂੰ ਪਾਸੋਂ ਆਗਿਆ ਮੰਗੀ। ਜ਼ਾਹਿਦ ਖ਼ਾਨ ਨੇ ਇਸ ਸਾਰੇ ਮੁਆਮਲੇ ਦੀ ਸ਼ਿਕਾਇਤ ਲਾਹੌਰ ਲਿਖ ਭੇਜੀ ਤੇ ਮਦਦ ਮੰਗੀ। ਮੀਰ ਮੰਨੂੰ ਸ਼ਾਹਨਿਵਾਜ਼ ਖ਼ਾਨ ਦੀ ਚਾਲਾਕੀ ਨੂੰ ਤਾੜ ਗਿਆ ਤੇ ਚੌਕੰਨਾ ਹੋ ਗਿਆ।

ਇਕ ਪਾਸੇ ਤਾਂ ਸ਼ਾਹਨਿਵਾਜ਼ ਖ਼ਾਨ ਮੁਲਤਾਨ ਤੇ ਕਬਜ਼ਾ ਜਮਾ ਕੇ ਲਾਹੌਰ ਆਉਣ ਦੀ ਤਿਆਰੀ ਕਰ ਰਿਹਾ ਸੀ, ਦੂਸਰੇ ਪਾਸੇ ਇਹ ਖ਼ਬਰਾਂ ਪੁੱਜਣੀਆਂ ਸ਼ੁਰੂ ਹੋ ਗਈਆਂ ਕਿ ਅਹਿਮਦ ਸ਼ਾਹ



Digitized by Panjab Digital Library | www.panjabdigilib.org

ਦੁੱਰਾਨੀ ਹਿੰਦੋਸਤਾਨ ਪਰ ਦੂਸਰੀ ਵਾਰੀ ਹੱਲਾ ਕਰਨ ਲਈ ਚੜ੍ਹਿਆ ਆ ਰਿਹਾ ਹੈ। ਮੁਲਤਾਨ ਦਾ ਸੂਬਾ ਖੁੱਸ ਜਾਣ ਨਾਲ ਇਕ ਪਾਸੇ ਤਾਂ ਮੀਰ ਮੰਨੂੰ ਦੀ ਤਾਕਤ ਘਟ ਜਾਣ ਦਾ ਡਰ ਸੀ, ਦੂਸਰੇ ਪਾਸੇ ਲੋਕਾਂ ਦੀਆਂ ਨਜ਼ਰਾਂ ਵਿੱਚ ਨੀਵਾਂ ਹੋ ਜਾਣ ਅਤੇ ਵਿਰੋਧੀਆਂ ਦੇ ਸਿਰ ਚੜ੍ਹ ਜਾਣ ਦਾ ਤੋਖਲਾ। ਇਸ ਲਈ ਆਪਣੀ ਵਿਰੋਧੀ ਦਿੱਲੀ ਦੀ ਵਜ਼ੀਰ-ਮੰਡਲੀ ਦੀ ਸਹਾਇਤਾ ਨਾਲ ਪ੍ਰਾਪਤ ਕੀਤੇ ਗਏ ਮੁਲਤਾਨ ਦੀ ਸੂਬੇਦਾਰੀ ਲਈ ਸ਼ਾਹੀ ਫ਼ੁਰਮਾਨ ਦੀ ਪਰਵਾਹ ਨਾ ਕਰਦੇ ਹੋਏ ਮੰਨੂੰ ਨੇ ਸ਼ਾਹਨਿਵਾਜ਼ ਖ਼ਾਨ ਨੂੰ ਜ਼ੋਰ ਨਾਲ ਮੁਲਤਾਨੋਂ ਕੱਢਣ ਦੀ ਠਾਣ ਲਈ। ਇਸ ਦੇ ਨਾਲ ਹੀ ਅਹਿਮਦ ਸ਼ਾਹ ਦੁੱਰਾਨੀ ਦਾ ਟਾਕਰਾ ਕਰਨ ਲਈ ਤਿਆਰੀ ਕਰਨ ਦੀ ਭੀ ਲੋੜ ਸੀ।

ਇਹ ਸੋਚ ਕੇ ਮੀਰ ਮੰਨੂੰ ਨੇ ਦੀਵਾਨ ਕੌੜਾ ਮੱਲ ਤੇ ਦੂਸਰੇ ਸਰਦਾਰਾਂ ਨਾਲ ਸਲਾਹ ਕੀਤੀ। ਕੌੜਾ ਮੱਲ ਨੇ ਸਲਾਹ ਦਿੱਤੀ ਕਿ ਇਸ ਵੇਲੇ ਦੋਨੋ ਮੁਹਿੰਮਾਂ ਬੜੀਆਂ ਜ਼ਰੂਰੀ ਆ ਪਈਆਂ ਹਨ, ਇਸ ਲਈ ਰਾਮ ਰਾਉਣੀ ਦਾ ਘੇਰਾ ਉਠਾ ਲਿਆ ਜਾਵੇ ਅਤੇ ਫ਼ੌਜਾਂ ਵਾਪਿਸ ਬੁਲਾ ਕੇ ਨਵਾਬ ਸਾਹਿਬ ਆਪ ਤਾਂ ਅਹਿਮਦ ਸ਼ਾਹ ਦੁੱਰਾਨੀ ਦਾ ਟਾਕਰਾ ਕਰਨ ਤੇ ਮੈਂ ਸ਼ਾਹਨਿਵਾਜ਼ ਖ਼ਾਨ ਦੇ ਵਿਰੁੱਧ ਮੁਲਤਾਨ ਨੂੰ ਜਾਂਦਾ ਹਾਂ।

ਮੱਘਰ ੧੮੦੫ ਬਿਕ੍ਰਮੀ, ਨਵੰਬਰ ੧੭੪੮ ਈਸਵੀ, ਨੂੰ ਦੀਵਾਨ ਕੌੜਾ ਮੱਲ ਦੀ ਸਿਆਣਪ ਨਾਲ ਰਾਮ ਰਾਉਣੀ ਦਾ ਘੇਰਾ ਉਠਾਇਆ ਗਿਆ ਤੇ ਮੀਰ ਮੰਨੂੰ ਦੀਆਂ ਮੁਗ਼ਲ ਫ਼ੌਜਾਂ ਅਹਿਮਦ ਸ਼ਾਹ ਦੁੱਰਾਨੀ ਤੇ ਸ਼ਾਹਨਿਵਾਜ਼ ਖ਼ਾਨ ਦੇ ਵਿਰੁੱਧ ਮੁਹਿੰਮਾਂ ਦੀ ਤਿਆਰੀ ਲਈ ਲਾਹੌਰ ਨੂੰ ਮੁੜ ਗਈਆਂ।*

---

*ਸੋਹਨ ਲਾਲ, ਉਮਦਾਤੁ-ਤਵਾਰੀਖ਼, ਦਫ਼ਤਰ ਪਹਿਲਾ, ੧੨੯; ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ੪੦੩-੦੪; ਖੁਸ਼ਵਕਤ ਰਾਏ, ਤਾਰੀਖ਼-ਸਿੱਖਾਂ, ੬੭-੬੮।



Digitized by Panjab Digital Library | www.panjabdigilib.org

## ਮਹਾਰਾਜਾ ਕੌੜਾ ਮੱਲ ਬਹਾਦੁਰ

ਚੰਗਾ ਮੌਕਾ ਦੇਖ ਕੇ ਨਾਲ ਹੀ ਇਸ ਵੇਲੇ ਕੌੜਾ ਮੱਲ ਨੇ ਇਹ ਬੇਨਤੀ ਕੀਤੀ ਕਿ ਸਿੱਖ ਚੂੰਕਿ ਲੜਾਕੇ ਤੇ ਮੁਕਾਬਲੇ ਦੇ ਬਹਾਦੁਰ ਆਦਮੀ ਹਨ, ਇਸ ਲਈ ਹਕੂਮਤ ਦਾ ਫ਼ਾਇਦਾ ਇਸੇ ਗੱਲ ਵਿੱਚ ਹੈ ਕਿ ਇਨ੍ਹਾਂ ਨੂੰ ਕੁਝ ਜਾਗੀਰ ਆਦਿ ਦੇ ਕੇ ਆਪਣੇ ਨਾਲ ਰੱਖਿਆ ਜਾਵੇ। ਅਦੀਨਾ ਬੇਗ਼ ਭਾਵੇਂ ਇਸ ਗੱਲ ਦੇ ਹੱਕ ਵਿੱਚ ਨਹੀਂ ਸੀ* ਪਰ ਮੀਰ ਮੰਨੂੰ ਨੇ ਕਿਹਾ ਕਿ ਕੌੜਾ ਮੱਲ ਜੋ ਕੁਝ ਕਰਦਾ ਹੈ ਸਰਕਾਰ ਦੇ ਫ਼ਾਇਦੇ ਲਈ ਕਰਦਾ ਹੈ। ਇਸ ਲਈ ਦੀਵਾਨ ਦੀ ਸਲਾਹ ਪਸੰਦ ਕੀਤੀ ਗਈ ਅਤੇ ਉਸ ਨੇ ਮੰਨੂੰ ਪਾਸੋਂ ਪਰਗਣਾ ਪੱਟੀ ਦੇ ਮਾਮਲੇ ਦਾ ਚੌਥਾ ਹਿੱਸਾ ਸਿੰਘਾਂ ਨੂੰ ਰਾਮ ਰਾਉਣੀ (ਸ੍ਰੀ ਦਰਬਾਰ ਸਾਹਿਬ) ਦੇ ਨਾਮ ਜਾਗੀਰ ਲਿਖਵਾ ਦਿੱਤਾ† ਤੇ ਗੁਰੂ-ਚੱਕ ਵਾਲੇ ਬਾਰਾਂ ਪਿੰਡਾਂ ਦਾ ਪੁਰਾਣਾ ਜ਼ਬਤ ਹੋ ਚੁਕਾ ਹੋਇਆ ਮਾਮਲਾ ਭੀ ਰਾਮ ਰਾਉਣੀ ਦੇ ਨਾਮੇਂ ਲਿਖਵਾ ਦਿੱਤਾ।

---

*ਰਤਨ ਸਿੰਘ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦਾ ਹੈ ਕਿ ਅਦੀਨਾ ਬੇਗ ਨੇ ਇਸ ਗੱਲ ਦੀ ਸ਼ਾਹਦੀ ਭਰ ਦਿੱਤੀ ਸੀ। ਉਪਰ ਜੋ ਕੁਝ ਲਿਖਿਆ ਗਿਆ ਹੈ ਖੁਸ਼ਵਕਤ ਰਾਏ ਦੀ 'ਤਵਾਰੀਖ਼ਿ ਸਿੱਖਾਂ' ਅਨੁਸਾਰ ਹੈ।

†ਖੁਸ਼ਵਕਤ ਰਾਏ, ਤਾਰੀਖ਼ਿ-ਸਿੱਖਾਂ, ੬੮।



Digitized by Panjab Digital Library | www.panjabdigilib.org

# ਦੁੱਰਾਨੀ ਦਾ ਦੂਸਰਾ ਹੱਲਾ

## ਮੰਨੂੰ ਨੇ ਸੁਲਾਹ ਕਰ ਲਈ

ਸੰਨ ੧੭੪੮ ਦੇ ਆਖ਼ੀਰ*, ਮੱਘਰ ੧੮੦੫ ਬਿਕ੍ਰਮੀ ਵਿੱਚ ਹੀ ਅਹਿਮਦ ਸ਼ਾਹ ਦੁੱਰਾਨੀ ਪੰਜਾਬ ਤੇ ਚੜ੍ਹ ਆਇਆ। ਮੀਰ ਮੰਨੂੰ ਨੇ ਮਦਦ ਮੰਗਣ ਲਈ ਦਿੱਲੀ ਨੂੰ ਹਰਕਾਰੇ ਦੁੜਾਏ, ਤੇ ਆਪ ਝੱਨਾਂ ਉੱਤੇ ਦੁੱਰਾਨੀ ਨੂੰ ਰੋਕਣ ਲਈ ਸੋਹਦਰੇ ਪੁੱਜਾ। ਦਿੱਲੀ ਤੋਂ ਮਦਦ ਕਿਸ ਭੇਜਣੀ ਸੀ? ਵਜ਼ੀਰ ਤਾਂ ਉਸ ਨੂੰ ਫਸਿਆ ਵੇਖ ਕੇ ਖੁਸ਼ ਸਨ। ਮੀਰ ਮੰਨੂੰ ਨੇ ਨਿਰਾਸ ਹੋ ਕੇ ਵੇਲਾ ਟਪਾਉਣ ਲਈ ਦੁੱਰਾਨੀ ਪਾਸ ਸੁਲਾਹ ਲਈ ਬੇਨਤੀ ਕਰ ਘੱਲੀ, ਜੋ ਉਸ ਨੇ ਨਾਦਰ

---

*ਇਕ ਦੋ ਲਿਖਾਰੀਆਂ ਨੇ ਦੁੱਰਾਨੀ ਦੇ ਇਸ ਦੂਸਰੇ ਹੱਲੇ ਦੀ ਤਾਰੀਖ਼ਿ ਨੂੰ ਇੱਕ ਸਾਲ ਅੱਗੇ ਕਰ ਦਿੱਤਾ ਹੈ[ਜ: ਨ: ਸਰਕਾਰ, ੧. ੪੧੯; ਹ: ਰ: ਗੁਪਤਾ,੬੩.]ਖ਼ਜ਼ਾਨਾ-ਇ-ਆਮਰਾ,ਤਾਰੀਖ਼ਿ ਸਲਾਤੀਨਿ ਅਫ਼ਗਾਨਾਂ,ਹਾਲਾਤਿ-ਮੁਲਤਾਨ ਆਦਿ ਵਿੱਚ ਦੁੱਰਾਨੀ ਦੇ ਦੂਈ ਵਾਰ ਆਵਣ ਦੀ ਤਾਰੀਖ਼ਿ ੧੧੬੨ ਹਿਜਰੀ ਦਿੱਤੀ ਹੈ। ਸੰਨ ੧੧੬੨ ਹਿਜਰੀ ੧੧ ਦਸੰਬਰ ੧੭੪੮ ਈ: ਤੋਂ ਸ਼ੁਰੂ ਹੋ ਕੇ ੨੯ ਨਵੰਬਰ ੧੭੪੯ ਤੇ ਜਾ ਕੇ ਖਤਮ ਹੁੰਦਾ ਹੈ। ਇਸ ਲਈ ਦੁੱਰਾਨੀ ਦਾ ਦੂਸਰਾ ਹੱਲਾ ਨਵੰਬਰ ੧੭੪੯ ਤੋਂ ਪਹਿਲਾਂ ਹੀ ਹੋਣਾ ਚਾਹੀਦਾ ਹੈ। ਤਾਰੀਖ਼ਿ ਸਲਾਤੀਨਿ ਅਫ਼ਗਾਨਾਂ [ਪੰ: ੧੫੭] ਵਿੱਚ ਲਿਖਿਆ ਹੈ ਕਿ ਪਹਿਲੇ ਹੱਲੇ ਤੋਂ ਮੁੜਣ ਪਿੱਛੋਂ ਦੁੱਰਾਨੀ ਨੇ ਗਰਮੀ ਕੰਧਾਰ ਕੱਟੀ ਤੇ ਸਰਦੀਆਂ ਵਿੱਚ ਦੂਸਰਾ ਹੱਲਾ ਕੀਤਾ। ਇਹ ਸਰਦੀਆਂ ਦਸੰਬਰ ੧੭੪੮ ਦੀਆਂ ਹੀ ਹੋ ਸਕਦੀਆਂ ਹਨ। ਉਮਦਾ–ਤੁ–ਤਵਾਰੀਖ਼ (ਦਫ਼ਤਰ ੧, ਪੰ: ੧੨੯) ਵਿੱਚ ਲਿਖਿਆ ਹੈ ਕਿ ਅੱਠ ਨੌਂ ਮਹੀਨਿਆਂ ਪਿੱਛੋਂ ਦੁੱਰਾਨੀ ਮੱਘਰ ੧੮੦੫ ਬਿਕ੍ਰਮੀ ਨੂੰ ਦੂਸਰੀ ਵਾਰੀ ਪੰਜਾਬ ਤੇ ਆ ਚੜ੍ਹਿਆ। ਇਸ ਤਰਾਂ ਭੀ ਇਹ ਦੂਸਰਾ ਹੱਲਾ ਦਸੰਬਰ ੧੭੪੮ ਵਿੱਚ ਹੀ ਬੈਠਦਾ ਹੈ। ਸੰਨ ੧੭੪੯–੫੦ ਵਿੱਚ ਨਹੀਂ ਹੋ ਸਕਦਾ।



Digitized by Panjab Digital Library | www.panjabdigilib.org

ਸ਼ਾਹ ਵਾਲੇ ਚਾਰੇ ਜ਼ਿਲੇ ਸਿਆਲ ਕੋਟ, ਐਮਨਾਬਾਦ, ਪਸਰੂਰ ਤੇ ਔਰੰਗਾਬਾਦ ਲੈਣੇ ਕਰ ਕੇ ਪ੍ਰਵਾਣ ਕਰ ਲਈ ਤੇ ਵਲਾਇਤ ਨੂੰ ਮੁੜ ਗਿਆ।*

'ਤਾਰੀਖ਼ਿ ਅਹਿਮਦ ਸ਼ਾਹੀ' ਦਾ ਕਰਤਾ ਲਿਖਦਾ ਹੈ ਕਿ ਮੀਰ ਮੰਨੂੰ ਨੇ ਦਿੱਲੀ ਦੇ ਬਾਦਸ਼ਾਹ ਅਹਿਮਦ ਸ਼ਾਹ ਦੇ ਕਹਿਣ ਅਨੁਸਾਰ ਨਾਦਰ ਸ਼ਾਹ ਵਾਲੇ ਚਾਰ ਜ਼ਿਲੇ ਦੁੱਰਾਨੀ ਨੂੰ ਦੇਣੇ ਕੀਤੇ ਸਨ। ਭਾਵੇਂ ਕਿਸੇ ਹੋਰ ਇਤਿਹਾਸਕਾਰ ਨੇ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਪਰ ਤਾਂ ਭੀ ਇਹ ਕੋਈ ਵੱਡੀ ਗੱਲ ਨਹੀਂ ਕਿ ਵਜ਼ੀਰ ਮੰਡਲੀ ਦੀ ਬਦ-ਨੀਅਤ ਨੂੰ ਤਾੜ ਕੇ ਬਾਦਸ਼ਾਹ ਨੇ ਆਪਣੇ ਮਿੱਤ੍ਰ ਮੀਰ ਮੰਨੂੰ ਨੂੰ ਇਸ ਫਾਹੀ ਵਿੱਚੋਂ ਕੱਢਣ ਲਈ ਖ਼ੁਫੀਆ ਤੌਰ ਤੇ ਇਹ ਗੱਲ ਲਿਖ ਘੱਲੀ ਹੋਵੇ। ਇਹ ਭੀ ਹੋ ਸਕਦਾ ਹੈ ਕਿ ਵਜ਼ੀਰ ਨੇ ਮੀਰ ਮੰਨੂੰ ਦੀ ਤਾਕਤ ਨੂੰ ਕਮਜ਼ੋਰ ਕਰਨ ਲਈ ਬਾਦਸ਼ਾਹ ਕੋਲੋਂ ਇਸ ਬਹਾਨੇ ਚਾਰ ਮਹਾਲ ਦੁੱਰਾਨੀ ਨੂੰ ਦੇਣ ਲਈ ਲਿਖਵਾ ਘੱਲਿਆ ਹੋਵੇ ਕਿ ਇਸ ਤਰਾਂ ਦੁੱਰਾਨੀ ਖੁਸ਼ ਹੋ ਕੇ ਮੁੜ ਜਾਵੇਗਾ ਤੇ ਦਿੱਲੀ ਦਾ ਅਮਨ ਖ਼ਤਰੇ ਵਿੱਚ ਨਹੀਂ ਪਏਗਾ।

---

*ਤਹਿਮਾਸ ਖ਼ਾਨ ਆਪਣੀ ਪੁਸਤਕ 'ਤਹਿਮਾਸ ਨਾਮਾ' ਵਿੱਚ ਲਿਖਦਾ ਹੈ ਕਿ ਜਦ ਅਹਿਮਦ ਸ਼ਾਹ ਦੁੱਰਾਨੀ ਨੇ ਦੇਖਿਆ ਕਿ ਮੀਰ ਮੰਨੂੰ ਦੀ ਬਹਾਦੁਰ ਫ਼ੌਜ ਦੇ ਟਾਕਰੇ ਤੇ ਫ਼ਤਹਿ ਪ੍ਰਾਪਤ ਕਰਨਾ ਮੁਸ਼ਕਲ ਹੈ ਤਾਂ ਉਸ ਨੇ ਸੁਲਾਹ ਦੀ ਗੱਲ ਬਾਤ ਸ਼ੁਰੂ ਕਰ ਦਿੱਤੀ। ਇਧਰੋਂ ਮੀਰ ਮੰਨੂੰ ਵੱਲੋਂ ਮੌਲਵੀ ਅਬਦੁੱਲਾ ਨਾਮੀ ਇੱਕ ਬਜ਼ੁਰਗ ਨੂੰ ਗੱਲ ਬਾਤ ਕਰਨ ਲਈ ਵਿੱਚ ਪਾਇਆ ਗਿਆ ਤੇ ਸੁਲਾਹ ਪੱਕੀ ਹੋ ਜਾਣ ਪਰ ਦੁੱਰਾਨੀ ਆਪਣੇ ਦੇਸ ਨੂੰ ਮੁੜ ਗਿਆ। [ ਤਹਿਮਾਸ ਨਾਮਾ, ਅ. ੪. ]



Digitized by Panjab Digital Library | www.panjabdigilib.org

## ਦੁੱਰਾਨੀ ਦਾ ਦੂਸਰਾ ਹੱਲਾ

### *ਜ਼ਾਹਦ ਖ਼ਾਨ ਵਲੋਂ ਦੁੱਰਾਨੀ ਪਾਸ ਕੌੜਾ ਮੱਲ ਦੀ ਸ਼ਿਕਾਇਤ*

ਅਹਿਮਦ ਯਾਦਗਾਰ ਲਿਖਦਾ ਹੈ ਕਿ ਦੂਸਰੇ ਹੱਲੇ ਵੇਲੇ ਵਾਪਸ ਜਾਂਦਾ ਹੋਇਆ ਜਦ ਅਹਿਮਦ ਸ਼ਾਹ ਦੁੱਰਾਨੀ ਡੇਰਾ ਗ਼ਾਜ਼ੀ ਖ਼ਾਨ ਪੁੱਜਾ ਤਾਂ ਜ਼ਾਹਦ ਖ਼ਾਨ ਉਸ ਪਾਸ ਓਥੇ ਗਿਆ ਤੇ ਆਪਣੇ ਵਿਰੋਧੀਆਂ ਦੀ ਉਸ ਪਾਸ ਸ਼ਿਕਾਇਤ ਕੀਤੀ । ਇਸ ਵੇਲੇ ਜਾਂ ਤਾਂ ਦੁੱਰਾਨੀ ਨੂੰ ਜ਼ਾਹਦ ਖ਼ਾਨ ਦੀ ਗੱਲ ਸੁਣਨ ਦੀ ਵੇਹਲ ਨਹੀਂ ਸੀ ਜਾਂ ਜ਼ਾਹਦ ਖ਼ਾਨ ਉਸ ਨੂੰ ਪੂਰੀ ਤਰਾਂ ਆਪਣੀ ਗੱਲ ਸਮਝਾ ਨਾ ਸਕਿਆ, ਇਸ ਲਈ ਉਸ ਨੇ ਸੱਦੋਜ਼ਈ ਅਮੀਰਾਂ ਨੂੰ ਬੁਲਾ ਕੇ ਕਿਹਾ ਕਿ ਜ਼ਾਹਦ ਖ਼ਾਨ ਦੀ ਗੱਲ ਚੰਗੀ ਤਰਾਂ ਸੁਣ ਸਮਝ ਕੇ ਉਸ ਦਾ ਖ਼ੁਲਾਸਾ ਅਰਜ਼ ਕਰੋ । ਚੁਨਾਂਚਿ ਸੱਦੋਜ਼ਈ ਸਰਦਾਰਾਂ ਨੇ ਜ਼ਾਹਦ ਖ਼ਾਨ ਦੀ ਸਾਰੀ ਗੱਲ ਬਾਤ ਸੁਣੀ ਤੇ ਸਾਰਿਆਂ ਨੇ ਸਲਾਹ ਕਰ ਕੇ ਆਖਿਆ ਕਿ ਜ਼ਾਹਦ ਖ਼ਾਨ ਦਾ ਵੈਰੀ ਅਬਦੁਲ ਅਜ਼ੀਜ਼ ਖ਼ਾਨ ਹੈ, ਪਰ ਚੂੰਕਿ ਓਹ ਸੱਦੋਜ਼ਈਆਂ ਵਿੱਚੋਂ ਇੱਕ ਵੱਡਾ ਸਿਰਕੱਢ ਹੈ ਇਸ ਲਈ ਅਸੀਂ ਕੀ ਆਖੀਏ ? ਜ਼ਾਹਦ ਖ਼ਾਨ ਨੇ ਜਦ ਸੱਦੋਜ਼ਈ ਸਰਦਾਰਾਂ ਨੂੰ ਅਬਦੁਲ ਅਜ਼ੀਜ਼ ਖ਼ਾਨ ਦੇ ਜ਼ਾਤ-ਭਾਈ ਅਤੇ ਡਾਢੇ ਹੋਣ ਕਰਕੇ ਉਸ ਦੇ ਵਿਰੁੱਧ ਕੁਝ ਕਹਿਣੋਂ ਕਰਨੋਂ ਝਿਜਕਦੇ ਦੇਖਿਆ ਤਾਂ ਕਹਿਣ ਲੱਗਾ ਕਿ ਮੇਰਾ ਵੈਰੀ ਤਾਂ ਕੌੜਾ ਮੱਲ ਹਿੰਦੂ ਹੈ। ਪਰ ਇਹ ਕੁਛ ਆਖਣ ਪਰ ਭੀ ਕੁਝ ਨਾ ਬਣ ਸਕਿਆ। ਜਦ ਬਾਦਸ਼ਾਹ ਕੰਧਾਰ ਨੂੰ ਚਲਾ ਗਿਆ ਤਾਂ ਜ਼ਾਹਦ ਖ਼ਾਨ ਸੀਤਪੁਰ ਨੂੰ ਮੁੜ ਆਇਆ ਤੇ ਦਿੱਲੀਓਂ ਸ਼ਾਹਨਿਵਾਜ਼ ਖ਼ਾਨ ਦੀ ਉਡੀਕ ਕਰਨ ਲੱਗਾ, ਜਿਸ ਨੂੰ ਕਿ ਉਸ ਨੇ ਆਪਣੀ ਦੋਸਤੀ ਬਾਬਤ ਅੱਗੇ ਹੀ ਲਿਖਿਆ ਹੋਇਆ ਸੀ* ।

---

*ਤਾਰੀਖ਼ਿ ਸਲਾਤੀਨਿ ਅਫ਼ਗ਼ਾਨਾਂ, ੨੪੨-੪੮।



Digitized by Panjab Digital Library | www.panjabdigilib.org

# ਮੁਲਤਾਨ ਤੇ ਸਿਆਲਕੋਟ ਦੀਆਂ ਬਗ਼ਾਵਤਾਂ

## *ਸ਼ਾਹਨਿਵਾਜ਼ ਖ਼ਾਨ ਦਾ ਮੁਲਤਾਨ ਪਰ ਕਬਜ਼ਾ*

[ ਮਈ–ਜੂਨ ੧੭੪੯* ]

ਇਤਨੇ ਨੂੰ ਸ਼ਾਹਨਿਵਾਜ਼ ਖ਼ਾਨ ਨੇ ਮੁਲਤਾਨ ਤੇ ਆ ਕਬਜ਼ਾ ਕੀਤਾ। ਪਿੱਛੇ ਦੱਸਿਆ ਜਾ ਚੁੱਕਾ ਹੈ† ਕਿ ਮੁਲਤਾਨ ਤੋਂ ਹਾਰ ਖਾ ਕੇ ਸੀਤਪੁਰ ਨੂੰ ਭੱਜਾ ਹੋਇਆ ਜ਼ਾਹਦ ਖ਼ਾਨ ਦਿੱਲੀ ਨੂੰ ਦੌੜ ਗਏ ਹੋਏ ਸ਼ਾਹਨਿਵਾਜ਼ ਖ਼ਾਨ ਨਾਲ ਦੋਸਤਾਨਾ ਲਿਖਾ-ਪੜ੍ਹੀ ਕਰ ਰਿਹਾ ਸੀ ਤੇ ਉਸ ਨੂੰ ਆਪਣੀ ਮਿਤ੍ਰਤਾ ਦਾ ਭਰੋਸਾ ਦਿਵਾ ਰਿਹਾ ਸੀ। ਜਿਸ ਵੇਲੇ ਸਫ਼ਦਰਜੰਗ ਵਜ਼ੀਰ ਦਿੱਲੀ ਦੀ ਸਹਾਇਤਾ ਨਾਲ ਸ਼ਾਹਨਿਵਾਜ਼ ਖ਼ਾਨ ਸੂਬੇਦਾਰੀ ਦੀ ਸਨਦ ਲੈ ਕੇ ਬਹਾਵਲਪੁਰੀਏ ਦਾਊਦ-ਪੋਤ੍ਰਿਆਂ ਦੀ ਹੱਦ ਵਿੱਚ ਪਹੁੰਚਾ ਤਾਂ ਉਸ ਨੇ ਜ਼ਾਹਦ ਖ਼ਾਨ ਨੂੰ ਖ਼ਬਰ ਭੇਜ ਦਿੱਤੀ। ਇਹ ਤਾਂ ਅੱਗੇ ਹੀ ਉਸ ਦੀਆਂ ਉਡੀਕਾਂ ਵਿੱਚ ਬੈਠਾ ਸੀ। ਝੱਟ ਉਸ ਦੇ ਸ੍ਵਾਗਤ ਲਈ ਅੱਗੇ ਪੁੱਜ ਗਿਆ ਤੇ ਸ਼ਾਹਨਿਵਾਜ਼ ਖ਼ਾਨ ਨੂੰ ਨਾਲ ਲੈ ਕੇ ਮੁਲਤਾਨ ਨੂੰ ਤੁਰ ਪਿਆ। ਇਸ ਵੇਲੇ ਇੱਥੇ ਕੌੜਾ ਮੱਲ ਦਾ ਨਾਇਬ ਅਬਦੁਲ ਅਜ਼ੀਜ਼ ਖ਼ਾਨ ਨਾਜ਼ਮ ਸੀ। ਉਸ ਨੇ ਦੇਖਿਆ ਕਿ ਓਹ ਸ਼ਾਹਨਿਵਾਜ਼ ਖ਼ਾਨ ਤੇ ਜ਼ਾਹਦ ਖ਼ਾਨ ਦੀਆਂ ਮਿਲਵੀਆਂ ਫ਼ੌਜਾਂ ਦਾ ਟਾਕਰਾ ਨਹੀਂ ਕਰ ਸਕੇਗਾ। ਇਸ ਲਈ ਉਸ ਨੇ ਮੁਲਤਾਨ ਛੱਡ ਦਿੱਤਾ ਤੇ ਆਪ ਕੌੜਾ ਮੱਲ ਪਾਸ ਲਾਹੌਰ ਆ ਗਿਆ।

---

*ਸਰਕਾਰ, ਫ਼ਾਲ ਔਫ਼ ਦੀ ਮੁਗ਼ਲ ਐਮਪਾਇਰ, ਜਿ: ੧, ਪੰ: ੪੧੬।

†ਦੇਖੋ ਸਫ਼ਾ, ੬੫; ਤਾਰੀਖਿ ਸਲਾਤੀਨਿ ਅਫ਼ਗ਼ਾਨਾਂ, ੨੪੨–੪੮.



Digitized by Panjab Digital Library | www.panjabdigilib.org

ਮੁਲਤਾਨ ਖਾਲੀ ਦੇਖ ਕੇ ਸ਼ਾਹਨਿਵਾਜ਼ ਖ਼ਾਨ ਨੇ ਇੱਥੇ ਕਬਜ਼ਾ ਕਰ ਲਿਆ।*

ਪ੍ਰਤੀਤ ਹੁੰਦਾ ਹੈ ਕਿ ਚੂੰਕਿ ਸਿਆਲਕੋਟ ਵੱਲ ਖੜੀ ਹੋ ਰਹੀ ਨਾਸਰ ਖ਼ਾਨ ਦੀ ਬਗ਼ਾਵਤ ਨਜ਼ਦੀਕ ਹੋਣ ਕਰਕੇ ਜ਼ਿਆਦਾ ਖ਼ਤਰਨਾਕ ਹੋ ਜਾਣ ਵਾਲੀ ਦਿੱਸਦੀ ਸੀ ਤੇ ਉਸ ਦੀ ਕਾਮਯਾਬੀ ਸਿੱਧੀ ਮੀਰ ਮੰਨੂੰ ਦੇ ਆਪਣੇ ਸਿਰ ਸੱਟ ਸੀ, ਅਤੇ ਮੁਲਤਾਨ ਦੂਰ ਹੋਣ ਕਰਕੇ ਇਸ ਦਾ ਅਸਰ ਲਾਹੌਰ ਤੇ ਛੇਤੀ ਨਹੀਂ ਸੀ ਪੈ ਸਕਦਾ, ਇਸ ਲਈ ਪਹਿਲਾਂ ਨਾਸਰ ਖ਼ਾਨ ਦੀ ਮੁਹਿੰਮ ਨੂੰ ਦਬਾ ਲੈਣਾ ਜ਼ਰੂਰੀ ਸਮਝਿਆ ਗਿਆ।

## ਨਾਸਰ ਖ਼ਾਨ ਦੀ ਬਗ਼ਾਵਤ

[ ਜੁਲਾਈ ੧੭੪੯ ]

ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਨਾਸਰ ਖ਼ਾਨ ਕਾਬੁਲ ਦਾ ਸੂਬੇਦਾਰ ਅਹਿਮਦ ਸ਼ਾਹ ਦੁੱਰਾਨੀ ਦੇ ਪਹਿਲੇ ਹੱਲੇ ਵੇਲੇ ਪਿਸ਼ਾਵਰ ਪਰ ਧਾਵਾ ਕਰਨ ਪਰ ਹਾਰ ਖਾ ਕੇ ਦਿੱਲੀ ਨੂੰ ਭੱਜ ਗਿਆ ਸੀ। ਓਥੇ ਕਿਸੇ ਨੇ ਉਸ ਦੀ ਮਦਦ ਨਾ ਕੀਤੀ ਤੇ ਨਾ ਹੀ ਕਿਸੇ ਹੋਰ ਤਰਾਂ ਬਾਦਸ਼ਾਹ ਦੇ ਹਜ਼ੂਰੋਂ ਓਸ ਦੀ ਮੁਰਾਦ ਪੂਰੀ ਹੋਈ। ਇਸ ਲਈ ਨਵਾਬ ਮੀਰ ਮੰਨੂੰ ਦੇ ਪੰਜਾਬ ਦਾ ਸੂਬੇਦਾਰ ਬਣਨ ਪਰ ਓਹ ਲਾਹੌਰ ਆ ਗਿਆ। ਮੀਰ ਮੰਨੂੰ ਨੇ ਉਸ ਦੀ ਚੰਗੀ ਖ਼ਾਤਰ ਤਵਾਜ਼ਾ ਕੀਤੀ ਤੇ ਸਿਆਲਕੋਟ ਆਦਿ ਚਾਰ ਮਹਾਲ ਦੀ ਫ਼ੌਜਦਾਰੀ ਦੇ ਕੇ ਕਿਹਾ ਕਿ ਹਾਲ ਤੱਕ ਇਕ ਦੋ ਸਾਲ ਲਈ ਇਨ੍ਹਾਂ ਮਹਾਲ ਦਾ ਪ੍ਰਬੰਧ ਕਰੋ, ਜਿਸ ਵੇਲੇ ਤੇਰੇ ਪਾਸ ਕੁਝ ਚੰਗਾ ਸਾਜ਼ ਸਾਮਾਨ ਹੋ ਜਾਵੇਗਾ ਉਸ ਵੇਲੇ ਮੈਂ ਤੈਨੂੰ ਨਾਲ ਲੈ ਕੇ ਕਾਬਲ ਤੇ ਚੜ੍ਹਾਈ

---

*ਤਾਰੀਖ਼ਿ ਸਲਾਤੀਨਿ ਅਫ਼ਗਾਨਾਂ, ੨੪੮.



Digitized by Panjab Digital Library | www.panjabdigilib.org

ਕਰਾਂਗਾ ਤੇ ਓਥੇ ਦੀ ਸੂਬੇਦਾਰੀ ਤੇ ਤੈਨੂੰ ਕਾਇਮ ਕਰ ਦਿੱਤਾ ਜਾਵੇਗਾ। ਚੁਨਾਂਚਿ ਨਾਸਰ ਖ਼ਾਨ ਚਾਰ ਮਹਾਲ ਦੀ ਫ਼ੌਜਦਾਰੀ ਦੀ ਸਨਦ ਮੀਰ ਮੰਨੂੰ ਪਾਸੋਂ ਲੈ ਕੇ ਸਿਆਲਕੋਟ ਚਲਾ ਗਿਆ ਤੇ ਓਥੇ ਜਾ ਕੇ ਥੋੜੇ ਚਿਰ ਵਿੱਚ ਹੀ ਕਾਫ਼ੀ ਸ਼ਾਨ ਸ਼ੌਕਤ ਪੈਦਾ ਕਰ ਲਈ।

ਸਾਲ ਪਿੱਛੋਂ ਨਾਸਰ ਖ਼ਾਨ ਦੀਆਂ ਅੱਖਾਂ ਅੱਗੇ ਸਰੋਂ ਫੁੱਲ ਆਈ। ਓਹ ਮੀਰ ਮੰਨੂੰ ਦੀ ਮੇਹਰਬਾਨੀ ਤੇ ਇਹਸਾਨ ਨੂੰ ਭੁੱਲ ਗਿਆ ਜਿਸ ਨੇ ਕਿ ਮੁਸ਼ਕਲ ਦੇ ਦਿਨਾਂ ਵਿੱਚ ਸਹਾਇਤਾ ਦੇ ਕੇ ਉਸ ਨੂੰ ਆਪਣੇ ਪੈਰੀਂ ਖੜਾ ਹੋਣ ਜੋਗਾ ਕੀਤਾ ਸੀ, ਤੇ ਮੰਨੂੰ ਦੇ ਵੈਰੀ ਸਫ਼ਦਰਜੰਗ ਵਜ਼ੀਰ ਦਿੱਲੀ ਨਾਲ ਰਲ ਗਿਆ।*

ਦਿੱਲੀ ਦਾ ਵਜ਼ੀਰ ਸਫ਼ਦਰਜੰਗ ਹਰ ਵੇਲੇ ਇਸ ਤਾੜ ਵਿੱਚ ਰਹਿੰਦਾ ਸੀ ਕਿ ਜਿਵੇਂ ਭੀ ਹੋ ਸਕੇ ਮੀਰ ਮੰਨੂੰ ਦੀ ਤਾਕਤ ਨੂੰ ਕਮਜ਼ੋਰ ਕਰ ਕੇ ਉਸ ਨੂੰ ਖ਼ੁਆਰ ਕੀਤਾ ਜਾਵੇ। ਇਸ ਲਈ ਉਸ ਨੇ ਅੰਦਰੋ ਅੰਦਰ ਖ਼ੁਫ਼ੀਆ ਤੌਰ ਤੇ ਨਾਸਰ ਖ਼ਾਨ ਤੇ ਸ਼ਾਹਨਿਵਾਜ਼ ਖ਼ਾਨ ਨਾਲ ਸਾਜ਼ਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸ਼ਾਹਨਿਵਾਜ਼ ਖ਼ਾਨ ਨੂੰ ਮੁਲਤਾਨ ਦੇ ਸੂਬੇ ਦੀ ਸਨਦ ਦੇ ਕੇ ਮੁਲਤਾਨ ਭੇਜ ਦਿੱਤਾ ਜਿੱਥੇ ਕਿ ਕੌੜਾ ਮੱਲ ਨੂੰ ਮਹਿੰਮ ਲੈ ਜਾਣੀ ਪਈ, ਜਿਸ ਦਾ ਕਿ ਜ਼ਿਕਰ ਅੱਗੇ ਚੱਲ ਕੇ ਕੀਤਾ ਜਾਵੇਗਾ, ਤੇ ਨਾਸਰ ਖ਼ਾਨ ਨੂੰ ਸਿਆਲਕੋਟ ਲਿਖਿਆ ਕਿ ਤੂੰ ਤਕੜੀ ਫ਼ੌਜ ਜਮਾਂ ਕਰ ਕੇ ਮੀਰ ਮੰਨੂੰ ਨਾਲ ਲੜਾਈ ਕਰ ਤੇ ਉਸ ਪਾਸੋਂ ਲਾਹੌਰ ਦਾ ਸੂਬਾ ਖੋਹ ਲੈ। ਇਸ ਸੂਬੇ ਦੀ ਸਨਦ ਬਾਦਸ਼ਾਹ ਪਾਸੋਂ ਤੇਰੇ ਨਾਮ ਭਿਜਵਾ ਦਿੱਤੀ ਜਾਵੇਗੀ।†

---

*ਤਹਿਮਾਸ ਨਾਮਾ, ਅ. ੫.

†ਤਾਰੀਖਿ ਆਲੀ ਵਿੱਚ ਲਿਖਿਆ ਹੈ ਕਿ ਸਫ਼ਦਰਜੰਗ ਵਜ਼ੀਰੁ-ਲ-ਮੁਮਾਲਿਕ ਨੇ ਲਾਹੌਰ ਦੇ ਸੂਬੇ ਦੀ ਸਨਦ ਸੱਚ-ਮੁੱਚ ਨਾਸਰ ਖ਼ਾਨ ਦੇ ਨਾਮ ਬਾਦਸ਼ਾਹ ਪਾਸੋਂ ਕਰਵਾ ਕੇ ਭੇਜ ਹੀ ਦਿੱਤੀ ਸੀ। [ ਦੇਖੋ ਪੰਨਾ ੧੦੨. ]



Digitized by Panjab Digital Library | www.panjabdigilib.org

ਸ਼ਾਹਨਿਵਾਜ਼ ਖ਼ਾਨ ਨਾਲ, ਜਿਸ ਨੂੰ ਕਿ ਮੁਲਤਾਨ ਦੀ ਸੂਬੇਦਾਰੀ ਦਿੱਤੀ ਜਾ ਰਹੀ ਹੈ, ਮਿਲ ਕੇ ਇੱਕ ਦੂਸਰੇ ਦੀ ਸਹਾਇਤਾ ਕਰੋ। ਇਸ ਗੱਲ ਦਾ ਪਤਾ ਜਿਸ ਵੇਲੇ ਨਵਾਬ ਮੀਰ ਮੰਨੂੰ ਨੂੰ ਲੱਗਾ ਤਾਂ ਉਸ ਨੇ ਮੀਰ ਮਹਿਦੀ ਅਲੀ ਖ਼ਾਨ ਨੂੰ ਨਾਸਰ ਖ਼ਾਨ ਪਾਸ ਭੇਜਿਆ ਤੇ ਆਖਿਆ ਕਿ ਮੈਂ ਤੈਨੂੰ ਆਪਣੇ ਚਾਚੇ ਦੀ ਥਾਂ ਸਮਝਦਾ ਹਾਂ। ਗ਼ੈਰ ਸਾਡੀ ਦੋਸਤੀ ਨੂੰ ਭੰਗ ਕਰ ਕੇ ਅਸਾਂ-ਨੂੰ ਬਰਬਾਦ ਕਰਨਾ ਚਾਹੁੰਦੇ ਹਨ। ਇਸ ਵੇਲੇ ਚਾਹੀਦਾ ਇਹ ਹੈ ਕਿ ਬਿਗਾੜ ਪੈਦਾ ਕਰਨ ਵਾਲੇ ਦੋਖੀਆਂ ਦੀਆਂ ਗੱਲਾਂ ਨਾ ਸੁਣੀਆਂ ਜਾਣ। ਛੇ ਲੱਖ ਰੁਪਇਆ ਸਾਲਾਨਾ ਜੋ ਤੂੰ ਦੇਣਾ ਮੰਨਿਆ ਹੋਇਆ ਹੈ ਉਸ ਨੂੰ ਬਰਕਰਾਰ ਕਬੂਲ ਰੱਖ ਤੇ ਕਿਸੇ ਤਰਾਂ ਦੀ ਛੇੜਖਾਨੀ ਨਾ ਕਰ। ਪਰ ਨਾਸਰ ਖ਼ਾਨ ਨੇ ਇਕ ਨਾ ਸੁਣੀ ਤੇ ਪੁਰਾਣੇ ਤੱਲਕ ਭੁਲ ਭੁਲਾ ਕੇ ਲੜਾਈ ਲਈ ਤਿਆਰ ਹੋ ਪਿਆ ਅਤੇ ਥੋੜੇ ਚਿਰ ਵਿੱਚ ਸਤਾਰਾਂ ਅਠਾਰਾਂ ਹਜ਼ਾਰ ਸਵਾਰ ਫ਼ੌਜ ਇਕੱਠੀ ਕਰ ਕੇ ਮੁਲਕ ਵਿੱਚ ਹੱਥ ਮਾਰਨ ਲੱਗ ਪਿਆ। ਇਸ ਵੇਲੇ ਮੀਰ ਮੰਨੂੰ ਦੇ ਇਕ ਹਜ਼ਾਰ ਉਜ਼ਬਕ ਕੌਮ ਦੇ ਮੁਗ਼ਲੀਆ ਸਿਪਾਹੀ ਭੀ ਬਿਨਾ ਦੱਸੇ ਹੀ ਨਾਸਰ ਖ਼ਾਨ ਪਾਸ ਜਾ ਨੌਕਰ ਹੋ ਗਏ।

ਹੁਣ ਮੀਰ ਮੰਨੂੰ ਨੂੰ ਭੀ ਇਸ ਨਵੀਂ ਉਠ ਪਈ ਕਲਾ ਨੂੰ ਮਿਟਾਉਣ ਲਈ ਫ਼ੌਜੀ ਤਿਆਰੀ ਕਰਨੀ ਪਈ। ਚੁਨਾਂਚਿ ਅਦੀਨਾ ਬੇਗ਼ ਖ਼ਾਨ, ਮੀਰ ਮਹਿਦੀ ਅਲੀ ਖ਼ਾਨ, ਨਵਾਬ ਭਿਖ਼ਾਰੀ ਖ਼ਾਨ, ਗ਼ਾਜ਼ੀ ਬੇਗ਼ ਖ਼ਾਨ, ਮੁਹੰਮਦ ਮੋਮਨ ਖ਼ਾਨ, ਮੀਰ ਨਿਹਮਤ ਖ਼ਾਨ ਤੇ ਦੀਵਾਨ ਕੌੜਾ ਮੱਲ ਆਦਿ ਸਰਦਾਰਾਂ ਨੂੰ ਨਾਲ ਲੈ ਕੇ ਮੀਰ ਮੰਨੂੰ ਨੇ ਨਾਸਰ ਖ਼ਾਨ ਉੱਤੇ ਚੜ੍ਹਾਈ ਕਰ ਦਿੱਤੀ ਤੇ ਚਾਰ ਮਹਾਲ ਦੇ ਸਦਰ ਸਿਆਲਕੋਟ ਤੋਂ ਸਤ ਕੋਹ ਦੇ ਫ਼ਾਸਲੇ ਤੇ ਡੇਰੇ ਜਾ ਲਾਏ।

ਸਵੇਰੇ ਹੀ ਇਕ ਦਿਨ ਨਾਸਰ ਖ਼ਾਨ ਫ਼ੌਜ ਨੂੰ ਵੰਡ ਕੇ



Digitized by Panjab Digital Library | www.panjabdigilib.org

ਲੜਾਈ ਲਈ ਤਿਆਰ ਹੋ ਕੇ ਆ ਡਟਿਆ । ਆਪਣੀ ਫ਼ੌਜ ਵਿੱਚੋਂ ਤਿੰਨ ਹਜ਼ਾਰ ਸਵਾਰ ਵੱਖਰੇ ਕਰ ਕੇ ਨਾਸਰ ਖ਼ਾਨ ਨੇ ਮੀਰ ਮੰਨੂੰ ਦੇ ਹਰੌਲ (ਮੋਹਰਲੀ ਫ਼ੌਜ) ਦੇ ਵਿਰੁੱਧ ਭੇਜੇ ਜਿੱਥੇ ਕਿ ਖ਼ੰਜਰ ਖ਼ਾਨ ਕਾਬਲੀ ਤੇ ਮੀਰ ਮੋਮਨ ਖ਼ਾਨ ਸਨ । ਦੋ ਹਜ਼ਾਰ ਸਵਾਰ ਭਿਖਾਰੀ ਖ਼ਾਨ ਦੇ ਮੁਕਾਬਲੇ ਘੱਲੇ ਤੇ ਹਜ਼ਾਰ ਸਵਾਰ ਮਹਿਦੀ ਅਲੀ ਖ਼ਾਨ ਦੇ ਸਾਮ੍ਹਣੇ ਖੜਾ ਕਰ ਦਿੱਤਾ । ਆਪ ਨਾਸਰ ਖ਼ਾਨ ਨੇ ਪੰਦਰਾਂ ਹਜ਼ਾਰ ਸਵਾਰ ਨਾਲ ਮੀਰ ਮੰਨੂੰ ਦੇ ਪਿੱਛੋਂ ਆ ਕੇ ਉਸ ਦੀ ਬਹੀਰ ਉੱਤੇ ਧਾਵਾ ਬੋਲ ਦਿੱਤਾ । ਜਦ ਹਰਕਾਰਿਆਂ ਨੇ ਆ ਕੇ ਇਹ ਖ਼ਬਰ ਦਿੱਤੀ ਤਾਂ ਨਵਾਬ ਮੀਰ ਮੰਨੂੰ ਨੇ ਆਪਣੇ ਸੂਰਬੀਰ ਤੇ ਬਹਾਦਰ ਸਰਦਾਰਾਂ ਕੌੜਾ ਮੱਲ ਬਹਾਦੁਰ ਤੇ ਮਹਿਦੀ ਅਲੀ ਖ਼ਾਨ ਨੂੰ ਓਸ ਦੇ ਟਾਕਰੇ ਤੇ ਜਾਣ ਦਾ ਹੁਕਮ ਦਿੱਤਾ । ਇਨ੍ਹਾਂ ਦੇ ਅੱਗੇ ਵਧ ਕੇ ਹੱਲਾ ਕਰਨ ਦੀ ਡੇਰ ਹੀ ਸੀ ਕਿ ਵੈਰੀਆਂ ਦੇ ਪੈਰ ਉਖੜ ਗਏ ਤੇ ਓਹ ਮੈਦਾਨੋਂ ਭੱਜ ਨਿਕਲੇ । ਖ਼੍ਵਾਜਾ ਅਸਮਤੁੱਲਾ ਖ਼ਾਨ, ਬਖ਼ਸ਼ੀ ਨਾਸਰੁਦੌਲਾ ਤੇ ਹੋਰ ਸਤ ਹਾਥੀ-ਸਵਾਰ ਸਰਦਾਰ ਕੈਦ ਕੀਤੇ ਗਏ । ਖ਼ੁਦ ਨਾਸਰ ਖ਼ਾਨ ਭੀ ਮੈਦਾਨ ਛੱਡ ਗਿਆ ਤੇ ਜਾਨ ਬਚਾਉਣ ਲਈ ਦੌੜ ਕੇ ਐਮਨਾਬਾਦੋਂ ਪਰੇ ਜਾ ਰਾਤ ਕੱਟੀ ਤੇ ਸਵੇਰੇ ਸਤ ਅੱਠ ਸੌ ਸਵਾਰ ਤੇ ਪਿਆਦਿਆਂ ਨਾਲ ਦਿੱਲੀ ਵੱਲ ਨੂੰ ਭੱਜ ਗਿਆ ।

ਨਾਸਰ ਖ਼ਾਨ ਦੇ ਭੱਜ ਜਾਣ ਦੀ ਖ਼ਬਰ ਸੁਣ ਕੇ ਮੀਰ ਮੰਨੂੰ ਨੇ ਸੱਯਦ ਜਮੀਲ ਖ਼ਾਨ,ਮੀਰ ਮੋਮਨ ਖ਼ਾਨ, ਮੀਰ ਨਿਹਮਤ ਖ਼ਾਨ ਅਤੇ ਰਫ਼ੀ-ਉ-ਦੀਨ ਖ਼ਾਨ ਸੰਭਲੀ ਨੂੰ ਹੁਕਮ ਦਿੱਤਾ ਕਿ ਨਾਸਰ ਖ਼ਾਨ ਦਾ ਪਿੱਛਾ ਕਰਨ ਤੇ ਉਸ ਨੂੰ ਰਾਵੀ, ਬਿਆਸ ਤੇ ਸਤਲੁਜ ਦਰਿਆਵਾਂ ਤੋਂ ਪਾਰ ਕੱਢ ਆਉਣ,ਪਰ ਹੋਰ ਕਿਸੇ ਤਰਾਂ ਦਾ ਨੁਕਸਾਨ ਨਾ ਪਹੁੰਚਾਉਣ* ।

*ਤਹਿਮਾਸ ਨਾਮਾ, ਅ. ੫–੬; ਮੁਹੰਮਦ ਸਾਲਿਹ ਕੁਦਰਤ, ਤਾਰੀਖ਼ਿ ਆਲੀ, ੧੭੨–੭੩ ।



Digitized by Panjab Digital Library | www.panjabdigilib.org

## ਮੁਲਤਾਨ ਤੇ ਸਿਆਲਕੋਟ ਦੀਆਂ ਬਗ਼ਾਵਤਾਂ

ਥੋੜੇ ਜਿਹੇ ਦਿਨਾਂ ਵਿੱਚ ਸਿਆਲਕੋਟ ਆਦਿ ਮਹਾਲ ਦਾ ਪ੍ਰਬੰਧ ਕਰ ਕੇ ਨਵਾਬ ਮੀਰ ਮੰਨੂੰ ਕਲਾਨੌਰ ਦੇ ਰਸਤੇ ਲਾਹੌਰ ਨੂੰ ਮੁੜ ਆਇਆ ਤੇ ਕੌੜਾ ਮੱਲ ਭੀ ਉਸ ਦੇ ਨਾਲ ਹੀ ਲਾਹੌਰ ਨੂੰ ਆ ਗਿਆ।

## *ਦੀਵਾਨ ਕੌੜਾ ਮੱਲ ਤੇ ਮਿਰਜ਼ਾ ਅਸਮਤ ਖ਼ਾਨ ਨੂੰ ਕੈਦ*

[ ਜੁਲਾਈ–ਅਗਸਤ ੧੭੪੯ ]

ਤਹਿਮਾਸ ਖ਼ਾਨ ਆਪਣੀ ਜੀਵਨ ਕਥਾ 'ਤਹਿਮਾਸ ਨਾਮੇ' ਵਿੱਚ ਲਿਖਦਾ ਹੈ ਕਿ ਮੁਲਤਾਨ ਦੀ ਮੁਹਿੰਮ ਪਰ ਜਾਣ ਤੋਂ ਪਹਿਲਾਂ ਦੀਵਾਨ ਕੌੜਾ ਮੱਲ ਤੇ ਮਿਰਜ਼ਾ ਅਸਮਤ ਖ਼ਾਨ, ਜੇਹੜੇ ਕਿ ਦੋਨੋਂ ਪਹਿਲਾਂ ਸ਼ਾਹ ਨਿਵਾਜ਼ ਖ਼ਾਨ ਦੇ ਦੀਵਾਨ ਤੇ ਬਖ਼ਸ਼ੀ ਹੁੰਦੇ ਸਨ, ਕੁਝ ਮਹੀਨੇ ਨਵਾਬ ਮੀਰ ਮੰਨੂੰ ਦੀ ਕੈਦ ਵਿੱਚ ਸਨ। ਤਹਿਮਾਸ ਖ਼ਾਨ ਨੇ ਇਨ੍ਹਾਂ ਦੇ ਕੈਦ ਹੋਣ ਦਾ ਕਾਰਣ ਨਹੀਂ ਲਿਖਿਆ। ਪ੍ਰਤੀਤ ਇਹ ਹੁੰਦਾ ਹੈ ਕਿ ਜਿਸ ਵੇਲੇ ਦਿੱਲੀ ਦੇ ਵਜ਼ੀਰ ਸਫ਼ਦਰਜੰਗ ਨੇ ਮੀਰ ਮੰਨੂੰ ਦੀ ਤਾਕਤ ਨੂੰ ਕਮਜ਼ੋਰ ਤੇ ਬਰਬਾਦ ਕਰਨ ਲਈ ਗੋਂਦਾਂ ਗੁੰਦਣੀਆਂ ਸ਼ੁਰੂ ਕੀਤੀਆਂ ਤੇ ਸ਼ਾਹਨਿਵਾਜ਼ ਖ਼ਾਨ ਨੂੰ ਮੁਲਤਾਨ ਦੀ ਸੂਬੇਦਾਰੀ ਦੇ ਦਿੱਤੀ ਤਾਂ ਉਸ ਵੇਲੇ ਇਨ੍ਹਾਂ ਦੇ ਵਿਰੋਧੀਆਂ ਨੇ ਮੀਰ ਮੰਨੂੰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਸ਼ਾਹਨਿਵਾਜ਼ ਖ਼ਾਨ ਦੇ ਮੁਲਤਾਨ ਦਾ ਹਾਕਮ ਬਣਨ ਵਿੱਚ ਇਨ੍ਹਾਂ ਦਾ ਭੀ ਕੋਈ ਹੱਥ ਹੈ। ਇਹ ਦੋਨੋਂ ਚੂੰਕਿ ਪਹਿਲਾਂ ਸ਼ਾਹਨਿਵਾਜ਼ ਖ਼ਾਨ ਦੀ ਮੁਲਤਾਨ ਵਿੱਚ ਹਕੂਮਤ ਵੇਲੇ ਉਸ ਦੇ ਦੀਵਾਨ ਤੇ ਬਖ਼ਸ਼ੀ ਰਹੇ ਸਨ ਤੇ ਉਸ ਦੇ ਨਾਲ ਹੀ ਮੁਲਤਾਨੋਂ ਲਾਹੌਰ ਆਏ ਸਨ ਤੇ ਲਾਹੌਰ ਵਿੱਚ ਭੀ ਸ਼ਾਹਨਿਵਾਜ਼ ਖ਼ਾਨ ਦੀ ਫ਼ਤਹਿ ਦੇ ਖ਼ਾਸ ਕਾਰਣ ਸਨ ਤੇ ਇੱਥੇ ਉਸ ਦੀ ਹਕੂਮਤ ਵੇਲੇ ਉਸ ਦੇ ਵੱਡੇ ਅਫ਼ਸਰ ਤੇ ਨਿਕਟ ਵਰਤੀ ਸਨ, ਇਸ ਲਈ



Digitized by Panjab Digital Library | www.panjabdigilib.org

ਉਨ੍ਹਾਂ ਸੰਬੰਧੀ ਸ਼ੱਕ ਭੀ ਛੇਤੀ ਹੀ ਪਾਏ ਜਾ ਸਕਦੇ ਸਨ । ਸੋ ਕਿਸੇ ਇਹੋ ਜਿਹੇ ਕਾਰਣ ਕਰਕੇ ਇਨ੍ਹਾਂ ਦੋਨਾਂ ਨੂੰ ਕੈਦ ਕਰ ਦਿੱਤਾ ਗਿਆ ਤੇ ਕੁਝ ਚਿਰ ਬੰਦੀ ਖ਼ਾਨੇ ਵਿੱਚ ਰਹੇ। ਪਰ ਪਿੱਛੋਂ ਕੀਤੀ ਗਈ ਪੜਤਾਲ ਵਿੱਚ ਇਨ੍ਹਾਂ ਦੇ ਵਿਰੁੱਧ ਕੋਈ ਭੀ ਗੱਲ ਨਿਕਲੀ ਮਾਲੂਮ ਨਹੀਂ ਹੁੰਦੀ, ਇਸ ਕਰਕੇ ਇਨ੍ਹਾਂ ਨੂੰ ਛੱਡ ਦਿੱਤਾ ਗਿਆ। ਤਹਿਮਾਸ ਖ਼ਾਨ ਲਿਖਦਾ ਹੈ ਕਿ ਰਿਹਾਈ ਪਿੱਛੋਂ ਨਵਾਬ ਮੀਰ ਮੰਨੂੰ ਹਰ ਰੋਜ਼ ਅਸਮਤ ਖ਼ਾਨ ਪਰ ਕੋਈ ਨਾ ਕੋਈ ਨਵੀਂ ਮੇਹਰਬਾਨੀ ਕਰਦਾ ਤੇ ਕਦੀ ਤਲਵਾਰ, ਕਦੀ ਸਾਜ਼ ਸਾਮਾਨ ਸਮੇਤ ਘੋੜਾ, ਕਦੀ ਪੇਸ਼-ਕਬਜ਼ ਤੇ ਕਦੀ ਸੁਨਹਿਰੀ ਕਮਾਨ ਤੇ ਤੀਰ ਭੇਜਦਾ ਤੇ ਇਸੇ ਤਰਾਂ ਹੀ ਓਹ ਰਾਜਾ ਕੌੜਾ ਮੱਲ ਨੂੰ ਭੀ ਤੋਹਫ਼ੇ ਭੇਜ ਕੇ ਉਨ੍ਹਾਂ ਨੂੰ ਵਡਿਆਉਂਦਾ ਤੇ ਇਜ਼ਤ ਕਰਦਾ, ਜਿਸ ਕਰਕੇ ਕਈ ਸਰਕਾਰੀ ਅਫ਼ਸਰ ਉਨ੍ਹਾਂ ਨਾਲ ਈਰਖਾ ਕਰਨ ਲੱਗ ਪਏ।*

---

*ਤਹਿਮਾਸ ਨਾਮਾ, ੮।



Digitized by Panjab Digital Library | www.panjabdigilib.org

# ਮੁਲਤਾਨ ਦੀ ਮੁਹਿੰਮ

## ਦੀਵਾਨ ਕੌੜਾ ਮੱਲ ਦੀ ਚੜ੍ਹਾਈ

[ ਸਤੰਬਰ–ਅਕਤੂਬਰ ੧੭੪੯ ]

ਮੁਲਤਾਨ ਦੀ ਮੁਹਿੰਮ ਦੀ ਅਗਵਾਈ ਕੌੜਾ ਮੱਲ ਨੂੰ ਦਿੱਤੀ ਗਈ। ਚੂੰਕਿ ਮੀਰ ਮੰਨੂੰ ਸੂਬਾ ਲਾਹੌਰ ਵਿੱਚ ਅਮਨ ਅਮਾਨ ਕਾਇਮ ਰੱਖਣ ਲਈ ਕਾਫ਼ੀ ਫ਼ੌਜ ਆਪਣੇ ਪਾਸ ਰੱਖਣਾ ਚਾਹੁੰਦਾ ਸੀ, ਇਸ ਲਈ ਕੌੜਾ ਮੱਲ ਦੇ ਨਾਲ ਜਾਣ ਲਈ ਬੜੀ ਘੱਟ ਫ਼ੌਜ ਰਹਿ ਗਈ। ਅਸਮਤ ਬੇਗ ਖ਼ਾਨ, ਜੋ ਪਹਿਲਾਂ ਸ਼ਾਹਨਿਵਾਜ਼ ਖ਼ਾਨ ਦਾ ਬਖ਼ਸ਼ੀ ਰਹਿ ਚੁੱਕਾ ਸੀ, ਜ਼ਾਹਦ ਖ਼ਾਨ ਸੱਦੋਜ਼ਈ ਦਾ ਪੁਤ੍ਰ ਸ਼ਾਕਿਰ ਖ਼ਾਨ, ਜੋ ਇਸ ਵੇਲੇ ਲਾਹੌਰ ਸੀ, ਕੌੜਾ ਮੱਲ ਦਾ ਮੁਲਤਾਨੋਂ ਆਇਆ ਹੋਇਆ ਨਾਇਬ ਅਬਦੁਲ ਅਜ਼ੀਜ਼ ਖ਼ਾਨ, ਦੁਆਬਾ ਬਿਸਤ ਜਾਲੰਧਰ ਦਾ ਫ਼ੌਜਦਾਰ ਅਦੀਨਾ ਬੇਗ ਖ਼ਾਨ ਤੇ ਖ਼੍ਵਾਜਾ ਇਬਰਾਹੀਮ ਖ਼ਾਨ ਉਸ ਦੇ ਨਾਲ ਜਾਣ ਨੂੰ ਤਿਆਰ ਕੀਤੇ ਗਏ।* ਇਨ੍ਹਾਂ ਵਿੱਚੋਂ ਭੀ ਅਦੀਨਾ ਬੇਗ ਉੱਤੇ ਪੂਰਾ ਭਰੋਸਾ ਕਰਨਾ ਮੁਸ਼ਕਲ ਸੀ, ਅਤੇ ਜਿਵੇਂ ਬਾਦ ਦੇ ਵਾਕਿਆਤ ਤੋਂ ਪਤਾ ਲੱਗੇਗਾ, ਉਹ ਅੰਦਰੋਂ ਕੌੜਾ ਮੱਲ ਦੀ ਮੀਰ ਮੰਨੂੰ ਦੀਆਂ ਨਜ਼ਰਾਂ ਵਿੱਚ ਵਧ ਰਹੀ ਇੱਜ਼ਤ ਨੂੰ ਨਾ ਸਹਾਰ ਸਕਦਾ ਹੋਇਆ ਦੁਸ਼ਮਨ ਬਣਦਾ ਜਾ ਰਿਹਾ ਸੀ। ਓਹ ਆਪਣੇ ਮਤਲਬ ਦਾ ਬੰਦਾ ਸੀ ਤੇ ਜਿਧਰੋਂ ਉਸ ਦਾ ਮਤਲਬ ਪੂਰਾ ਹੁੰਦਾ ਦਿੱਸਦਾ ਝੱਟ ਉਹ ਆਪਣੇ ਕੌਲ ਕਰਾਰਾਂ ਨੂੰ ਛਿੱਕੇ ਟੰਗ ਕੇ ਉਧਰ ਹੀ ਝੁਕ ਜਾਣ ਵਾਲਾ ਸੀ।

---

*ਤਹਿਮਾਸ ਨਾਮਾ, ੮; ਤਾਰਖ਼ਿ ਸਲਾਤੀਨਿ ਅਫ਼ਗਾਨਾਂ, ੨੪੮–੯।



Digitized by Panjab Digital Library | www.panjabdigilib.org

ਮੁਲਤਾਨ ਵਿੱਚ ਸ਼ਾਹਨਿਵਾਜ਼ ਖ਼ਾਨ ਦੀ ਪੋਜ਼ੀਸ਼ਨ ਬੜੀ ਮਜ਼ਬੂਤ ਸੀ। ਇੱਕ ਤਾਂ ਉਹ ਸ਼ਾਹੀ ਫ਼ੁਰਮਾਨ ਨਾਲ ਸੂਬੇ ਦਾ ਹਾਕਮ ਹੋ ਕੇ ਆਇਆ ਹੋਇਆ ਸੀ ਤੇ ਬਾਦਸ਼ਾਹੀ ਫ਼ੌਜ ਉਸ ਨੂੰ ਹਕੂਮਤ ਦਾ ਦਖ਼ਲ ਦਿਵਾ ਗਈ ਸੀ, ਦੂਸਰੇ ਉਹ ਆਪਣੇ ਪਿਤਾ ਜ਼ਕਰੀਆ ਖ਼ਾਨ ਦੇ ਜ਼ਮਾਨੇ, ਦਾਦਾ ਅਬਦੁਸਮੱਦ ਖ਼ਾਨ ਦੀ ਮੌਤ ਪਿੱਛੋਂ, ਮੁਲਤਾਨ ਦਾ ਗਵਰਨਰ ਰਹਿ ਚੁੱਕਾ ਹੋਇਆ ਸੀ ਜਿਸ ਕਰ ਕੇ ਉਸ ਦਾ ਸਾਰੇ ਇਲਾਕੇ ਵਿੱਚ ਕਾਫ਼ੀ ਰਸੂਖ਼ ਸੀ। ਉਸ ਦਾ ਮਿੱਤ੍ਰ ਜ਼ਾਹਦ ਖ਼ਾਨ ਸੱਦੋਜ਼ਈ ਭੀ ਉਸ ਦੀ ਸਹਾਇਤਾ ਲਈ ਮੌਜੂਦ ਸੀ। ਜਦ ਕੌੜਾ ਮੱਲ ਦੀ ਕਮਾਨ ਹੇਠਾਂ ਮੁਹਿੰਮ ਦੀ ਚੜ੍ਹਾਈ ਦੀਆਂ ਤਿਆਰੀਆਂ ਦੀ ਖ਼ਬਰ ਮੁਲਤਾਨ ਪੁੱਜੀ ਤਾਂ ਦੱਖਣ-ਲਹਿੰਦੇ ਦੇ ਬਲੋਚ, ਬਹਾਵਲ-ਪੁਰੀਏ, ਮਨਕੇਰੀਏ ਤੇ ਸਿਆਲ ਆਪਣੀਆਂ ਆਪਣੀਆਂ ਫ਼ੌਜਾਂ ਲੈ ਕੇ ਸ਼ਾਹਨਿਵਾਜ਼ ਖ਼ਾਨ ਦੀ ਸਹਾਇਤਾ ਲਈ ਪੁੱਜਣੇ ਸ਼ੁਰੂ ਹੋ ਗਏ।

ਕੌੜਾ ਮੱਲ ਚਾਹੁੰਦਾ ਸੀ ਕਿ ਓਹ ਛੇਤੀ ਹੀ ਮੁਲਤਾਨ ਉੱਤੇ ਚੜ੍ਹਾਈ ਕਰੇ ਤਾ ਕਿ ਨਾ ਤਾਂ ਸ਼ਾਹਨਿਵਾਜ਼ ਖ਼ਾਨ ਆਪ ਹੀ ਕੋਈ ਬੜੀ ਤਕੜੀ ਫ਼ੌਜ ਤਿਆਰ ਕਰ ਸਕੇ ਅਤੇ ਨਾ ਹੀ ਉਸ ਦੀ ਮੱਦਦ ਲਈ ਆ ਰਿਹਾ ਮੁਲਖੱਈਆ ਜ਼ਿਆਦਾ ਗਿਣਤੀ ਵਿੱਚ ਇਕੱਠਾ ਹੋ ਸਕੇ। ਓਹ ਸਮਝਦਾ ਸੀ ਕਿ ਜਿਉਂ ਜਿਉਂ ਇਧਰ ਦੇਰ ਹੋ ਰਹੀ ਹੈ ਓਧਰ ਸ਼ਾਹਨਿਵਾਜ਼ ਨੂੰ ਆਪਣੀ ਤਾਕਤ ਬਣਾਉਣ ਲਈ ਹੋਰ ਸਮਾਂ ਮਿਲਦਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕੌੜਾ ਮੱਲ ਨੂੰ ਆਪਣੇ ਟੱਬਰ ਕਬੀਲੇ ਦਾ ਭੀ ਫ਼ਿਕਰ ਸੀ ਜੋ ਇਸ ਵੇਲੇ ਮੁਲਤਾਨ ਹੀ ਸੀ। ਇਸ ਨੇ ਜਦ ਨਵਾਬ ਮੀਰ ਮੰਨੂੰ ਪਾਸੋਂ ਮੁਲਤਾਨ ਤੇ ਕੂਚ ਕਰਨ ਦੀ ਆਗਿਆ ਮੰਗੀ ਤਾਂ ਮੀਰ ਮੰਨੂੰ ਨੇ ਕੋਈ ਉੱਤਰ ਨਾ ਦਿੱਤਾ। ਦੋ ਤਿੰਨ ਵਾਰੀ ਫੇਰ ਅਰਜ਼ ਕੀਤੀ ਪਰ ਫੇਰ ਭੀ ਉਸ ਨੇ ਚੁੱਪ ਹੀ ਸਾਧੀ ਰੱਖੀ। ਕੌੜਾ ਮੱਲ ਹੈਰਾਨ ਸੀ ਕਿ ਕੀ ਕਾਰਣ ਹੈ।



Digitized by Panjab Digital Library | www.panjabdigilib.org

ਉਸ ਨੇ ਇਹ ਗੱਲ ਮੀਰ ਮਹਿਦੀ ਅਲੀ ਖ਼ਾਨ ਨਾਲ ਕੀਤੀ ਤੇ ਸਾਰਾ ਹਾਲ ਖੋਲ੍ਹ ਕੇ ਦੱਸਿਆ, ਤੇ ਕਿਹਾ ਕਿ ਇਹ ਵੇਲਾ ਕੰਨ ਵਲ੍ਹੇਟਣ ਤੇ ਚੁੱਪ ਵੱਟਣ ਦਾ ਨਹੀਂ, ਛੇਤੀ ਮੁਹਿੰਮ ਚਾੜ੍ਹਨ ਨਾਲ ਹੀ ਕੋਈ ਠੁੱਕ ਬੱਝ ਸਕਦਾ ਹੈ, ਨਹੀਂ ਤਾਂ ਸ਼ਾਹਨਿਵਾਜ਼ ਦੇ ਜ਼ਿਆਦਾ ਜ਼ੋਰ ਫੜ ਜਾਣ ਪਰ ਓਸ ਨੂੰ ਸੋਧਣਾ ਮੁਸ਼ਕਲ ਹੋ ਜਾਇਗਾ। ਮਹਿਦੀ ਅਲੀ ਖ਼ਾਨ ਨੇ ਜਾ ਕੇ ਇਹ ਗੱਲ ਮੀਰ ਮੰਨੂੰ ਨਾਲ ਕੀਤੀ ਤੇ ਉਸ ਨੂੰ ਕੋਈ ਉੱਤ੍ਰ ਨਾ ਦੇਣ ਦਾ ਕਾਰਣ ਪੁੱਛਿਆ। ਨਵਾਬ ਮੀਰ ਮੰਨੂੰ ਨੇ ਆਖਿਆ ਕਿ ਅਸਲ ਗੱਲ ਇਹ ਹੈ ਕਿ ਨਾਸਰ ਖ਼ਾਨ ਦੇ ਨਾਲ ਕੋਈ ਦਸ ਕੁ ਹਜ਼ਾਰ ਸਵਾਰ ਸ਼ਾਹਨਿਵਾਜ਼ ਦੇ ਭੀ ਸਨ ਜੋ ਅੱਜ ਕੱਲ ਇੱਥੇ ਸਾਡੇ ਪਾਸ ਹਨ ਤੇ ਕੌੜਾ ਮੱਲ ਨਾਲ ਮੁਲਤਾਨ ਜਾਣਾ ਚਾਹੁੰਦੇ ਹਨ। ਡਰ ਇਹ ਹੈ ਕਿ ਇਹ ਕਿਧਰੇ ਕੌੜਾ ਮੱਲ ਨੂੰ ਕੈਦ ਕਰ ਕੇ ਸ਼ਾਹਨਿਵਾਜ਼ ਦੇ ਹਵਾਲੇ ਨਾ ਕਰ ਦੇਣ। ਅੰਤ ਸਲਾਹ ਇਹ ਹੋਈ ਕਿ ਸ਼ਾਹਨਿਵਾਜ਼ ਦੇ ਸਵਾਰਾਂ ਦੇ ਰਸਾਲੇ ਦੀ ਬਖ਼ਸ਼ੀਗੀਰੀ ਮੀਰ ਮਹਿਦੀ ਅਲੀ ਖ਼ਾਨ ਨੂੰ ਦੇ ਦਿੱਤੀ ਜਾਏ ਜੋ ਉਨ੍ਹਾਂ ਨੂੰ ਕਾਬੂ ਵਿੱਚ ਰੱਖੇ, ਤੇ ਸ਼ਾਹਨਿਵਾਜ਼ ਖ਼ਾਨ ਦੇ ਚਾਚੇ ਖ਼੍ਵਾਜਾ ਅਬਦੁੱਲਾ ਖ਼ਾਨ ਨੂੰ ਕੌੜਾ ਮੱਲ ਦੇ ਨਾਲ ਮੁਲਤਾਨ ਭੇਜਿਆ ਜਾਏ।

ਇਸ ਫੈਸਲੇ ਤੋਂ ਬਾਦ ਕੌੜਾ ਮੱਲ ਨੇ ਆਪਣੇ ਸਾਥੀ ਸਰਦਾਰਾਂ ਨੂੰ ਨਾਲ ਲੈ ਕੇ ਮੁਲਤਾਨ ਤੇ ਚੜ੍ਹਾਈ ਕਰ ਦਿੱਤੀ। ਓਧਰੋਂ ਮਿਲਵੀਆਂ ਮੁਲਤਾਨੀ ਫ਼ੌਜਾਂ ਨੇ ਕੌੜਾ ਮੱਲ ਦਾ ਅੱਗਾ ਆ ਰੋਕਿਆ। ਦੋਹਾਂ ਪਾਸਿਆਂ ਤੋਂ ਛੋਟੀਆਂ ਛੋਟੀਆਂ ਲੜਾਈਆਂ ਤੇ ਝੜਪਾਂ ਹੋਣ ਲੱਗ ਪਈਆਂ, ਪਰ ਡੱਟ ਕੇ ਗਹਿ-ਗੱਚ ਲੜਾਈ ਕੋਈ ਨਾ ਹੋਈ। ਕੁਝ ਦੇਰ ਫੌਜਾਂ ਆਹਮੋ-ਸਾਹਮਣੇ ਪਈਆਂ ਰਹੀਆਂ ਪਰ ਕੋਈ ਫੈਸਲਾ ਹੋਣ ਵਿੱਚ ਨਾ ਆਇਆ।*

*ਮੁਹੰਮਦ ਸਾਲਿਹ ਕੁਦਰਤ, ਤਾਰੀਖ਼ਿ ਆਲੀ, ੧੭੪।



Digitized by Panjab Digital Library | www.panjabdigilib.org

## *ਸਿੰਘਾਂ ਨੇ ਦੀਵਾਨ ਕੌੜਾ ਮੱਲ ਦੀ ਸਹਾਇਤਾ ਲਈ ਮੁਲਤਾਨ ਜਾਣਾ*

ਹੁਣ ਮੀਰ ਮੰਨੂੰ ਕੁਝ ਕਾਹਲਾ ਪੈ ਗਿਆ। ਉਸ ਨੇ ਦੀਵਾਨ ਕੌੜਾ ਮੱਲ ਨੂੰ ਤਾਕੀਦੀ ਚਿੱਠੀ ਲਿਖੀ ਕਿ ਮੁਲਤਾਨ ਦੀ ਮੁਹਿੰਮ ਨੂੰ ਛੇਤੀ ਤੋਂ ਛੇਤੀ ਮੁਕਾ ਕੇ ਲਾਹੌਰ ਪੁੱਜਣ ਦੀ ਕਰੋ। ਪਰ ਕੌੜਾ ਮੱਲ ਪਾਸ ਇਤਨੀ ਕਾਫ਼ੀ ਫ਼ੌਜ ਨਹੀਂ ਸੀ ਕਿ ਓਹ ਦੱਬ ਚਾੜ੍ਹ ਕੇ ਸ਼ਾਹਨਿਵਾਜ਼ ਖ਼ਾਨ ਨੂੰ ਅੱਗੇ ਧਰ ਲਵੇ ਤੇ ਉਸ ਨੂੰ ਹਰਾ ਤੇ ਮੁਲਤਾਨੋਂ ਕੱਢ ਕੇ ਓਥੇ ਕਬਜ਼ਾ ਕਰ ਸਕੇ।

ਇਸ ਵੇਲੇ ਕੌੜਾ ਮੱਲ ਦੇ ਦੀਵਾਨ ਨੌਨੀਤ ਰਾਏ ਨੇ ਸਲਾਹ ਦਿੱਤੀ ਕਿ ਤੁਸੀਂ ਸਿੰਘਾਂ ਪਾਸੋਂ ਸਹਾਇਤਾ ਲਵੋ। ਤੁਸੀਂ ਭੀ ਸਿੱਖ ਹੋ ਤੇ ਤੁਸੀਂ ਉਨ੍ਹਾਂ ਦੀ ਸਹਾਇਤਾ ਕਰਨ ਦੇ ਯਤਨ ਕਰਦੇ ਰਹੇ ਹੋ, ਇਸ ਲਈ ਉਹ ਜ਼ਰੂਰ ਤੁਹਾਡੀ ਸਹਾਇਤਾ ਕਰਨਗੇ। ਸੋ ਜਦ ਕੌੜਾ ਮੱਲ ਦੇ ਮੋਹਤਬਰ ਅੰਮ੍ਰਿਤਸਰ ਖ਼ਾਲਸੇ ਪਾਸ ਪੁੱਜੇ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਗੁਰੂ ਕਾ ਸਿੱਖ ਤੇ ਸਿੰਘਾਂ ਦਾ ਹਮਾਇਤੀ ਹੋਣ ਕਰਕੇ ਸਹਾਇਤਾ ਦੇਣੀ ਪ੍ਰਵਾਣ ਕਰ ਲਈ ਤੇ ਦਸ ਹਜ਼ਾਰ ਸਿੰਘਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਜੱਥੇਦਾਰੀ ਹੇਠਾਂ ਤਿਆਰੇ ਗਜਾ ਦਿੱਤੇ*। ਅੱਠ ਆਨੇ ਰੋਜ਼ ਪਿਆਦਾ, ਇਕ ਰੁਪਈਆ ਰੋਜ਼ ਘੋੜ-ਚੜ੍ਹਾ ਤੇ ਪੰਜ ਰੁਪਏ ਰੋਜ਼ ਸਰਦਾਰ ਦੇ ਹਿਸਾਬ ਖਰਚ ਪੱਠੇ ਲਈ ਮੁਕੱਰਰ ਹੋਏ ਤੇ ਦੋ ਮਹੀਨੇ ਦਾ ਖਰਚ ਪੇਸ਼ਗੀ ਦਿੱਤਾ। ਨਾਲ ਹੀ ਓਸ ਸਮੇਂ ਦੇ ਰਿਵਾਜ ਅਨੁਸਾਰ ਏਹ ਫ਼ੈਸਲਾ ਹੋਇਆ ਕਿ

---

*'ਪ੍ਰਾਚੀਨ ਪੰਥ ਪ੍ਰਕਾਸ਼,' 'ਤਵਾਰੀਖ਼ ਗੁਰੂ ਖ਼ਾਲਸਾ' ਤੇ 'ਪੰਥ ਪ੍ਰਕਾਸ਼' ਵਿੱਚ ਲਿਖਿਆ ਹੈ ਕਿ ਦੀਵਾਨ ਕੌੜਾ ਮੱਲ ਮੁਹਿੰਮ ਤੇ ਜਾਂਦਾ ਹੋਇਆ ਹੀ ਸਿੰਘਾਂ ਨੂੰ ਅੰਮ੍ਰਿਤਸਰੋਂ ਨਾਲ ਲੈ ਗਿਆ ਸੀ। ਇੱਥੇ ਉਪਰ ਜੋ ਕੁਝ ਲਿਖਿਆ ਹੈ ਓਹ 'ਜੱਸਾ ਸਿੰਘ ਬਿਨੋਦ' ਅਨੁਸਾਰ ਹੈ।



Digitized by Panjab Digital Library | www.panjabdigilib.org

ਮੁਹਿੰਮ ਵਿੱਚ ਜੋ ਲੁੱਟ ਜਿਸ ਦੇ ਹੱਥ ਆਵੇ ਓਸੇ ਦੀ ਹੋਵੇਗੀ।

ਸ: ਜੱਸਾ ਸਿੰਘ ਈਚੋਗਿੱਲੀਏ (ਰਾਮਗੜ੍ਹੀਏ) ਨੂੰ, ਜੋ ਉਸ ਵੇਲੇ ਬੀਮਾਰ ਸੀ, ਰਾਮ ਰਾਉਣੀ ਦੀ ਰਾਖੀ ਲਈ ਛੱਡ ਕੇ ਸ: ਜੱਸਾ ਸਿੰਘ ਆਹਲੂਵਾਲੀਏ ਨੇ ਖ਼ਾਲਸਾ ਦਲ ਨਾਲ ਮੁਲਤਾਨ ਨੂੰ ਚਾਲੇ ਪਾਏ ਤੇ ਰਵਾਂ ਰਵੀਂ ਚਿਨਿਓਟ ਜਾ ਪੁੱਜਾ। ਕੌੜਾ ਮੱਲ ਖ਼ਾਲਸਾ ਦਲ ਨੂੰ ਲੈਣ ਲਈ ਅੱਗੇ ਆ ਮਿਲਿਆ, ਤੇ ਨਕਦੀ ਤੇ ਮੇਜ਼ਬਾਨੀ ਦੀਆਂ ਚੀਜ਼ਾਂ ਨਜ਼ਰ ਕੀਤੀਆਂ। ਅੱਗੇ ਇੱਕ ਪੜਾਓ ਹੋਰ ਕਰ ਕੇ ਉੱਚ ਡੇਰਾ ਕੀਤਾ। ਇੱਥੋਂ ਦੇ ਅਰੋੜਿਆਂ ਤੇ ਖੱਤ੍ਰੀਆਂ ਪਾਸੋਂ ਕੌੜਾ ਮੱਲ ਨੇ ਇਕ ਲੱਖ ਰੁਪੱਈਆ ਲਿਆ ਤੇ ਅੱਗੇ ਨੂੰ ਤੁਰੇ।

ਦੀਵਾਨ ਕੌੜਾ ਮੱਲ ਇਸ ਸਫ਼ਰ ਵਿੱਚ ਹਰ ਰੋਜ਼ ਕੜਾਹ ਪ੍ਰਸਾਦ ਦੇ ਬਾਟੇ ਲੈ ਕੇ ਖ਼ਾਲਸੇ ਦੇ ਦੀਵਾਨ ਵਿੱਚ ਹਾਜ਼ਰ ਹੁੰਦਾ ਤੇ ਗੁਰਸਿੱਖਾਂ ਵਾਂਙੂ ਰਹਿਰਾਸ ਤੇ ਅਰਦਾਸ ਸੁਣਦਾ। ਹੁੱਕਾ ਮੁਆਫ਼ ਕਰਵਾਉਣ ਲਈ ਨਿਹੰਗ ਸਿੰਘਾਂ ਨੇ ਕੌੜਾ ਮੱਲ ਨੂੰ ਪੰਜ ਰੁਪਏ ਰੋਜ਼ ਤਨਖਾਹ ਲਗਾ ਦਿੱਤੀ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਕਹਿਣ ਪਰ ਦੀਵਾਨ ਨੇ ਨਨਕਾਣਾ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਦਾ ਬਾਲ-ਲੀਲ੍ਹਾ ਗੁਰਦ੍ਵਾਰਾ ਬਣਾ ਦੇਣਾ ਪ੍ਰਵਾਣ ਕਰ ਲਿਆ। ਕੌੜਾ ਮੱਲ ਨਿਹੰਗ ਸਿੰਘਾਂ ਨੂੰ ਹਰ ਰੋਜ਼ ਮਿੱਠੀਆਂ ਸਰਦਾਈਆਂ ਦੇ ਖ਼ੂਬ ਗਹਿਰੇ ਗੱਫੇ ਛਕਾਉਂਦਾ ਤੇ ਸਿੰਘ ਜੀ ਪ੍ਰਸੰਨ ਹੋ ਕੇ ਉਸ ਨੂੰ 'ਮਿੱਠਾ ਮੱਲ' ਦੇ ਨਾਮ ਨਾਲ ਬੁਲਾਉਂਦੇ।

## *ਸ਼ਾਹਨਿਵਾਜ਼ ਖ਼ਾਨ ਨਾਲ ਲੜਾਈ ਤੇ ਮੁਲਤਾਨ ਪਰ ਕਬਜ਼ਾ*

ਮੁਲਤਾਨੋਂ ਉਰੇ ਹੀ ਸ਼ਾਹਨਿਵਾਜ਼ ਖ਼ਾਨ ਨੇ ਆ ਰਾਹ ਰੋਕਿਆ ਤੇ ਦੋਰਾਣਾ ਲੰਗਾਣਾ ਪਿੰਡਾਂ ਪਾਸ ਲੜਾਈ ਸ਼ੁਰੂ ਹੋ ਪਈ। ਇਸ ਵੇਲੇ ਜ਼ਾਹਦ ਖ਼ਾਨ ਤੇ ਉਸ ਦਾ ਪੁਤ੍ਰ ਸ਼ੁਜਾਹ ਖ਼ਾਨ ਸ਼ਾਹਨਿਵਾਜ਼



Digitized by Panjab Digital Library | www.panjabdigilib.org

ਵੱਲੋਂ ਲੜ ਰਹੇ ਸਨ। ਇਸ ਲੜਾਈ ਵਿੱਚ ਸ਼ਾਹਨਿਵਾਜ਼ ਖ਼ਾਨ ਨੇ ਬੜੀ ਦਲੇਰੀ ਤੇ ਬਹਾਦੁਰੀ ਨਾਲ ਅੱਗੇ ਵਧ ਕੇ ਹੱਲਾ ਕੀਤਾ ਤੇ ਕੌੜਾ ਮੱਲ ਦੀ ਖ਼ਾਸ ਫ਼ੌਜ ਨੂੰ ਧੱਕ ਕੇ ਪਿੱਛੇ ਹਟਾ ਦਿੱਤਾ। ਇਸ ਨੂੰ ਅੱਗੇ ਵਧਦਾ ਦੇਖ ਕੇ ਦੀਵਾਨ ਘੋੜਾ ਛੇੜ ਕੇ ਜੱਸਾ ਸਿੰਘ ਪਾਸ ਪੁੱਜਾ ਤੇ ਕਿਹਾ ਕਿ ਸ਼ਾਹਨਿਵਾਜ਼ ਸਾਡੇ ਉੱਤੇ ਚੜ੍ਹੀ ਆ ਰਿਹਾ ਹੈ, ਹੁਣ ਖ਼ਾਲਸਾ ਜੀ ਦਾ ਵੇਲਾ ਹੈ। ਇਸ ਵੇਲੇ ਜਦ ਕਿ ਲੜਾਈ ਗਹਿ-ਗੱਚ ਹੋ ਰਹੀ ਸੀ, ਅਦੀਨਾ ਬੇਗ ਖ਼ਾਨ ਦੇ ਸਿਪਾਹੀ ਵੈਰੀ ਨਾਲ ਰਲਦੇ ਨਜ਼ਰ ਪਏ। ਏਹ ਦੇਖ ਕੇ ਇਕ ਪਾਸਿਓਂ ਸ: ਜੱਸਾ ਸਿੰਘ ਆਹਲੂਵਾਲੀਏ ਤੇ ਦੂਸਰੇ ਪਾਸਿਓਂ ਸਰਦਾਰ ਸੁੱਖਾ ਸਿੰਘ ਮਾੜੀ-ਕੰਬੋ ਵਾਲਿਆਂ ਨੇ ਜ਼ੋਰ ਦਾ ਹੱਲਾ ਬੋਲ ਦਿੱਤਾ। ਹੁਣ ਸ਼ਾਹਨਿਵਾਜ਼ ਆਪਣੀ ਥਿੜਕ ਰਹੀ ਫ਼ੌਜ ਨੂੰ ਹੌਸਲਾ ਦੇਣ ਲਈ ਝੁੰਜਲਾ ਕੇ ਅੱਗੇ ਵਧਿਆ ਤੇ ਸਿੱਧਾ ਕੌੜਾ ਮੱਲ ਵੱਲ ਨੂੰ ਆਇਆ। ਇਸ ਵੇਲੇ ਖ਼੍ਵਾਜਾ ਸ਼ਾਹ ਨਾਮੀ ਸ਼ਾਹਨਿਵਾਜ਼ ਖ਼ਾਨ ਦੇ ਨੌਕਰ ਦੀ ਫ਼ੌਜ ਕੌੜਾ ਮੱਲ ਦੀ ਫ਼ੌਜ ਦਾ ਸਖ਼ਤ ਨੁਕਸਾਨ ਕਰ ਰਹੀ ਸੀ ਤੇ ਉਨ੍ਹਾਂ ਦਾ ਪਾਸਾ ਭਾਰਾ ਸੀ ਤੇ ਫ਼ਤਿਹ ਸ਼ਾਹਨਿਵਾਜ਼ ਦੀ ਹੁੰਦੀ ਦਿੱਸ ਰਹੀ ਸੀ। ਖ਼੍ਵਾਜਾ ਸ਼ਾਹ ਪੰਦਰਾਂ ਕੁ ਸਵਾਰਾਂ ਨਾਲ ਇਕ ਪਾਸੇ ਖਲੋਤਾ ਸੀ। ਉਸ ਨੇ ਫ਼ਤਹਿ ਦੀ ਨਜ਼ਰ ਸ਼ਾਹਨਿਵਾਜ਼ ਖ਼ਾਨ ਅੱਗੇ ਆ ਰੱਖੀ ਤੇ ਅਰਜ਼ ਕੀਤੀ ਕਿ ਹੁਣ ਦੇਰ ਕਿਸ ਗੱਲ ਦੀ ਹੈ, ਮੈਂ ਹੁਣੇ ਹੀ ਇਸ ਕਾਫ਼ਰ ਨੂੰ ਬੰਨ੍ਹ ਕੇ ਲਿਆ ਹਾਜ਼ਰ ਕਰਦਾ ਹਾਂ। ਪਰ ਕਰਤਾਰ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਜਦ ਖ਼੍ਵਾਜਾ ਸ਼ਾਹ ਕੌੜਾ ਮੱਲ ਵੱਲ ਨੂੰ ਵਧ ਕੇ ਲਲਕਾਰਿਆ ਤਾਂ ਓਧਰੋਂ ਖ਼ਾਲਸੇ ਨੇ ਬੰਦੂਕਾਂ ਸ਼ਾਹਨਿਵਾਜ਼ ਵੱਲ ਨੂੰ ਸਿੱਧੀਆਂ ਕਰ ਦਿੱਤੀਆਂ। ਉਹ ਬਚਾਓ ਲਈ ਮੁੜਨ ਹੀ ਲੱਗਾ ਸੀ ਕਿ ਇੱਕ ਗੋਲੀ ਉਸ ਨੂੰ ਜਾ ਲੱਗੀ ਤੇ ਉਹ ਲੁੜਕ ਪਿਆ। ਇਸ ਵੇਲੇ ਭੀਮ ਸਿੰਘ ਨਾਮੀ ਇਕ ਸਿੰਘ ਨੇ ਤਲਵਾਰ ਨਾਲ ਉਸ ਦੇ ਡਿੱਗਦੇ ਸਾਰ



Digitized by Panjab Digital Library | www.panjabdigilib.org

ਹੀ ਸ਼ਾਹਨਿਵਾਜ਼ ਖ਼ਾਨ ਦਾ ਸਿਰ ਜਾ ਕੱਟਿਆ* । ਇਸ ਬਹਾਦੁਰੀ ਲਈ ਭੀਮ ਸਿੰਘ ਨੂੰ ਕੜਿਆਂ ਦੀ ਜੋੜੀ, ਸ਼ਸਤ੍ਰ, ਬਸਤ੍ਰ, ਸੰਜੋਇ ਤੇ ਇੱਕ ਚੰਗਾ ਘੋੜਾ ਇਨਾਮ ਮਿਲਿਆ ।

ਸ਼ਾਹਨਿਵਾਜ਼ ਖ਼ਾਨ ਦੇ ਮਰਦੇ ਸਾਰ ਉਸ ਦੀ ਫ਼ੌਜ ਤੇ ਉਸ ਦੇ ਹਮਾਇਤੀ ਭੱਜ ਨਿਕਲੇ ਤੇ ਸਿੰਘਾਂ ਨੇ ਉਨ੍ਹਾਂ ਦਾ ਪਿੱਛਾ ਕਰ ਕੇ

---

*ਮੁਹੰਮਦ ਸਾਲਿਹ ਕੁਦਰਤ ਤਾਰੀਖ਼ਿ ਆਲੀ ਵਿੱਚ ਲਿਖਦਾ ਹੈ ਕਿ ਜਦ ਖ਼੍ਵਾਜਾ ਸ਼ਾਹ ਕੌੜਾ ਮੱਲ ਵੱਲ ਨੂੰ ਵਧਿਆ ਤੇ ਕਹਿਣ ਲੱਗਾ 'ਕਾਫ਼ਰਾ ਉੱਤਰ ਹਾਥੀ ਤੋਂ' ਤਾਂ ਉਸ ਨੇ ਜਵਾਬ ਦਿੱਤਾ ਕਿ ਅਸੀਂ ਸਾਰੇ ਨਵਾਬ ਸਾਹਿਬ ਦੇ ਨਮਕ-ਹਲਾਲ ਹਾਂ ਤੇ ਨਾਲ ਹੀ ਸ਼ੇਰ ਖ਼ਾਨ ਕਸੂਰੀਏ ਦੇ ਭਰਾ ਅਜ਼ੀਜ਼ ਖ਼ਾਨ ਅਫ਼ਗਾਨ ਨੂੰ ਇਸ਼ਾਰਾ ਕੀਤਾ ਕਿ ਪਿੱਛੋਂ ਦੀ ਹੋ ਕੇ ਸ਼ਾਹਨਿਵਾਜ਼ ਖ਼ਾਨ ਦੀ ਅਲਖ ਮੁਕਾਏ । ਚੁਨਾਂਚਿ ਅਜ਼ੀਜ਼ ਖ਼ਾਨ ਨੇ ਹੱਲਾ ਕਰ ਕੇ ਇਕ ਐਸਾ ਵਾਰ ਕੀਤਾ ਕਿ ਤਲਵਾਰ ਮੋਢੇ ਤੋਂ ਵੱਖੀ ਤੱਕ ਨਿਕਲ ਗਈ ਤੇ ਇਕ ਹੋਰ ਅਫ਼ਗ਼ਾਨ ਨੇ ਸ਼ਾਹਨਿਵਾਜ਼ ਦੀ ਛਾਤੀ ਵਿੱਚ ਗੋਲੀ ਦਾਗ਼ ਦਿੱਤੀ । ਕੌੜਾ ਮੱਲ ਸ਼ਾਹਨਿਵਾਜ਼ ਖ਼ਾਨ ਦੀ ਲਾਸ਼ ਨੂੰ ਅਬਦੁੱਲਾ ਖ਼ਾਨ ਦੇ ਹਾਥੀ ਤੇ ਰੱਖ ਕੇ ਫ਼ਤਹਿ ਦੇ ਬਾਜੇ ਬਜਾਉਂਦਾ ਆਪਣੇ ਲਸ਼ਕਰ ਵਿੱਚ ਆਇਆ ਤੇ ਲਾਸ਼ ਸ਼ੱਮਸ ਤਬਰੇਜ਼ ਦੀ ਦਰਗਾਹ ਵਿੱਚ ਦਫ਼ਨਾਈ ਗਈ । [ਤਾਰੀਖ਼ਿ-ਆਲੀ ੧੭੫-੭੬]

ਮਖ਼ਦੂਮ ਸ਼ੇਖ਼ ਮੁਹੰਮਦ ਯੂਸਫ਼ ਲਿਖਦਾ ਹੈ ਕਿ ਇਸ ਵੇਲੇ ਕੌੜਾ ਮੱਲ ਤੇ ਉਨ੍ਹਾਂ ਦੇ ਕੁਝ ਹਾਥੀ-ਸਵਾਰ ਸਾਥੀ ਤੇ ਕੁਝ ਹੋਰ ਘੋੜ-ਚੜ੍ਹੇ ਦੋਰਾਣਾ ਲੰਗਾਣਾ ਦੇ ਕਬਰਸਤਾਨ ਵਿੱਚ ਖੜੇ ਸਨ ਤਾਂ ਸ਼ਾਹਨਿਵਾਜ਼ ਖ਼ਾਨ ਨੇ, ਜੋ ਨਾਦਰ ਸ਼ਾਹ ਵਲੋਂ ਮਿਲੇ 'ਸ਼ਾਹ ਇਨਾਇਤ' ਨਾਮੀ ਘੋੜੇ ਪਰ ਸਵਾਰ ਸੀ, ਕੌੜਾ ਮੱਲ ਤੇ ਆ ਤਲਵਾਰ ਚਲਾਈ, ਪਰ ਤਲਵਾਰ ਤਕੀਏ ਵਿੱਚ ਜਾ ਵੱਜੀ ਤੇ ਹੌਦੇ ਤੇ ਲੱਗ ਕੇ ਟੁੱਟ ਗਈ । ਇਸ ਵੇਲੇ ਕੌੜਾ ਮੱਲ ਦੇ ਮੁਲਾਜ਼ਮਾਂ ਵਿਚੋਂ ਇੱਕ ਕਸੂਰੀਏ ਪਠਾਣ ਨੇ ਗੋਲੀ ਸ਼ਾਹਨਿਵਾਜ਼ ਖ਼ਾਨ ਦੇ ਸੀਨਿਓਂ ਪਾਰ ਕਰ ਦਿੱਤੀ ਤੇ ਓਹ ਘੋੜਿਓਂ ਹੇਠਾਂ ਡਿੱਗ ਪਿਆ । ਕੌੜਾ ਮੱਲ ਹਾਥੀ ਤੋਂ ਪਰਾਂ ਉਤਰ ਆਇਆ ਤੇ ਮਰ ਰਹੇ ਸ਼ਾਹਨਿਵਾਜ਼ ਖ਼ਾਨ ਦਾ ਸਿਰ ਆਪਣੇ ਗੋਡੇ ਤੇ ਰੱਖ ਕੇ ਕਹਿਣ ਲੱਗਾ ਕਿ ਇਹ ਬਦਨਾਮੀ ਮੈਨੂੰ ਹੀ ਮਿਲਨੀ ਸੀ ? ਹੋਰ ਇਸ ਦਾ ਕੀ ਚਾਰਾ ਜਦ ਕਿ ਤਕਦੀਰ ਇਸੇ ਤਰਾਂ ਸੀ । ਆਖ਼ਰ ਓਸੇ ਵੇਲੇ ਸ਼ਾਹਨਿਵਾਜ਼ ਖ਼ਾਨ ਦੇ ਪ੍ਰਾਣ ਨਿਕਲ ਗਏ ਤੇ ਓਸ ਨੂੰ ਸ਼ਹਿਰੋਂ ਬਾਹਰ ਸ਼ਮਸੁੱਦੀਨ ਤਬਰੇਜ਼ੀ ਦੀ ਖ਼ਾਨਗ਼ਾਹ ਵਿੱਚ ਦਫ਼ਨਾਇਆ ਗਿਆ । [ਹਾਲਾਤਿ ਮੁਲਤਾਨ, ੫੪.]



Digitized by Panjab Digital Library | www.panjabdigilib.org

ਉਨ੍ਹਾਂ ਦੇ ਬਹੁਤ ਸਾਰੇ ਡੇਰੇ, ਅਸਬਾਬ ਤੇ ਘੋੜੇ ਕਾਬੂ ਕਰ ਲਏ। ਕੌੜਾ ਮੱਲ ਦੇ ਸਾਥੀ ਸਰਦਾਰਾਂ ਵਿੱਚੋਂ ਅਬਦੁਲ ਅਜ਼ੀਜ਼ ਖ਼ਾਨ ਤੇ ਮਿਰਜ਼ਾ ਅਸਮਤ ਬੇਗ ਖ਼ਾਨ ਮਾਰੇ ਗਏ।

ਜਦ ਜ਼ਾਹਦ ਖ਼ਾਨ ਨੂੰ ਅਬਦੁਲ ਅਜ਼ੀਜ਼ ਖ਼ਾਨ ਦੀ ਮੌਤ ਦਾ ਪਤਾ ਲੱਗਾ ਤਾਂ ਠੰਡਾ ਸਾਹ ਲੈ ਕੇ ਕਹਿਣ ਲੱਗਾ ਕਿ ਸ਼ੁਕਰ ਹੈ ਮੇਰਾ ਦੁਸ਼ਮਨ ਦੂਰ ਹੋਇਆ। ਪਰ ਸ਼ਾਹਨਿਵਾਜ਼ ਖ਼ਾਨ ਦੀ ਮੌਤ ਤੇ ਫ਼ੌਜ ਨੂੰ ਹਾਰ ਦਾ ਹਾਲ ਸੁਣ ਕੇ ਉਸ ਦਾ ਦਿਲ ਟੁੱਟ ਗਿਆ ਤੇ ਪੀਠਾ ਹੋਇਆ ਹੀਰਾ ਖਾ ਕੇ ਤੀਸਰੇ ਦਿਨ ਮਰ ਗਿਆ। ਕਈ ਕਹਿੰਦੇ ਹਨ ਕਿ ਜ਼ਾਹਦ ਖ਼ਾਨ ਪਹਿਲੇ ਹੀ ਬੀਮਾਰ ਸੀ, ਹਾਰ ਦੀ ਸੱਟ ਨੂੰ ਸਹਿ ਨਾ ਸਕਿਆ ਤੇ ਦਮ ਤੋੜ ਗਿਆ।

ਲੜਾਈ ਬੰਦ ਹੋਣ ਪਰ ਦੀਵਾਨ ਕੌੜਾ ਮੱਲ ਨੇ ਸ਼ਾਹਨਿਵਾਜ਼ ਖ਼ਾਨ ਦੀ ਲੋਥ ਦੀ ਤਲਾਸ਼ ਕਰਵਾਈ ਤੇ ਉਸ ਦੀ ਹੈਸੀਅਤ ਦੇ ਮੁਤਾਬਿਕ ਅਮੀਰਾਨਾ ਢੰਗ ਨਾਲ ਕਫ਼ਨ ਆਦਿ ਦਾ ਪ੍ਰਬੰਧ ਕਰ ਕੇ ਸ਼ੱਮਸ ਤਬਰੇਜ਼ ਦੇ ਮਕਬਰੇ ਦੇ ਇਹਾਤੇ ਵਿੱਚ ਦਫ਼ਨਾਇਆ।

ਇਸ ਤੋਂ ਬਾਦ ਦੀਵਾਨ ਕੌੜਾ ਮੱਲ ਮੁਲਤਾਨ ਸ਼ਹਿਰ ਵਿੱਚ ਦਾਖ਼ਲ ਹੋਇਆ ਤੇ ਸੂਬੇ ਤੇ ਕਬਜ਼ਾ ਕਰ ਲਿਆ।*

---

*ਅਹਿਮਦ ਯਾਦਗਾਰ, ੨੪੮–੯; ਸ਼ੇਖ਼ ਮੁਹੰਮਦ ਯੂਸਫ਼, ਹਾਲਾਤਿ ਮੁਲਤਾਨ, ੫੩–੪; ਖ਼ੁਸ਼ਵਕਤ ਰਾਏ, ਤਾਰੀਖ਼ਿ ਸਿੱਖਾਂ, ੬੮–੯; ਅਲੀ-ਉ-ਦੀਨ ਇਬਰਤ ਨਾਮਾ ੨੩੮; ਉਮਦਾਤੁ–ਤਵਾਰੀਖ਼, ਦਫ਼ਤਰ ਪਹਿਲਾ, ੧੨੯; ਜੱਸਾ ਸਿੰਘ ਬਿਨੋਦ; ਰਾਮ ਜਸ, ਤਾਰੀਖ਼ ਕਪੂਰਥਲਾ, ੧੪੩–੧੪੪; ਤਾਰੀਖ਼ਿ ਅਹਿਮਦ ਸ਼ਾਹੀ, ੨੪; ਹਕੀਕਤਿ ਬਿਨਾ-ਉ-ਅਰੂਜਿ ਫ਼ਿਰਕਾਇ ਸਿੱਖਾਂ, ੨੦; ਐਲੀਅਟ, ਹਿਸਟਰੀ ਔਫ਼ ਇੰਡੀਆ, ਜਿਲਦ ਅਠ੍ਹਵੀਂ, ੧੧੫; ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼,੪੦੪–੦੬; ਲਤੀਫ਼, ਹਿਸਟਰੀ ਔਫ਼ ਦੀ ਪੰਜਾਬ, ੩੧੫; ਗ੍ਰਿਫ਼ਿਨ; ਰਾਜਾਜ਼ ਔਫ਼ ਦੀ ਪੰਜਾਬ, ੫੦੧; ਗ੍ਰਿਫ਼ਿਨ, ਪੰਜਾਬ ਚੀਫਸ, ਜਿਲਦ ੧, ੭੭–੭੮; ਕਨ੍ਹੀਆ ਲਾਲ, ਤਾਰੀਖ਼ਿ ਪੰਜਾਬ, ੭੪; ਗਿਆਨ ਸਿੰਘ, ਪੰਥ ਪ੍ਰਕਾਸ਼, ਪੰਜਵੀਂ ਐਡੀਸ਼ਨ, ੬੧੯।



Digitized by Panjab Digital Library | www.panjabdigilib.org

## *ਦੀਵਾਨ ਕੌੜਾ ਮੱਲ ਨੂੰ 'ਮਹਾਰਾਜਾ ਬਹਾਦੁਰ' ਦਾ ਖ਼ਿਤਾਬ ਤੇ ਮੁਲਤਾਨ ਦੀ ਸੂਬੇਦਾਰੀ ਮਿਲਣੀ*

ਮੁਲਤਾਨ ਦੀ ਫ਼ਤਿਹ ਪਿੱਛੋਂ ਸ: ਜੱਸਾ ਸਿੰਘ ਆਹਲੂਵਾਲੀਆ ਤੇ ਖ਼ਾਲਸਾ ਦਲ ਛੇਤੀ ਹੀ ਜੰਗਲ ਨੂੰ ਮੁੜ ਪਏ ਤੇ ਦੀਵਾਨ ਕੌੜਾ ਮੱਲ ਮੁਲਤਾਨ ਦਾ ਬੰਦੋਬਸਤ ਠੀਕ ਠਾਕ ਕਰ ਕੇ ਲਾਹੌਰ ਨੂੰ ਮੁੜ ਆਇਆ ਤੇ ਆਪਣੀ ਜਗਾ ਜ਼ਾਹਦ ਖ਼ਾਨ ਦੇ ਪੁਤ੍ਰ ਸ਼ਾਕਿਰ ਖ਼ਾਨ ਨੂੰ, ਜੋ ਪਹਿਲਾਂ ਤੋਂ ਹੀ ਆਪਣੇ ਪਿਤਾ ਨਾਲ ਨਾਚਾਕੀ ਦੇ ਕਾਰਣ ਉਸ ਪਾਸ ਲਾਹੌਰ ਰਿਹਾ ਕਰਦਾ ਸੀ, ਆਪਣਾ ਨਾਇਬ ਮੁਕੱਰਰ ਕਰ ਆਇਆ। ਮੀਰ ਮੰਨੂੰ ਨੇ ਫ਼ਤਹਿ ਦੀ ਖ਼ੁਸ਼ੀ ਤੇ ਉਸ ਦੀ ਬਹਾਦੁਰੀ ਦੀ ਕਦਰ ਕਰ ਕੇ ਉਸ ਨੂੰ 'ਮਹਾਰਾਜਾ ਬਹਾਦੁਰ' ਦਾ ਖ਼ਿਤਾਬ ਦਿੱਤਾ ਤੇ ਆਪਣੇ ਵੱਲੋਂ ਮੁਲਤਾਨ, ਠੱਟਾ, ਆਦਿ ਦਾ ਸੂਬੇਦਾਰ ਮੁਕੱਰਰ ਕਰ ਦਿੱਤਾ*। ਖ਼ਾਨਦਾਨੀ ਰਿਵਾਇਤ ਅਨੁਸਾਰ ਇਸੇ ਵੇਲੇ ਹੀ ਆਪ ਦਾ ਨਾਮ ਲਾਹੌਰ ਦੇ ਦਿੱਲੀ ਦਰਵਾਜ਼ੇ ਪਰ ਲਿਖਿਆ ਗਿਆ ਹੋਣਾ ਏ।

## *ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੇਵਾ*

ਇਸ ਫ਼ਤਹਿ ਦੀ ਖ਼ੁਸ਼ੀ ਵਿੱਚ ਕੌੜਾ ਮੱਲ ਨੇ ਗਿਆਰਾਂ ਹਜ਼ਾਰ ਰੁਪਇਆ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਤੇ ਸਰੋਵਰ ਦੀ ਸੇਵਾ ਲਈ ਭੇਟ ਕੀਤਾ। ਚੂੰਕਿ ਯਾਹੀਆ ਖ਼ਾਨ ਜੇ ਜ਼ਮਾਨੇ ਵਿੱਚ

---

*ਜੱਸਾ ਸਿੰਘ ਬਿਨੋਦ; ਖ਼ੁਸ਼ਵਕਤ ਰਾਇ, ਤਾਰੀਖ਼ਿ ਸਿੱਖਾਂ, ੬੯; ਅਲੀ-ਉ-ਦੀਨ, ਇਬਰਤ ਨਾਮਾ, ੨੩੧-੩੨; ਕਨਿੰਘਮ, ਹਿਸਟਰੀ ਔਫ਼ ਦੀ ਸਿਖਸ, ੧੦੨; ਗਿਆਨ ਸਿੰਘ, ਸ਼ਮਸ਼ੇਰ ਖ਼ਾਲਸਾ, ਸਿਆਲ ਕੋਟ ਐਡੀਸ਼ਨ, ੪੭੩। ਕੁਝ ਕੁ ਇਤਿਹਾਸਾਂ ਵਿੱਚ ਕੇਵਲ 'ਰਾਜਾ' ਯਾ 'ਬਹਾਦੁਰ' ਦਾ ਹੀ ਖ਼ਿਤਾਬ ਮਿਲਿਆ ਲਿਖਿਆ ਹੈ।



Digitized by Panjab Digital Library | www.panjabdigilib.org

ਲਖਪਤ ਰਾਏ ਨੇ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਸੀ, ਇਸ ਲਈ ਇਸ ਰੁਪਏ ਨਾਲ ਸਰੋਵਰ ਦੀ ਮਿੱਟੀ ਕਢਵਾ ਕੇ ਸਾਫ਼ ਕਰਵਾਇਆ ਤੇ ਖੂਹਾਂ ਦਾ ਜਲ ਇਸ ਵਿੱਚ ਪਵਾਇਆ। ਚੂੰਕਿ ਦੀਵਾਲੀ ਸਿਰ ਤੇ ਆ ਰਹੀ ਸੀ, ਇਸ ਕੰਮ ਵਿੱਚ ਸਿੰਘਾਂ ਤੇ ਸੰਗਤਾਂ ਨੇ ਭੀ ਬੇਓੜਕ ਟਹਿਲ ਕੀਤੀ ਤੇ ਕਈ ਵਰ੍ਹਿਆਂ ਪਿੱਛੋਂ ਹੁਣ ੧੮੦੬ ਬਿਕ੍ਰਮੀ (੧੭੪੯ ਈਸਵੀ) ਨੂੰ ਦੀਪਮਾਲਾ ਦਾ ਮੇਲਾ ਏਥੇ ਕੀਤਾ*।

---

*ਗਿਆਨ ਸਿੰਘ, ਸ਼ਮਸ਼ੇਰ ਖਾਲਸਾ (੧੮੯੨ ਈ:), ਪੰਨਾ ੧੧੧–੧੨.



Digitized by Panjab Digital Library | www.panjabdigilib.org

# ਮੁਲਤਾਨ ਵਿੱਚ ਹਕੂਮਤ ਦਾ ਸਮਾਂ

## *ਸ਼ਾਕਿਰ ਖ਼ਾਨ ਦੀ ਦਸਤਾਰ ਬੰਦੀ*

ਜ਼ਾਹਦ ਖ਼ਾਨ ਸੱਦੋਜ਼ਈ ਆਪਣੀ ਕੌਮ ਵਿੱਚ ਇੱਕ ਸਿਰਕੱਢ ਮੰਨਿਆ ਜਾਂਦਾ ਸੀ । ਕੇਵਲ ਅਬਦੁਲ ਅਜ਼ੀਜ਼ ਖ਼ਾਨ ਵਲਦ ਸੁਲਤਾਨ ਹਯਾਤ ਖ਼ਾਨ ਹੀ ਇਕ ਹੋਰ ਆਦਮੀ ਸੀ ਜਿਹੜਾ ਕਿ ਉਸ ਦੇ ਟਾਕਰੇ ਦਾ ਸੀ । ਜਦ ਅਬਦੁਸਮੱਦ ਖ਼ਾਨ ਦੀ ਮੌਤ ਤੋਂ ਬਾਦ ਸ਼ਾਹਨਿਵਾਜ਼ ਖ਼ਾਨ ਮੁਲਤਾਨ ਦਾ ਹਾਕਮ ਹੋ ਕੇ ਆਇਆ ਸੀ ਤਾਂ ਅਬਦੁਲ ਅਜ਼ੀਜ਼ ਖ਼ਾਨ ਨੇ ਸਰਦਾਰੀ ਦਾ ਦਾਹਵਾ ਕੀਤਾ ਤੇ ਸ਼ਾਹਨਿਵਾਜ਼ ਖ਼ਾਨ ਨੂੰ ਪੰਜਾਹ ਹਜ਼ਾਰ ਰੁਪਇਆ ਦੇਣਾ ਕੀਤਾ ਸੀ। ਜ਼ਾਹਦ ਖ਼ਾਨ ਨੇ ਭੀ ਸ਼ਾਹਨਿਵਾਜ਼ ਖ਼ਾਨ ਨੂੰ ਰੁਪਇਆ ਦੇਣਾ ਕਰ ਕੇ ਅਬਦੁਲ ਅਜ਼ੀਜ਼ ਖ਼ਾਨ ਦੇ ਟਾਕਰੇ ਤੇ ਆਪਣਾ ਹੱਕ ਪੈਦਾ ਕਰ ਲਿਆ। ਫੇਰ ਜ਼ਾਹਦ ਖ਼ਾਨ ਦਿੱਲੀਓਂ ਵਜ਼ੀਰ ਕਮਰੁਦੀਨ ਪਾਸੋਂ ਸੂਬੇ ਦੀ ਸਨਦ ਲੈ ਆਇਆ, ਪਰ ਮੀਰ ਮੰਨੂੰ ਦੇ ਲਾਹੌਰ ਤੇ ਮੁਲਤਾਨ ਦਾ ਹਾਕਮ ਬਣ ਜਾਣ ਪਰ ਜ਼ਾਹਦ ਖ਼ਾਨ ਫਿਰ ਨੀਵਾਂ ਪੈ ਗਿਆ ਤੇ ਕੌੜਾ ਮੱਲ ਦੇ ਨਾਇਬ ਅਬਦੁਲ ਅਜ਼ੀਜ਼ ਖ਼ਾਨ ਦੀ ਗੁੱਡੀ ਚੜ੍ਹ ਗਈ । ਪਰ ਹੁਣ ਜਦ ਅਬਦੁਲ ਅਜ਼ੀਜ਼ ਖ਼ਾਨ ਇਸ ਜੰਗ ਵਿੱਚ ਮਰ ਗਿਆ ਅਤੇ ਜ਼ਾਹਦ ਖ਼ਾਨ ਭੀ ਚੜ੍ਹਾਈ ਕਰ ਗਿਆ, ਤਾਂ ਸ਼ਾਕਿਰ ਖ਼ਾਨ ਨੇ ਆਪਣੇ ਲਈ ਅਫ਼ਗਾਨਾਂ ਦੀ ਸਰਦਾਰੀ ਪ੍ਰਾਪਤ ਕਰਨ ਲਈ ਯਤਨ ਕਰਨਾ ਸ਼ੁਰੂ ਕੀਤਾ। ਉਸ ਨੂੰ ਪਤਾ ਸੀ ਕਿ ਉਸ ਨੇ ਕੌੜਾ ਮੱਲ ਦੀ ਕਾਫ਼ੀ ਸੇਵਾ ਕੀਤੀ ਹੋਈ ਹੈ ਇਸ ਲਈ ਕਿਸੇ ਹੋਰ ਨੂੰ ਉਸ ਦੇ ਟਾਕਰੇ ਤੇ ਖੜਾ ਨਹੀਂ ਕੀਤਾ ਜਾਏਗਾ।



Digitized by Panjab Digital Library | www.panjabdigilib.org

ਓਸ ਨੂੰ ਡਰ ਸੀ ਤਾਂ ਕੇਵਲ ਇਹ ਕਿ ਕਿਧਰੇ ਅਬਦੁਲ ਅਜ਼ੀਜ਼ ਖ਼ਾਨ ਦੇ ਪੁਤ੍ਰ ਨੂੰ ਸਰਦਾਰੀ ਨਾ ਮਿਲ ਜਾਏ। ਇਸ ਲਈ ਸ਼ਾਕਿਰ ਖ਼ਾਨ ਅਬਦੁਲ ਅਜ਼ੀਜ਼ ਖ਼ਾਨ ਦੇ ਵੱਡੇ ਭਾਈ ਸਰਦਾਰ ਖ਼ਾਨ ਵਲਦ ਸੁਲਤਾਨ ਹਯਾਤ ਖ਼ਾਨ ਪਾਸ ਪੁੱਜਾ ਤੇ ਅਰਜ਼ ਕੀਤੀ ਕਿ ਉਹ ਖ਼ੁਦ ਸਰਦਾਰੀ ਦੀ ਦਸਤਾਰ ਉਸ ਦੇ ਸਿਰ ਤੇ ਸਜਾਏ। ਕੌੜਾ ਮੱਲ ਦਾ ਤਾਂ ਓਹ ਆਪਣਾ ਆਦਮੀ ਸੀ, ਉਨ੍ਹਾਂ ਇਸ ਦਾ ਵਿਰੋਧ ਕਰਨਾ ਹੀ ਨਹੀਂ ਸੀ। ਦੂਸਰੇ ਪਾਸਿਓਂ ਅਬਦੁਲ ਅਜ਼ੀਜ਼ ਖ਼ਾਨ ਦੇ ਪੁਤ੍ਰਾਂ ਨੇ ਭੀ ਕੋਈ ਰੁਕਾਵਟ ਪੈਦਾ ਨਾ ਕੀਤੀ। ਇਸ ਲਈ ਸ਼ਾਕਿਰ ਖ਼ਾਨ ਦੀ ਦਸਤਾਰ ਬੰਦੀ ਹੋ ਗਈ।

ਇਸ ਦੇ ਨਾਲ ਹੀ ਕੌੜਾ ਮੱਲ ਨੇ ਭੀ ਉਸ ਨੂੰ ਆਪਣਾ ਨਾਇਬ ਮੁਕੱਰਰ ਕਰ ਦਿੱਤਾ ਤੇ ਜਿਸ ਵੇਲੇ ਮੁਲਤਾਨੋਂ ਲਾਹੌਰ ਨੂੰ ਗਿਆ ਤਾਂ ਜਾਂਦੀ ਵਾਰੀ ਸ਼ਾਕਿਰ ਖ਼ਾਨ ਨੂੰ ਆਪਣੀ ਜਗਾ ਛੱਡ ਗਿਆ।*

## *ਮਹਾਰਾਜਾ ਕੌੜਾ ਮੱਲ ਨੇ ਗੁਰਦ੍ਵਾਰਾ ਬਾਲ-ਲੀਲਾ ਦੀ ਸੇਵਾ ਕਰਨੀ*

ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਹੇਠਾਂ ਜਿਸ ਵੇਲੇ ਖ਼ਾਲਸਾ ਦਲ ਕੌੜਾ ਮੱਲ ਦੀ ਸਹਾਇਤਾ ਕਰਨ ਲਈ ਮੁਲਤਾਨ ਗਿਆ ਸੀ ਤਾਂ ਦੀਵਾਨ ਸਾਹਿਬ ਨੇ ਨਨਕਾਣਾ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਦਾ ਬਾਲ-ਲੀਲਾ ਦਾ ਗੁਰਦ੍ਵਾਰਾ ਬਣਵਾ ਦੇਣ ਦਾ ਪ੍ਰਣ ਕੀਤਾ ਸੀ। ਸੋ ਹੁਣ ਉਨ੍ਹਾਂ ਨੇ ਤਿੰਨ ਲੱਖ ਰੁਪਇਆ ਖਰਚ ਕਰ ਕੇ ਗੁਰਦ੍ਵਾਰਾ ਤੇ ਇਕ ਤਾਲਾਬ ਬਣਵਾਇਆ ਤੇ ਆਪਣੀ

---

*ਅਹਿਮਦ ਯਾਦਗਾਰ, ਤਾਰੀਖ਼ਿ ਸਲਾਤੀਨਿ ਅਫ਼ਗਾਨਾਂ ੨੫੦।



Digitized by Panjab Digital Library | www.panjabdigilib.org

ਮੰਨਤ ਪੂਰੀ ਕੀਤੀ। ਇਸ ਸੇਵਾ ਦੀ ਯਾਦ ਵਿੱਚ ਅੰਦਰ ਦੀ ਦੀਵਾਰ ਪਰ ਇੱਕ ਤਸਵੀਰ ਇਸ ਤਰਾਂ ਖਿੱਚੀ ਗਈ ਸੀ ਕਿ ਮਹਾਰਾਜਾ ਕੌੜਾ ਮੱਲ ਬਹਾਦੁਰ ਹਾਥੀ ਤੇ ਸਵਾਰ ਹਨ ਤੇ ਪਿਆਦਾ ਤੇ ਘੋੜ-ਚੜ੍ਹੀ ਫ਼ੌਜ ਨਾਲ ਜਾ ਰਹੀ ਹੈ।*

ਹੁਣ ਸਿੰਘਾਂ ਪਰ ਹੋ ਰਹੀ ਸਖ਼ਤੀ ਜ਼ਰਾ ਮੱਠੀ ਹੋਈ ਤੇ ਉਨ੍ਹਾਂ ਨੂੰ ਕਈ ਚਿਰ ਪਿੱਛੋਂ ਕੁਝ ਕੁ ਸੁਖ ਦਾ ਸਾਹ ਆਇਆ ਅਤੇ ਕੁਝ ਚਿਰ ਲਈ ਜ਼ਰਾ ਸੁਖ-ਸ਼ਾਂਤ ਵਰਤੀ। ਇਨ੍ਹਾਂ ਦਿਨਾਂ ਵਿੱਚ ਸਿੰਘ ਚੰਗੇ ਵਧਣ ਫੁੱਲਣ ਲੱਗ ਪਏ ਤੇ ਕੋਈ ਪਿੰਡ ਹੀ ਹੋਵੇਗਾ ਜਿੱਥੇ ਦੋ ਚਾਰ ਘਰ ਸਿੰਘਾਂ ਦੇ ਨਾ ਹੋ ਗਏ ਹੋਣ। ਹਕੂਮਤ ਨੂੰ ਭੀ

---

*ਰਾਮ ਜਸ, ਤਵਾਰੀਖ਼ ਰਿਆਸਤ ਕਪੂਰਥਲਾ, ੧੪੪। ਮਹਾਰਾਜਾ ਕੌੜਾ ਮੱਲ ਦੀ ਤਸਵੀਰ ਦਾ ਜ਼ਿਕਰ ਤਵਾਰੀਖ਼ ਰਿਆਸਤ ਕਪੂਰਥਲਾ ਵਿੱਚ ਇਸ ਤਰ੍ਹਾਂ ਕੀਤਾ ਹੋਇਆ ਹੈ ਜਿਵੇਂ ਕਿ ਲੇਖਕ ਨੇ ਪੁਸਤਕ ਲਿਖਣ ਦੇ ਦਿਨਾਂ ਵਿੱਚ ਖ਼ੁਦ ਸੰਨ ੧੮੯੭ ਦੇ ਕਰੀਬ ਦੇਖੀ ਹੋਈ ਹੁੰਦੀ ਹੈ। ਹੁਣ ਇਸ ਤਸਵੀਰ ਦੇ ਕੋਈ ਨਿਸ਼ਾਨ ਨਹੀਂ ਮਿਲਦੇ। ਸ: ਨਰੈਣ ਸਿੰਘ ਐਮ. ਏ. ਮੈਨੇਜਰ ਗੁਰਦੁਆਰਾ ਨਨਕਾਣਾ ਸਾਹਿਬ ਨੇ ਆਪਣੀ ਚਿੱਠੀ ਨੰਬਰ ੭੧੫ ਤਾਰੀਖ਼ ੧੦ ਸਤੰਬਰ ੧੯੩੭ ਵਿੱਚ ਮੈਨੂੰ ਲਿਖਿਆ ਸੀ ਕਿ ਉਨ੍ਹਾਂ ਨੇ ਮੇਰੀ ੧ ਅਗਸਤ ੧੯੩੭ ਦੀ ਚਿੱਠੀ ਪੁੱਜਣ ਪਰ ਕਈ ਲੋਕਾਂ ਪਾਸੋਂ ਪੁੱਛ ਗਿੱਛ ਕੀਤੀ ਹੈ ਪਰ ਮਹਾਰਾਜਾ ਕੌੜਾ ਮੱਲ ਦੀ ਤਸਵੀਰ ਦਾ ਕੋਈ ਪਤਾ ਨਹੀਂ ਲਗਦਾ। ਗੁਰਦੁਆਰਾ ਬਾਲ-ਲੀਲਾ ਦੇ ਪੁਰਾਣੇ ਮਹੰਤ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ੧੯੦੮ ਵਿੱਚ ਪੁਰਾਣਾ ਮਕਾਨ ਢਾਇਆ ਗਿਆ ਸੀ ਤਾਂ ਉਸ ਵੇਲੇ ਇਹ ਤਸਵੀਰ ਉਸ ਦੇ ਨਾਲ ਹੀ ਸਦਾ ਲਈ ਤਬਾਹ ਹੋ ਗਈ। ਇਸੇ ਤਰਾਂ ਹੀ ਪ੍ਰਬੰਧਕਾਂ ਦੀ ਅਣਗਹਿਲੀ ਨਾਲ ਅਕਾਲੀ ਅੰਦੋਲਨ ਦੇ ਦਿਨਾਂ ਵਿੱਚ ਭੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਪ੍ਰਕਰਮਾਂ, ਬਾਬਾ ਅਟੱਲ ਤੇ ਹੋਰ ਕਈ ਗੁਰਦੁਆਰਿਆਂ ਵਿੱਚੋਂ ਬੇਸ਼ੁਮਾਰ ਇਤਿਹਾਸਕ ਸਿੱਖ ਮਹਾਂਪੁਰਖਾਂ ਤੇ ਸੂਰਬੀਰਾਂ ਸ਼ਹੀਦਾਂ ਦੀਆਂ ਤਸਵੀਰਾਂ ਤੇ ਹੋਰ ਨਿਸ਼ਾਨ ਅੰਨ੍ਹੇ ਜੋਸ਼ ਵਿੱਚ ਆਏ ਹੋਏ ਕਾਰਕੁਨਾਂ ਤੇ ਸੇਵਾਦਾਰਾਂ ਜਾਂ ਉਨ੍ਹਾਂ ਦੀ ਇੱਛਾ ਅਨੁਸਾਰ ਸਫ਼ੈਦੀ ਕਰਨ ਵਾਲਿਆਂ ਦੀ ਕੂਚੀ ਯਾ ਰਾਜਾਂ ਦੀ ਤੇਸੀ ਦੀ ਭੇਟ ਹੋ ਗਏ ਤੇ ਇਤਿਹਾਸ ਲਈ ਸਦਾ ਲਈ ਅਣਹੋਏ ਹੋ ਗਏ।



Digitized by Panjab Digital Library | www.panjabdigilib.org

ਸਿੰਘਾਂ ਦੇ ਸਾਹਮਣੇ ਝੁਕ ਗਈ ਦੇਖ ਕੇ ਬਹੁਤ ਸਾਰੇ ਲੋਕ ਖੁਲ੍ਹਮ-ਖੁਲ੍ਹਾ ਅੰਮ੍ਰਿਤ ਛਕ ਕੇ ਸਿੰਘ ਸਜਣ ਲੱਗ ਪਏ ।

## *ਗੜ੍ਹ ਮਹਾਰਾਜਾ ਰਚਣਾ*

ਮੁਲਤਾਨ ਵਿੱਚ ਆਪਣੇ ਪੈਰ ਚੰਗੀ ਤਰਾਂ ਜੰਮ ਜਾਣ ਪਰ ਮਹਾਰਾਜਾ ਕੌੜਾ ਮੱਲ ਆਪਣੇ ਨੱਗਰ ਵਿੱਚ ਗੜ੍ਹ ਰਚਣ ਲਈ ਇੱਥੇ ਆਇਆ ਤੇ ਇੱਕ ਤਕੜਾ ਰਾਜ-ਗੜ੍ਹ ਬਣਵਾਇਆ ਤੇ ਉਸ ਦਾ ਨਾਮ 'ਗੜ੍ਹ ਮਹਾਰਾਜਾ ਕੌੜਾ ਮੱਲ' ਰੱਖਿਆ। ਇਹ ਅਸਥਾਨ ਜ਼ਿਲਾ ਝੰਗ ਵਿੱਚ ਸ਼ੋਰਕੋਟ ਤੋਂ ਲਹਿੰਦੇ ਨੂੰ ਹੈ ਤੇ ਹੁਣ ਤੱਕ 'ਗੜ੍ਹ ਮਹਾਰਾਜਾ' ਕਰਕੇ ਮਸ਼ਹੂਰ ਹੈ ।*

## *ਵਲੀਦਾਦ ਖ਼ਾਨ ਸਿਆਲ ਦਾ ਮਾਮਲਾ*

ਇਸ ਵੇਲੇ ਸ਼ੋਰ ਕੋਟ ਤੇ ਇਰਦ ਗਿਰਦ ਦੇ ਪਰਗਣਿਆਂ ਦਾ ਹਾਕਮ ਵਲੀਦਾਦ ਖ਼ਾਨ ਸਿਆਲ ਸੀ, ਜੋ ਆਪਣੇ ਬਜ਼ੁਰਗ ਸਿਆਲ ਦੀ ਤੇਰ੍ਹਵੀਂ ਪੁਸ਼ਤ ਵਿੱਚੋਂ ਸੀ। ਇਹ ਬੜਾ ਜ਼ਬਰਦਸਤ ਤੇ ਮਸ਼ਹੂਰ ਆਦਮੀ ਹੋਇਆ ਹੈ । ਇਸ ਨੇ ਮਿਰਾਕ, ਸ਼ੋਰਕੋਟ, ਕੋਟ ਕਮਾਲੀਆ ਤੇ ਖੀਵਾ ਦੇ ਰਈਸਾਂ ਨੂੰ ਫ਼ਤਹਿ ਕੀਤਾ ਤੇ ਆਪਣੀ ਵਫ਼ਾਦਾਰੀ ਦੇ ਕਾਰਣ ਚਿਨਓਟ ਦਾ ਇਲਾਕਾ ਲਾਹੌਰ ਦੇ ਸੂਬੇਦਾਰ ਪਾਸੋਂ ਪ੍ਰਾਪਤ ਕੀਤਾ। ਇਹ ਰਾਵੀ ਤੇ ਝਨਾਂ ਦਰਿਆਵਾਂ ਦੇ ਵਿੱਚ ਦੇ ਪਿੰਡੀ ਭੱਟੀਆਂ ਤੱਕ ਬਹੁਤ ਸਾਰੇ ਅਲਾਕੇ ਦਾ ਹਾਕਮ ਬਣ ਗਿਆ, ਤੇ ਜੇਹਲਮੋਂ ਲਹਿੰਦੇ ਨੂੰ ਮਨਕੇਰੇ ਤੱਕ ਇਸ ਦਾ ਇਲਾਕਾ ਸੀ। ਜਿਸ ਵੇਲੇ ਮਹਾਰਾਜਾ ਕੌੜਾ ਮੱਲ ਮੁਲਤਾਨ ਦਾ ਸੂਬੇਦਾਰ

---

*ਮੌਲਵੀ ਨੂਰ ਮੁਹੰਮਦ ਚੇਲਾ, ਤਾਰੀਖ਼ਿ ਝੰਗ ਸਿਆਲ, ਮਤਬਾ ਅਹਿਮਦੀ ਮੇਰਠ, ਸੰਨ ੧੮੬੩ ਈ:, ਪੰਨਾ ਪਪ ।



Digitized by Panjab Digital Library | www.panjabdigilib.org

ਬਣਿਆ ਤਾਂ ਸਰਕਾਰੀ ਮਾਮਲੇ ਦੀ ਬਹੁਤ ਸਾਰੀ ਬਾਕੀ ਵਲੀਦਾਦ ਖ਼ਾਨ ਵਲ ਨਿਕਲਦੀ ਸੀ। ਪਰ ਚੂੰਕਿ ਇਹ ਇੱਕ ਸ਼ਰੀਫ਼ ਸਰਕਾਰੀ ਅਫ਼ਸਰ ਸੀ ਅਤੇ ਇਸ ਨੇ ਉਗ੍ਰਾਹੀ ਲਈ ਗਏ ਮਹਾਰਾਜਾ ਕੌੜਾ ਮੱਲ ਬਹਾਦੁਰ ਪਾਸ ਬੜੀ ਘੱਟ ਫ਼ੌਜ ਹੋਣ ਪਰ ਭੀ ਕਿਸੇ ਦੇ ਆਖੇ ਲੱਗ ਕੇ ਇਨਕਾਰ ਨਾ ਕੀਤਾ ਤੇ ਵਫ਼ਾਦਾਰ ਰਿਹਾ, ਉਨ੍ਹਾਂ ਇਸ ਪਰ ਕੋਈ ਸਖ਼ਤੀ ਨਾ ਕੀਤੀ ਤੇ ਹਿਸਾਬ ਕਿਤਾਬ ਸਮਝਾਉਣ ਲਈ ਨਾਲ ਲਾਹੌਰ ਲੈ ਗਏ। ਵਲੀਦਾਦ ਖ਼ਾਨ ਇਸ ਵੇਲੇ ਬੀਮਾਰ ਸੀ। ਵਜ਼ੀਰਾਬਾਦ ਦੇ ਲਾਗੇ ਸੋਹਦਰੇ ਕੋਪਰੇ ਪੁੱਜਣ ਪਰ ਬੀਮਾਰੀ ਜ਼ਿਆਦਾ ਵਧ ਗਈ ਤੇ ਓਥੇ ਮਰ ਗਿਆ। ਵਲੀਦਾਦ ਖ਼ਾਨ ਦੀ ਲੋਥ ਤਾਬੂਤ ਵਿੱਚ ਬੰਦ ਕਰ ਕੇ ਕਿਸ਼ਤੀ ਵਿੱਚ ਝਨਾਂ ਰਾਹੀਂ ਝੰਗ ਲਿਆਂਦੀ ਗਈ। ਇਹ ਗੱਲ ਸੰਨ ੧੧੬੩ ਹਿਜਰੀ, ਸੰਨ ੧੭੫੦ ਈਸਵੀ ਦੀ ਹੈ।*

## *ਸਾਹੀਵਾਲ ਦੀ ਲੜਾਈ*

ਇਸੇ ਸਾਲ ਹੀ ਮਹਾਰਾਜਾ ਕੌੜਾ ਮੱਲ ਨੂੰ ਸਾਹੀਵਾਲ ਦੀ ਲੜਾਈ ਆ ਪਈ। ਇੱਧਰ ਦੌਰਾ ਮਾਮਲੇ ਦੀ ਉਗ੍ਰਾਹੀ ਸੰਬੰਧੀ ਹੀ ਜਾਪਦਾ ਹੈ। ਲੰਗਰ ਖ਼ਾਨ ਦਾ ਪੋਤ੍ਰਾ ਤੇ ਲਾਲ ਖ਼ਾਨ ਦਾ ਪੁਤ੍ਰ ਫ਼ਤਹਿ ਖ਼ਾਨ, ਜਿਸ ਨੇ ਆਪਣੇ ਚਾਚੇ ਮੁਬਾਰਕ ਖ਼ਾਨ ਪਾਸੋਂ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਲਈ ਓਸ ਨੂੰ ਤੇ ਓਸ ਦੇ ਟੱਬਰ-ਟੋਰ ਨੂੰ ਭਜਾ ਕੇ ਬਹਾਵਲ ਪੁਰ ਕੱਢ ਦਿੱਤਾ ਸੀ, ਅਹਿਮਦ ਸ਼ਾਹ ਦੁੱਰਾਨੀ ਦੇ ਹੱਲੇ ਵੇਲੇ ਪਕੜਿਆ ਗਿਆ ਸੀ ਤੇ ਡੇਰਾ ਇਸਮਾਈਲ ਖ਼ਾਨ ਲਿਜਾ ਕੇ ਮਾਰਿਆ ਜਾ ਚੁੱਕਾ ਸੀ। ਫ਼ਤਹਿ ਖ਼ਾਨ ਦਾ ਕੋਈ ਪੁੱਤ੍ਰ

*ਨੂਰ ਮੁਹੰਮਦ, ਤਾਰੀਖ਼ਿ ਝੰਗ ਸਿਆਲ, ੫੫; ਲੈਪਲ ਗ੍ਰਿਫ਼ਿਨ, ਪੰਜਾਬ ਚੀਫ਼ਸ, ਜਿਲਦ ਦੂਸਰੀ, ੭੪।



Digitized by Panjab Digital Library | www.panjabdigilib.org

ਨਹੀਂ ਸੀ ਤੇ ਉਸ ਦੇ ਭਾਈ ਬਹੁਤ ਛੋਟੇ ਸਨ, ਇਸ ਲਈ ਉਸ ਦੀ ਮਾਂ ਬਾਂਦੀ ਨੇ ਕਾਰੋ-ਬਾਰ ਸੰਭਾਲ ਲਿਆ। ਕੌੜਾ ਮੱਲ ਜਿਸ ਵੇਲੇ ਸੰਨ ੧੭੫੦ ਵਿੱਚ ਸਾਹੀਵਾਲ ਪੁੱਜਾ ਤਾਂ ਉਸ ਨੇ ਓਥੋਂ ਦੇ ਬਾਲਕ-ਰਈਸਾਂ ਨੂੰ ਬੁਲਾਉਣ ਲਈ ਸੁਨੇਹਾ ਭੇਜਿਆ। ਉਨ੍ਹਾਂ ਦੀ ਮਾਂ ਬਾਂਦੀ ਦੇ ਦਿਲ ਵਿੱਚ ਪਤਾ ਨਹੀਂ ਕੀ ਸਮਾਇਆ ਤੇ ਸ਼ੱਕ ਪਿਆ ਕਿ ਉਸ ਨੇ ਆਪਣੇ ਮੁੰਡਿਆਂ ਨੂੰ ਭੇਜਣ ਤੋਂ ਨਾਂਹ ਕਰ ਦਿੱਤੀ ਤੇ ਆਪਣੀ ਫ਼ੌਜ ਜਮਾਂ ਕਰ ਕੇ ਮਹਾਰਾਜਾ ਕੌੜਾ ਮੱਲ ਪਰ ਹੱਲਾ ਕਰ ਦਿੱਤਾ। ਪਰ ਲੜਾਈ ਵਿੱਚ ਮਹਾਰਾਜਾ ਬਹਾਦੁਰ ਦੀ ਫ਼ਤਹਿ ਹੋਈ ਤੇ ਸਾਹੀਵਾਲੀਆਂ ਨੂੰ ਬੜੀ ਸਖ਼ਤ ਹਾਰ ਹੋਈ। ਬਾਂਦੀ ਦੇ ਮੁੰਡਿਆਂ ਨੂੰ ਕੈਦ ਕੀਤਾ ਗਿਆ ਤੇ ਖ਼ਿਆਲ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ।*

## *ਦਾਊਦ-ਪੋਤ੍ਰਿਆਂ ਨਾਲ ਮਿੱਤ੍ਰਾਨਾ ਸੰਬੰਧ*

ਮਹਾਰਾਜਾ ਕੌੜਾ ਮੱਲ ਨੇ ਆਪਣੀ ਹਕੂਮਤ ਨੂੰ ਮਜ਼ਬੂਤ ਤੇ ਪੱਕੇ ਪੈਰਾਂ ਤੇ ਕਰਨ ਲਈ ਆਲੇ ਦੁਆਲੇ ਦੇ ਰਈਸਾਂ ਨਾਲ ਮਿਤ੍ਰਾਨਾ ਸੰਬੰਧ ਕਾਇਮ ਕੀਤੇ ਤਾ ਕਿ ਵੇਲੇ ਕੁਵੇਲੇ ਉਨ੍ਹਾਂ ਪਾਸੋਂ ਸਹਾਇਤਾ ਪ੍ਰਾਪਤ ਕੀਤੀ ਜਾ ਸਕੇ। ਬਹਾਵਲਪੁਰੀਏ ਦਾਊਦ-ਪੋਤ੍ਰੇ ਬਹਾਦਰੀ ਤੇ ਤਾਕਤ ਦੇ ਕਾਰਣ ਖ਼ਾਸ ਕਰਕੇ ਉਸ ਦੀ ਨਜ਼ਰ ਹੇਠਾਂ ਸਨ। ਇਸ ਵੇਲੇ ਇਸ ਖ਼ਾਨਦਾਨ ਦਾ ਵਡੇਰਾ ਬਹਾਵਲ ਖ਼ਾਨ ਸੀ। ਮਹਾਰਾਜਾ ਬਹਾਦੁਰ ਨੇ ਇਸ ਨਾਲ ਲਿਖਾ-ਪੜ੍ਹੀ ਸ਼ੁਰੂ ਕੀਤੀ ਤੇ ਸੁਖਾਲੇ ਹੀ ਦੋਸਤੀ ਪਾ ਲਈ। ਬਹਾਵਲ ਖ਼ਾਨ ਨੇ ਕੌੜਾ ਮੱਲ ਨੂੰ

---

*ਤਜ਼ਕਿਰਾ-ਇ-ਰਊਸਾ-ਇ-ਪੰਜਾਬ [ਲੈਪਲ ਗ੍ਰਿਫ਼ਿਨ, ਪੰਜਾਬ ਚੀਫ਼ਸ ਦਾ ਉਰਦੂ ਤਰਜਮਾ ਸੱਯਦ ਨਿਵਾਜ਼ਸ਼ ਅਲੀ ਕ੍ਰਿਤ] ਜਿਲਦ ੨, ੩੦੨।



Digitized by Panjab Digital Library | www.panjabdigilib.org

ਚਾਰ ਹਜ਼ਾਰ ਰੁਪਇਆ ਨਜ਼ਰਾਨਾ ਪੇਸ਼ ਕੀਤਾ ਜਿਸ ਦੇ ਮੋੜ ਵਿੱਚ ਉਸ ਨੇ ਬਹਾਵਲ ਖ਼ਾਨ ਨੂੰ ਆਦਮ-ਵਾਹਣ ਦਾ ਤੱਲਕਾ ਬਖ਼ਸ਼ਿਆ। ਬਹਾਵਲ ਖ਼ਾਨ ਨੇ ਇਸ ਨਵੇਂ ਤੱਲਕੇ ਵਿੱਚ ਨਹਿਰ ਕੱਢ ਕੇ ਉਸ ਨੂੰ ਚੰਗੀ ਤਰ੍ਹਾਂ ਆਬਾਦ ਕੀਤਾ।*

## *ਜਾਨ-ਨਿਸਾਰ ਖ਼ਾਨ ਦੀ ਬਗ਼ਾਵਤ*
## *ਡੇਰਾ ਗ਼ਾਜ਼ੀ ਖ਼ਾਨ ਦੀ ਮਹਿੰਮ*

ਇਸ ਅਰਸੇ ਵਿੱਚ ਡੇਰਾ ਗ਼ਾਜ਼ੀ ਖ਼ਾਨ ਦੇ ਹਾਕਮ ਜਾਨ-ਨਿਸਾਰ ਖ਼ਾਨ ਨੇ, ਜਿਸ ਦਾ ਅਸਲੀ ਨਾਮ ਮਹਿਮੂਦ ਖ਼ਾਨ ਸੀ, ਬਗ਼ਾਵਤ ਕਰ ਦਿੱਤੀ। ਇਸ ਦਾ ਮਕਸਦ ਨਵਾਬ ਜ਼ਾਹਦ ਖ਼ਾਨ ਦੀ, ਜੋ ਸ਼ਾਹਨਿਵਾਜ਼ ਖ਼ਾਨ ਦਾ ਨਾਇਬ ਸੀ ਤੇ ਉਸ ਦੀ ਮੌਤ ਪਿੱਛੋਂ ਸੀਤਪੁਰ ਨੂੰ ਭੱਜ ਗਿਆ ਸੀ, ਮੁੜ ਮੁਲਤਾਨ ਵਿੱਚ ਤਾਕਤ ਕਾਇਮ ਕਰਨ ਵਿੱਚ ਸਹਾਇਤਾ ਕਰਨਾ ਸੀ। ਲਾਹੌਰ ਤੋਂ ਮੀਰ ਮੰਨੂੰ ਦਾ ਹੁਕਮ ਪੁੱਜਾ ਕਿ ਬਾਗ਼ੀ ਨੂੰ ਸੋਧਿਆ ਜਾਵੇ। ਮਹਾਰਾਜਾ ਕੌੜਾ ਮੱਲ ਬਹਾਦੁਰ ਨੇ ਝੱਟ ਚੜ੍ਹਾਈ ਕਰ ਦਿੱਤੀ ਤੇ ਬਹਾਵਲਪੁਰੀਏ ਦਾਊਦ-ਪੋਤ੍ਰਿਆਂ ਨੂੰ ਸਹਾਇਤਾ ਲਈ ਸੁਨੇਹਾ ਭੇਜਿਆ। ਬਹਾਵਲ ਖ਼ਾਨ ਅੱਗੇ ਹੀ ਨਾਮਣਾ ਖੱਟਣ ਲਈ ਮੌਕੇ ਦੀ ਤਾੜ ਵਿੱਚ ਸੀ। ਉਹ ਝੱਟ ਆਪਣੀ ਫ਼ੌਜ ਲੈ ਕੇ ਤਿਆਰ ਹੋ ਪਿਆ ਤੇ ਤਨਵੇਈਂ ਦੇ ਮੁਕਾਮ ਤੇ ਕੌੜਾ ਮੱਲ ਨਾਲ ਜਾ ਰਲਿਆ। ਇੱਥੋਂ ਮਿਲਵੀਆਂ ਫ਼ੌਜਾਂ ਡੇਰਾ ਗ਼ਾਜ਼ੀ ਖ਼ਾਨ ਤੇ ਹੱਲਾ ਕਰਨ ਲਈ ਚੜ੍ਹ ਪਈਆਂ। ਮੁਹਿੰਮ ਦਾ ਕੰਮ ਖ਼ਾਨ ਬੇਲਾ ਦੇ ਕਿਲੇ ਤੋਂ ਅਰੰਭ ਹੋਇਆ ਜੋ ਬਿਨਾਂ ਕਿਸੇ ਟਾਕਰੇ ਦੇ ਹੀ ਫ਼ਤਿਹ ਹੋ ਗਿਆ।

---

*ਸ਼ਹਾਮਤ ਅਲੀ, ਦੀ ਹਿਸਟਰੀ ਔਫ਼ ਬਹਾਵਲਪੁਰ, ੩੩; ਬਾਲ ਕਿਸ਼ਨ ਬੱਤ੍ਰਾ, ਤਵਾਰੀਖ਼ਿ ਮੁਲਤਾਨ, ੪੯।



Digitized by Panjab Digital Library | www.panjabdigilib.org

ਹੁਣ ਜਾਨ-ਨਿਸਾਰ ਖ਼ਾਨ ਨੇ ਖ਼ੁਦ ਫ਼ੌਜਾਂ ਦਾ ਅੱਗਾ ਆ ਰੋਕਿਆ। ਤਿੰਨ ਦਿਨ ਤੱਕ ਛੋਟੀਆਂ ਮੋਟੀਆਂ ਲੜਾਈਆਂ ਹੁੰਦੀਆਂ ਰਹੀਆਂ ਪਰ ਜਾਨ-ਨਿਸਾਰ ਖ਼ਾਨ ਨੂੰ ਕੋਈ ਸਫ਼ਲਤਾ ਹੁੰਦੀ ਨਜ਼ਰ ਨਾ ਆਈ। ਇਸ ਲਈ ਉਹ ਇਕ ਦਿਨ ਹਨ੍ਹੇਰੀ ਰਾਤ ਦਾ ਫ਼ਾਇਦਾ ਉਠਾ ਕੇ ਆਪਣੀਆਂ ਫ਼ੌਜਾਂ ਨੂੰ ਸਿੰਧ ਦੇ ਕੰਢਿਆਂ ਤੇ ਹੀ ਤੰਬੂ ਲਾਈ ਛੱਡ ਕੇ ਭੱਜ ਨਿਕਲਿਆ। ਕੌੜਾ ਮੱਲ ਆਪਣੀ ਫ਼ਤਿਹ ਪਰ ਬੜਾ ਪ੍ਰਸੰਨ ਹੋਇਆ ਤੇ ਬਹਾਵਲ ਖ਼ਾਨ ਦੀ ਸਹਾਇਤਾ ਦਾ ਧੰਨਵਾਦ ਕੀਤਾ ਤੇ ਉਸ ਨਾਲ ਬੜੀ ਮੇਹਰਬਾਨੀ ਨਾਲ ਪੇਸ਼ ਆਇਆ। ਇਸ ਦੇ ਪਿੱਛੋਂ ਮੁਲਕ ਦਾ ਯਥਾ ਯੋਗ ਪ੍ਰਬੰਧ ਕਰ ਕੇ ਜ਼ਰੂਰੀ ਜ਼ਰੂਰੀ ਅਸਥਾਨਾਂ ਤੇ ਆਪਣੇ ਆਦਮੀ ਨੀਯਤ ਕੀਤੇ ਤੇ ਕੌੜਾ ਮੱਲ ਮੁਲਤਾਨ ਨੂੰ ਮੁੜ ਆਇਆ ਅਤੇ ਬਹਾਵਲ ਖ਼ਾਨ ਆਪਣੀ ਰਿਆਸਤ ਨੂੰ ਚਲਾ ਗਿਆ।* ਇਸ ਤੋਂ ਛੇਤੀ ਹੀ ਬਾਦ ਨਵਾਬ ਜ਼ਾਹਦ ਖ਼ਾਨ ਭੀ ਚਲਾਣਾ ਕਰ ਗਿਆ।

ਤਜ਼ਕਿਰਾ-ਇ-ਰਊਸਾ-ਇ-ਪੰਜਾਬ† ਵਿੱਚ ਲਿਖਿਆ ਹੈ ਕਿ ਇਸ ਵੇਲੇ ਕੌੜਾ ਮੱਲ ਦੇ ਮਾਤਹਿਤ ਫ਼ੌਜਾਂ ਨੇ ਕਲਹੋੜਾਂ ਨੂੰ ਭੀ ਇੱਕ ਜੰਗ ਵਿੱਚ ਹਾਰ ਦਿੱਤੀ ਸੀ, ਪਰ ਇਸ ਜੰਗ ਦਾ ਵੇਰਵੇ ਸਹਿਤ ਹਾਲ ਕਿਧਰਿਓਂ ਪ੍ਰਾਪਤ ਨਹੀਂ ਹੋ ਸਕਿਆ।

---

*ਸ਼ਹਾਮਤ ਅਲੀ, ਦੀ ਹਿਸਟਰੀ ਔਫ਼ ਬਹਾਵਲਪੁਰ, ੩੩–੪; ਸ਼ੇਰ ਮੁਹਮਦ ਖ਼ਾਨ, ਜ਼ੁਬਦਾ-ਤੁ-ਅਖ਼ਬਾਰ, ੨੮–੯।

†ਜਿਲਦ ਦੂਸਰੀ, ਪੰ: ੫੭੩।



Digitized by Panjab Digital Library | www.panjabdigilib.org

# ਅਹਿਮਦ ਸ਼ਾਹ ਦੁੱਰਾਨੀ ਦਾ ਤੀਸਰਾ ਹੱਲਾ

[ ਅਕਤੂਬਰ ੧੭੫੧–ਮਾਰਚ ੧੭੫੨ ]

## *ਰਾਜਾ ਸੁਖ ਜੀਵਨ ਦਾ ਉਗ੍ਰਾਹੀ ਲਈ ਲਾਹੌਰ ਆਉਣਾ*

ਸੰਨ ੧੭੫੦ ਵਿੱਚ ਅਹਿਮਦ ਸ਼ਾਹ ਦੁੱਰਾਨੀ ਵਲੋਂ ਰਾਜਾ ਸੁਖ ਜੀਵਨ ਮੀਰ ਮੰਨੂੰ ਨਾਲ ਹੋਏ ਹੋਏ ਫ਼ੈਸਲੇ ਅਨੁਸਾਰ ਚਾਰ ਮਹਾਲ ਦੇ ਸਾਲਾਨਾ ਮਾਮਲੇ ਦੀ ਉਗ੍ਰਾਹੀ ਲਈ ਲਾਹੌਰ ਆਇਆ। ਮਾਮਲੇ ਦੀ ਵਸੂਲੀ ਵੇਲੇ ਸੁਖ ਜੀਵਨ ਨੇ ਕੁਝ ਕੌੜੇ ਸਵਾਲ ਜਵਾਬ ਕੀਤੇ ਜੋ ਮੀਰ ਮੰਨੂੰ ਤੇ ਮਹਾਰਾਜਾ ਕੌੜਾ ਮੱਲ ਨੂੰ, ਜੋ ਇਨ੍ਹਾਂ ਦਿਨਾਂ ਵਿੱਚ ਲਾਹੌਰ ਸੀ, ਬਹੁਤ ਨਾਜਾਇਜ਼ ਭਾਸੇ। ਕੌੜਾ ਮੱਲ ਨੇ ਕਿਹਾ ਕਿ ਅਸੀਂ ਕਦ ਤੱਕ ਦੁੱਰਾਨੀ ਨੂੰ ਮਾਮਲਾ ਭਰਾਂਗੇ ? ਅਸੀਂ ਇਸ ਨਾਲੋਂ ਜ਼ੋਰ ਵਿੱਚ ਕੋਈ ਘੱਟ ਤਾਂ ਹੈਂ ਨਹੀਂ। ਆਖ਼ਿਰ ਇਹ ਉਹ ਹੀ ਅਹਿਮਦ ਸ਼ਾਹ ਹੈ ਜੋ ਇਕ ਵਾਰ ਨਵਾਬ ਸਾਹਿਬ (ਮੀਰ ਮੰਨੂੰ) ਪਾਸੋਂ ਹਾਰ ਖਾ ਕੇ ਗਿਆ ਹੋਇਆ ਹੈ। ਇਸ ਵੇਲੇ ਅਦੀਨਾ ਬੇਗ਼ ਨੇ ਬੇਨਤੀ ਕੀਤੀ ਕਿ ਜੋ ਕੁਝ ਪਿਛਲੇ ਸਾਲ ਆਪਸ ਵਿੱਚ ਫ਼ੈਸਲਾ ਹੋਇਆ ਸੀ, ਦੋ ਚਾਰ ਸਾਲ ਤਾਂ ਉਸ ਉੱਤੇ ਅਮਲ ਕਰਨਾ ਚਾਹੀਦਾ ਹੈ। ਸੋ ਉਸ ਵੇਲੇ ਕੁਝ ਥੋੜਾ ਜਿਹਾ ਮਾਮਲਾ ਦੇ ਕੇ ਸੁਖ ਜੀਵਨ ਨੂੰ ਰੁਖ਼ਸਤ ਕੀਤਾ ਤੇ ਅੱਗੇ ਲਈ ਪੱਕਾ ਇਰਾਦਾ ਕਰ ਲਿਆ ਕਿ ਅਹਿਮਦ ਸ਼ਾਹ ਨਾਲ ਜੰਗ ਕੀਤਾ ਜਾਵੇ ਔਰ ਇਸ ਮਤਲਬ ਲਈ ਸਾਮਾਨ ਜਮਾ ਕਰਨਾ ਸ਼ੁਰੂ ਕਰ ਦਿੱਤਾ।*

---

*ਖੁਸ਼ਵਕਤ ਰਾਏ, ਤਾਰੀਖ਼ਿ ਸਿੱਖਾਂ, ੬੯।



Digitized by Panjab Digital Library | www.panjabdigilib.org

## ਹਾਰੂੰ ਖ਼ਾਨ ਏਲਚੀ ਦਾ ਆਉਣਾ

ਅਗਲੇ ਸਾਲ ਸੰਨ ੧੭੫੧ ਵਿੱਚ ਮੀਰ ਮੰਨੂੰ ਦੇ ਮੁਸਾਹਿਬਾਂ, ਖ਼ਾਸ ਕਰਕੇ ਮਹਾਰਾਜਾ ਕੌੜਾ ਮੱਲ, ਦੇ ਸਲਾਹ ਮਸ਼ਵਰੇ ਕਰਕੇ ਜਦ ਮਾਮਲਾ ਪੁੱਜਣ ਵਿੱਚ ਦੇਰ ਹੋ ਗਈ ਤਾਂ ਅਹਿਮਦ ਸ਼ਾਹ ਦੁੱਰਾਨੀ ਨੇ ਹਾਰੂੰ ਖ਼ਾਨ ਨੂੰ ਆਪਣਾ ਵਕੀਲ ਬਣਾ ਕੇ ਲਾਹੌਰ ਭੇਜਿਆ ਤਾਕਿ ਮੀਰ ਮੰਨੂੰ ਪਾਸੋਂ ਉਗ੍ਰਾਹੀ ਕਰ ਕੇ ਛੇਤੀ ਬਹੁਤ ਸਾਰਾ ਰੁਪਇਆ ਭੇਜੇ। ਕੇਸ਼ੋ ਰਾਓ ਹਰਕਾਰੇ ਦੀ ੧੪ ਅਕਤੂਬਰ ੧੭੫੧ ਦੀ ਖਬਰ ਤੋਂ ਪਤਾ ਚਲਦਾ ਹੈ ਕਿ ਅਕਤੂਬਰ ਦੇ ਦੂਸਰੇ ਹਫ਼ਤੇ ਜਿਸ ਵੇਲੇ ਹਾਰੂੰ ਖ਼ਾਨ ਦੇ ਨੇੜੇ ਆ ਪੁੱਜਣ ਦੀ ਖ਼ਬਰ ਮੀਰ ਮੰਨੂੰ ਨੂੰ ਪੁੱਜੀ ਤਾਂ ਬਜ਼ਾਰ ਨਖ਼ਾਸ ਵਿੱਚ ਹਕੀਮ ਦੀ ਸਰਾਂ ਉਸ ਲਈ ਖਾਲੀ ਕਰਵਾਉਣ ਦਾ ਹੁਕਮ ਦਿੱਤਾ ਤੇ ਲਾਹੌਰ ਆ ਪੁੱਜਣ ਪਰ ਕਿਲੇ ਦੇ ਨਜ਼ਦੀਕ ਮਸਤੀ ਦਰਵਾਜ਼ੇ ਦੇ ਅੰਦਰ ਮੋਹਰਾਂ ਵਾਲੇ ਕਟੜੇ ਮਸੀਤ ਦੇ ਸਾਮ੍ਹਣੇ (ਹਕੀਮ ਦੀ ਸਰਾਂ ਵਿੱਚ?) ਉਤਾਰਾ ਦਿੱਤਾ ਗਿਆ* ।

## ਕੌੜਾ ਮੱਲ ਨੂੰ ਮੁਲਤਾਨੋਂ ਬੁਲਾਉਣਾ

ਹਾਰੂੰ ਖ਼ਾਨ ਦੇ ਲਾਹੌਰ ਪੁੱਜਣ ਦੇ ਇਕ ਅੱਧਾ ਦਿਨ ਅੱਗੇ ਪਿੱਛੇ ੧੩ ਅਕਤੂਬਰ ਨੂੰ ਮਹਾਰਾਜਾ ਕੌੜਾ ਮੱਲ ਦੇ ਵਕੀਲ ਅਮੋਲਕ ਰਾਮ ਨੂੰ, ਅਤੇ ਦਾਰਾਬ ਖ਼ਾਨ ਦੇ ਦਿੱਲੀਓਂ ਆਏ ਭਾਈ

---

*ਉਮਦਾ-ਤੁ-ਤਵਾਰੀਖ਼, ਦਫ਼ਤਰ ਪਹਿਲਾ, ੧੩੨–੩੩; ਸੀਲੈਕ-ਸ਼ੰਜ਼ ਫ਼ਰੌਮ ਦੀ ਪੇਸ਼ਵਾ ਦਫ਼ਤਰ (ਪਰਸ਼ੀਅਨ) ਮਿੱਸਲੇਨੀਅਸ ਪੇਪਰਜ਼, ਨੰਬਰ ੧੨੭੧, ਤਾਰੀਖ਼ ੧੪ ਅਕਤੂਬਰ ੧੭੫੧, ਪੰ: ੩–੪ ।

ਉਮਦਾ-ਤੁ-ਤਵਾਰੀਖ਼ ਵਿਚ ਇਹ ਨਾਮ ਬਾਰੂ ਖ਼ਾਨ ਲਿਖਿਆ ਹੋਇਆ ਹੈ ਤੇ ਪੇਸ਼ਵਾ ਦਫ਼ਤਰ ਵਿੱਚ ਦੋ ਤਿੰਨ ਥਾਈਂ ਹਾਰੂਤ ਖ਼ਾਨ ਦਿੱਤਾ ਹੋਇਆ ਹੈ ਪਰ ਠੀਕ ਹਾਰੂੰ ਖ਼ਾਨ ਹੀ ਜਾਪਦਾ ਹੈ ।



Digitized by Panjab Digital Library | www.panjabdigilib.org

ਕਿਆਮੁੱਦੀਨ ਤੇ ਵਲਾਇਤੋਂ ਆਏ ਕਮਾਲ ਬੇਗ ਮੁਗ਼ਲ ਨੂੰ, ਤਿੰਨ ਤਿੰਨ ਕੱਪੜਿਆਂ ਦੀਆਂ ਖ਼ਿਲਤਾਂ ਮਿਲੀਆਂ।* ਇਸ ਵੇਲੇ ਮਾਲੂਮ ਹੁੰਦਾ ਹੈ ਕਿ ਜਾਂ ਤਾਂ ਖ਼ੁਦ ਮੀਰ ਮੰਨੂੰ ਨੇ ਮਹਾਰਾਜਾ ਕੌੜਾ ਮੱਲ ਬਹਾਦੁਰ ਨੂੰ ਤਾਕੀਦੀ ਚਿੱਠੀ ਲਿਖੀ ਜਾਂ ਅਮੋਲਕ ਰਾਮ ਨੂੰ ਲਿਖਣ ਦੀ ਹਦਾਇਤ ਕੀਤੀ ਕਿ ਮਹਾਰਾਜਾ ਬਹਾਦੁਰ ਛੇਤੀ ਲਾਹੌਰ ਪੁੱਜ ਜਾਣ। ਸੋ ਓਹ ਮੁਲਤਾਨ ਦੀ ਹਕੂਮਤ ਆਪਣੇ ਨਾਇਬ ਸ਼ਾਕਿਰ ਖ਼ਾਨ ਨੂੰ ਸੌਂਪ ਕੇ ਲਾਹੌਰ ਨੂੰ ਤੁਰ ਪਏ।

੨੦ ਅਕਤੂਬਰ ਦੀ ਖ਼ਬਰ ਵਿੱਚ ਲਿਖਿਆ ਹੈ ਕਿ ਹਾਰੂੰ ਖ਼ਾਨ ਲਾਹੌਰ ਪੁੱਜ ਗਿਆ ਹੋਇਆ ਸੀ ਤੇ ਮੀਰ ਮੰਨੂੰ ਨਾਲ ਕੁਝ ਸਵਾਲ ਜਵਾਬ ਹੋ ਚੁੱਕੇ ਸਨ।

ਇਸ ਵੇਲੇ ਇਕ ਪਾਸੇ ਤਾਂ ਦੁੱਰਾਨੀ ਦਾ ਏਲਚੀ ਲਾਹੌਰ ਮੀਰ ਮੰਨੂੰ ਨਾਲ ਮੁਲਾਕਾਤਾਂ ਕਰ ਰਿਹਾ ਸੀ ਤੇ ਦੂਸਰੇ ਪਾਸੇ ਪੰਜਾਬ ਉੱਤੇ ਹੱਲਾ ਕਰਨ ਲਈ ਦੁੱਰਾਨੀ ਵੱਲੋਂ ਫ਼ੌਜਾਂ ਭੇਜੀਆਂ ਜਾ ਰਹੀਆਂ ਸਨ। ਚੁਨਾਂਚਿ ੨੦ ਅਕਤੂਬਰ ਦੀ ਖ਼ਬਰ ਅਨੁਸਾਰ ਜਦ ਹਾਰੂੰ ਖ਼ਾਨ ਲਾਹੌਰ ਪੁੱਜਾ ਸੀ ਤਾਂ ਉਧਰ ਦੁੱਰਾਨੀ ਦੇ ਦੋ ਸਿਰਕੱਢ ਸਰਦਾਰ ਅਬਦੁਸਮੱਦ ਖ਼ਾਨ ਤੇ ਜਹਾਨ ਖ਼ਾਨ ਜਲਾਲਾਬਾਦ ਤੇ ਪਸ਼ਾਵਰੋਂ ਅਟਕ ਪੁੱਜ ਗਏ ਸਨ ਤੇ ਅਟਕ ਦਰਿਆ ਉੱਤੇ ਪੁਲ ਤਿਆਰ ਹੋਣਾ ਸ਼ੁਰੂ ਹੋ ਗਿਆ ਸੀ।

ਮੀਰ ਮੰਨੂੰ ਨੇ ਭੀ ਆਪਣੀ ਵਲੋਂ ਕੁਝ ਕੁ ਤਿਆਰੀ ਕਰਨੀ

---

*ਕੇਸ਼ੋ ਰਾਓ ਹਰਕਾਰੇ ਦੀ ੧੪ ਅਕਤੂਬਰ ਸੰਨ ੧੭੫੧ ਦੀ ਖ਼ਬਰ ਵਿੱਚ ਲਿਖਿਆ ਹੈ ਕਿ ੨੪ ਜ਼ੀਕਦਾ, ੧੩ ਅਕਤੂਬਰ, ਨੂੰ ਮੀਰ ਮੰਨੂੰ ਨੇ ਮੋਮਨ ਖ਼ਾਨ ਨੂੰ ਹੁਕਮ ਦਿੱਤਾ ਕਿ ਪਹਾੜੀ ਜ਼ਿਮੀਂਦਾਰਾਂ ਨਾਲ ਰਲ ਕੇ ਸਿੱਖਾਂ ਨੂੰ ਸਿੱਧਾ ਕਰੋ ਜੋ ਇਸ ਵੇਲੇ ਸ਼ਹਿਰ ਲਾਹੌਰ ਦੇ ਬਾਹਰ ਹੱਥ ਪੈਰ ਮਾਰ ਰਹੇ ਸਨ ਤੇ ਵੀਹ ਜਜ਼ਾਇਰ, ਪੰਜ ਰਹਿਕਲੇ ਤੇ ਇੱਕ ਵੱਡੀ ਤੋਪ ਮੀਰ ਅਮਾਨੁੱਲਾ ਖ਼ਾਨ ਫ਼ੌਜਦਾਰ ਐਮਿਨਾਬਾਦ ਦੇ ਤਾਬੇ ਕੀਤੀ।



Digitized by Panjab Digital Library | www.panjabdigilib.org

ਸ਼ੁਰੂ ਕਰ ਦਿੱਤੀ ਹੋਈ ਸੀ ਤੇ ਕੁਝ ਨਵੀਂ ਫ਼ੌਜ ਭੀ ਭਰਤੀ ਕਰ ਲਈ ਸੀ। ਚੁਨਾਂਚਿ ੧੬ ਨਵੰਬਰ ਦੀ ਖ਼ਬਰ ਅਨੁਸਾਰ ਮੀਰ ਮੰਨੂੰ ਨੇ ਦੋ ਸੌ ਸਵਾਰ ਨਵੇਂ ਭਰਤੀ ਕਰ ਕੇ ਅਫਰਾਸਿਆਬ ਬੇਗ ਖ਼ਾਨ ਸੂਬੇਦਾਰ ਕਸ਼ਮੀਰ ਦੇ ਨਜ਼ਦੀਕੀ ਮਹਿਦੀ ਕੁਲੀ ਖ਼ਾਨ ਨੂੰ ਚਾਰ ਕੱਪੜੇ, ਕਸ਼ਮੀਰੋਂ ਆਏ ਸ਼ੱਮਸੁਦੀਨ ਖ਼ਾਨ ਯਸਾਵਲ ਨੂੰ ਤਿੰਨ ਕੱਪੜੇ, ਇਵਜ਼ ਬੇਗ ਤੇ ਮਾਲ਼ਾਤਾਸ਼ ਬੇਗ ਮੁਗ਼ਲ਼ ਸਰਦਾਰਾਂ ਨੂੰ ਚਾਰ ਚਾਰ ਕੱਪੜੇ ਦੀਆਂ ਖ਼ਿਲ਼ਤ ਬਖ਼ਸ਼ੀਆਂ। ਦੁੱਰਾਨੀਆਂ ਦੇ ਅਚਾਨਕ ਹੱਲੇ ਦੀ ਰੋਕ ਲਈ ਮੀਰ ਮੰਨੂੰ ਨੇ ਦੋ ਮੁਰੈਲ ਫ਼ੌਜਾਂ, ਇਕ ਮੁਲਤਾਨ ਦੇ ਪਾਸੇ ਤੇ ਇੱਕ ਰਾਵੀਓਂ ਪਾਰ ਸ਼ਾਹਦਰੇ ਦੇ ਲਾਗੇ, ਨਿੱਯਤ ਕਰ ਕੇ ਜੰਗੀ ਸਾਮਾਨ, ਬਾਣਾਂ ਤੇ ਤੋਪਾਂ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ।

ਇਸ ਵੇਲੇ ਕੌੜਾ ਮੱਲ ਬੜੀ ਤੇਜ਼ੀ ਨਾਲ ਮੰਜ਼ਲੋਂ ਮੰਜ਼ਲ ਮਾਰਦਾ ਲਾਹੌਰ ਨੂੰ ਆ ਰਿਹਾ ਸੀ ਤੇ ੨੦ ਨਵੰਬਰ ਦੀ ਖ਼ਬਰ ਅਨੁਸਾਰ ਲਾਹੌਰੋਂ ਬਾਰਾਂ ਕੋਹਾਂ ਤੇ ਸੀ।

੨੪ ਨਵੰਬਰ ਦੀ ਖ਼ਬਰ ਵਿੱਚ ਲਿਖਿਆ ਹੈ ਕਿ ਰਾਜਾ ਕੌੜਾ ਮੱਲ, ਉਸ ਦੇ ਪੁੱਤ੍ਰ ਤੇ ਭਾਈ, ਅਤੇ ਬਖ਼ਸ਼ਿੰਦਾ ਬੇਗ ਖ਼ਾਨ, ਖੈਰੁੱਲਾ ਬੇਗ ਖ਼ਾਨ ਆਦਿ ਹਾਥੀ-ਸਵਾਰ ਸਰਦਾਰ ਰਾਵੀ ਪਾਰੋਂ ਆ ਕੇ ਮੀਰ ਮੰਨੂੰ ਨੂੰ ਮਿਲੇ ਤੇ ਇਕ ਸੌ ਰੁਪਇਆ ਨਜ਼ਰ ਪੇਸ਼ ਕੀਤੀ। ਮੀਰ ਮੰਨੂੰ ਨੇ ਪੰਜ ਕੱਪੜੇ, ਜੜਾਊ ਸਰਪੇਚ, ਕਲਗੀ, ਤਲਵਾਰ ਤੇ ਹਾਥੀ ਰਾਜਾ ਕੌੜਾ ਮੱਲ ਨੂੰ, ਪੰਜ ਕਪੜੇ ਤੇ ਜੜਾਊ ਸਰਪੇਚ ਉਸ ਦੇ ਪੁਤ੍ਰ ਨੂੰ, ਪੰਜ ਕੱਪੜੇ ਉਸ ਦੇ ਭਾਈ ਨੂੰ, ਪੰਜ ਪੰਜ ਕੱਪੜੇ ਬਖ਼ਸ਼ਿੰਦਾ ਬੇਗ ਖ਼ਾਨ ਤੇ ਖੈਰੁੱਲਾ ਬੇਗ ਖ਼ਾਨ ਨੂੰ, ਚਾਰ ਚਾਰ ਕੱਪੜੇ ਦੂਸਰੇ ਸਾਥੀਆਂ ਅਤੇ ਬਾਈ ਖ਼ਿਲਤਾਂ ਤੇ ਦੋਸ਼ਾਲੇ ਹੋਰ ਦੇ ਕੇ ਉਨ੍ਹਾਂ ਦਾ ਸਤਕਾਰ ਕੀਤਾ। ਇਸ ਦੇ ਅਖ਼ੀਰ ਵਿੱਚ ਲਿਖਿਆ



Digitized by Panjab Digital Library | www.panjabdigilib.org

ਹੋਇਆ ਹੈ ਕਿ ਕੌੜਾ ਮੱਲ ਇੱਕ ਵੱਡਾ ਸਰਦਾਰ ਹੈ ਤੇ ਬਹੁਤ ਸਾਰੀ ਫ਼ੌਜ ਤੇ ਸਾਮਾਨ ਉਸ ਦੇ ਨਾਲ ਹੈ।*

ਲਾਹੌਰ ਆ ਕੇ ਕੌੜਾ ਮੱਲ ਨੇ ਰਾਵੀ ਦੇ ਕੰਢੇ ਰੋਸ਼ਨਾਈ ਦਰਵਾਜ਼ੇ ਪਾਸ ਬਾਦਸ਼ਾਹੀ ਮਸੀਤ ਦੇ ਹੇਠਲੇ ਪਾਸੇ ਫ਼ਾਜ਼ਲ ਖ਼ਾਨ ਦੇ ਬਾਗ਼ ਦੇ ਲਾਗੇ ਆ ਡੇਰਾ ਲਾਇਆ। ਕੌੜਾ ਮੱਲ ਦੇ ਲਾਹੌਰ ਪੁੱਜ ਜਾਣ ਪਰ ਮੀਰ ਮੰਨੂੰ ਦੇ ਦਿਲ ਨੂੰ ਸ਼ਾਂਤੀ ਹੋ ਗਈ ਤੇ ਉਸ ਬਾਗ਼ ਵਿੱਚ ਸੈਰ ਕਰਨ ਗਏ ਨੇ ਕੌੜਾ ਮੱਲ ਨਾਲ ਸਲਾਹ ਮਸ਼ਵਰਾ ਕੀਤਾ ਤੇ ਦੋਨੋਂ ਅਕੱਠੇ ਮਸਤੀ ਦਰਵਾਜ਼ੇ ਰਾਹੀਂ ਸ਼ਹਿਰ ਅੰਦਰ ਦਾਖ਼ਲ ਹੋਏ। ਹਾਰੂੰ ਖ਼ਾਨ ਕੌੜਾ ਮੱਲ ਦੀਆਂ ਫ਼ੌਜਾਂ ਤੇ ਜੰਗੀ ਸਾਜ਼ ਸਾਮਾਨ ਨੂੰ ਦੇਖ ਕੇ ਘਬਰਾਇਆ ਤੇ ਹੈਰਾਨ ਹੋਇਆ ਕਿ ਇਥੇ ਇੱਕ ਹਿੰਦੂ ਦੀ ਇਤਨੀ ਸ਼ਾਨ ਸ਼ੌਕਤ ਹੈ।

ਇਸ ਵੇਲੇ ਦੁੱਰਾਨੀ ਦੀ ਪੰਜਾਬ ਉੱਤੇ ਚੜ੍ਹਾਈ ਦੀਆਂ ਖ਼ਬਰਾਂ ਬੜੇ ਜ਼ੋਰਾਂ ਤੇ ਸਨ। ਸ਼ਹਿਰ ਲਾਹੌਰ ਵਿੱਚ ਬਲਕਾ ਮਚਿਆ ਹੋਇਆ ਸੀ ਤੇ ਲੋਕੀਂ ਸ਼ਹਿਰੋਂ ਭੱਜ ਜਾਣ ਦਾ ਖ਼ਿਆਲ ਕਰ ਰਹੇ ਸਨ। ਇਨ੍ਹਾਂ ਘਬਰਾਹਟ ਭਰੇ ਹਾਲਾਤ ਵਿਚ, ਜਦ ਕਿ ਦੂਸਰੇ ਪਾਸੇ ਦੁੱਰਾਨੀ ਫ਼ੌਜਾਂ ਪੰਜਾਬ ਦੀ ਸਰਹੱਦ ਉੱਤੇ ਆ ਅਕੱਠੀਆਂ ਹੋਈਆਂ ਸਨ, ਏਲਚੀ ਹਾਰੂੰ ਖ਼ਾਨ ਨਾਲ ਕੀ ਫੈਸਲਾ ਹੋ ਸਕਣਾ ਸੀ।†

## ਅਹਿਮਦ ਸ਼ਾਹ ਦੁੱਰਾਨੀ ਦੀ ਚੜ੍ਹਾਈ

ਨਵੰਬਰ ੧੭੫੧ ਦੇ ਅਖ਼ੀਰਲੀ ਦਿਨੀਂ ਖ਼ੁਦ ਅਹਿਮਦ ਸ਼ਾਹ ਅਬਦਾਲੀ ਭੀ ਪਿਸ਼ਾਵਰ ਆ ਪੁੱਜਾ। ਇਸ ਵੇਲੇ ਸਰਦਾਰ

---

*ਪੇਸ਼ਵਾ ਦਫ਼ਤਰ (ਪਰਸ਼ੀਅਨ), ਮਿੱਸਲੇਨੀਅਸ ਪੇਪਰਜ਼, ਪੰ: ੮-੯।

†ਪੇਸ਼ਵਾ ਦਫ਼ਤਰ (ਪਰਸ਼ੀਅਨ) ੬-੯; ਉਮਦਾ-ਤੁ-ਤਵਾਰੀਖ਼, ਦਫ਼ਤਰ ਪਹਿਲਾ, ੧੩੨-੩੩।



Digitized by Panjab Digital Library | www.panjabdigilib.org

ਅਬਦੁਸਮੱਦ ਖ਼ਾਨ ਤੇ ਜਹਾਨ ਖ਼ਾਨ ਅੱਗੇ ਹੀ ਰੋਹਤਾਸ ਲਾਗੇ ਪੁੱਜੇ ਹੋਏ ਸਨ ਤੇ ਅਹਿਮਦ ਸ਼ਾਹ ਦੀ ਉਡੀਕ ਕਰ ਰਹੇ ਸਨ। ੧੧ ਮੁਹੱਰਮ ੧੧੬੫ ਹਿਜਰੀ, ੧ ਦਸੰਬਰ ੧੭੫੧, ਦੀ ਖ਼ਬਰ ਹੈ ਕਿ ਇਸ ਵੇਲੇ ਤੱਕ ਦੁਰਾਨੀ ਪਿਸ਼ਾਵਰ ਸੀ। ਜਿਸ ਵੇਲੇ ਮੀਰ ਮੰਨੂੰ ਨੂੰ ਦੁੱਰਾਨੀ ਦੇ ਪਿਸ਼ਾਵਰੋਂ ਅੱਗੇ ਨੂੰ ਹਿੱਲਣ ਦੀ ਖਬਰ ਪੁੱਜੀ ਤਾਂ ਮੰਨੂੰ ਨੇ ਲਾਹੌਰੋਂ ਹੋਰ ਮੁਗ਼ਲ ਫ਼ੌਜ ਤੇ ਤੋਪਖਾਨਾ ਰਾਵੀਓਂ ਪਾਰ ਭੇਜ ਦਿੱਤਾ। ਮਹਾਰਾਜਾ ਕੌੜਾ ਮੱਲ ਦਾ ਡੇਰਾ ਇਸ ਵੇਲੇ ਸ਼ਾਹਦਰੇ ਦੇ ਲਾਗੇ ਸੀ ਤੇ ਕੁਝ ਸਿੰਘਾਂ ਨੂੰ ਆਪਣੀ ਸਹਾਇਤਾ ਲਈ ਬੁਲਾਇਆ ਸੀ।

ਸਰਹੱਦ ਤੇ ਪੁੱਜ ਕੇ ਅਹਿਮਦ ਸ਼ਾਹ ਨੇ ਮੰਨੂੰ ਨੂੰ ਚਿੱਠੀ ਲਿਖੀ ਕਿ ਮੈਂ ਤੇਰੀ ਵੱਲੋਂ ਸੁਲਾਹ-ਨਾਮੇ ਦੀ ਬਰਖ਼ਿਲਾਫ਼ੀ ਦੇ ਕਾਰਣ ਆਇਆ ਹਾਂ, ਜੇ ਤੂੰ ਪਿਛਲੇ ਤਿੰਨਾਂ ਸਾਲਾਂ ਦਾ ਚਾਰ ਮਹਾਲ ਦਾ ਮਾਮਲਾ ੨੪ ਲੱਖ ਰੁਪਇਆ ਭੇਜ ਦੇਵੇਂ ਤਾਂ ਮੈਂ ਮੁੜ ਜਾਵਾਂਗਾ। ਮੰਨੂੰ ਨੇ ਜਵਾਬ ਦਿੱਤਾ ਕਿ ਪਹਿਲੇ ਦੋ ਸਾਲਾਂ ਦਾ ਮਾਮਲਾ ਤਾਂ ਨਾਸਰ ਖ਼ਾਨ ਲੈ ਕੇ ਭੱਜ ਗਿਆ ਹੈ, ਮੈਂ ਤਾਂ ਕੇਵਲ ਇੱਕ ਸਾਲ ਦਾ ਹੀ ਦੇ ਸਕਦਾ ਹਾਂ ਜਦੋਂ ਕਿ ਇਹ ਚਾਰ ਮਹਾਲ ਸਿੱਧੇ ਮੇਰੇ ਹੇਠਾਂ ਰਹੇ ਹਨ। ਦੁੱਰਾਨੀ ਇਹ ਕਦ ਮੰਨਣ ਵਾਲਾ ਸੀ ? ਉਸ ਨੇ ਪਹਿਲੇ ਦੋਨਾਂ ਹੱਲਿਆਂ ਵੇਲੇ ਨਾਲੋਂ ਜ਼ਿਆਦਾ ਚਾਲੀ ਪੰਜਾਹ ਹਜ਼ਾਰ ਦੁੱਰਾਨੀ, ਕਜ਼ਲਬਾਸ਼, ਉਜ਼ਬਕ ਆਦਿ ਸਵਾਰਾਂ ਦੀ ਫ਼ੌਜ ਨਾਲ ਕੂਚ ਕਰ ਦਿੱਤਾ।

੨੧ ਮੁਹੱਰਮ, ੧੧ ਦਸੰਬਰ, ਨੂੰ ਮੀਰ ਮੰਨੂੰ ਨੇ ਦਰਵੇਸ਼ਾਂ ਤੇ ਪੀਰਜ਼ਾਦਿਆਂ, ਅਤੇ ਖ਼ਾਨਗਾਹਾਂ ਤੇ ਬਜ਼ੁਰਗਾਂ ਦਿਆਂ ਮਜ਼ਾਰਾਂ ਦੀ ਜ਼ਿਆਰਤ ਕੀਤੀ ਤੇ ਨਜ਼ਰਾਂ ਭੇਟ ਕੀਤੀਆਂ ਤੇ ਦੂਸਰੇ ਦਿਨ ਤੁਰਨ ਵੇਲੇ ਇੱਕ ਹਾਥੀ, ਇਕ ਘੋੜਾ, ਇਕ ਮੱਝ ਖੈਰਾਤ ਕੀਤੀ ਤੇ ਲਾਹੌਰੋਂ ਲੜਾਈ ਲਈ ਤਿਆਰ ਹੋ ਕੇ ਸ਼ਾਹਦਰੇ ਡੇਰਾ ਕੀਤਾ। ਇਸ ਵੇਲੇ



Digitized by Panjab Digital Library | www.panjabdigilib.org

ਮਹਾਰਾਜਾ ਕੌੜਾ ਮੱਲ ਅੱਗੇ ਹੀ ਸ਼ਾਹਦਰੇ ਮੌਜੂਦ ਸੀ ਤੇ ਵੱਖਰੀ ਫ਼ੌਜ ਦੀ ਕਮਾਨ ਕਰ ਰਿਹਾ ਸੀ। ਉਸ ਨੇ ਨਵਾਬ ਸਾਹਿਬ ਦੇ ਉਤਾਰੇ ਵੇਲੇ ਕੁਝ ਨਕਦੀ ਪੇਸ਼ ਕੀਤੀ।

ਜਦ ਦੁੱਰਾਨੀ ਸਿੰਧ ਦੇ ਕੰਢੇ ਪੁੱਜਾ ਤਾਂ ਮੀਰ ਮੰਨੂੰ ਨੇ ਚਾਰ ਮਹਾਲ ਦੇ ਮਾਮਲੇ ਵਜੋਂ ਨੌਂ ਲੱਖ ਰੁਪਇਆ ਉਸ ਨੂੰ ਭੇਜ ਦਿੱਤਾ। ਦੁੱਰਾਨੀ ਨੇ ਰੁਪਇਆ ਭੀ ਲੈ ਲਿਆ ਅਤੇ ਅੱਗੇ ਨੂੰ ਭੀ ਵਧੀ ਚਲਾ ਆਇਆ।

੨੪ ਮੁਹੱਰਮ, ੧੪ ਦਸੰਬਰ, ਨੂੰ ਪਤਾ ਲੱਗਾ ਕਿ ਅਬਦਾਲੀ ਅਚਾਣਕ ਹੀ ਰੋਹਤਾਸੋਂ ਕੂਚ ਕਰ ਕੇ ਐਮਨਾਬਾਦ ਆ ਪੁੱਜਾ ਹੈ। ਹੁਣ ਮੰਨੂੰ ਨੇ ਆਪਣਾ ਟੱਬਰ ਕਬੀਲਾ ਜੰਮੂ ਭੇਜ ਦਿੱਤਾ ਤੇ ਇਵਜ਼ ਖ਼ਾਨ ਨੂੰ ਲਾਹੌਰ ਵਿੱਚ ਆਪਣਾ ਨਾਇਬ ਨਿਯਤ ਕਰ ਕੇ ਆਪ ਦੁੱਰਾਨੀ ਦਾ ਟਾਕਰਾ ਕਰਨ ਲਈ ਸਵਾਰ ਤੇ ਪਿਆਦਾ ਫ਼ੌਜ ਅਤੇ ਤੋਪਾਂ ਲੈ ਕੇ ਨਿਕਲ ਪਿਆ। ਚਾਰ ਕੋਹ ਅੱਗੇ ਜਦ ਬਲਖ਼ੀਆਂ ਦੀ ਸਰਾਂ ਕੋਲ ਡੇਰਾ ਕੀਤਾ ਤਾਂ ਪਤਾ ਲੱਗਾ ਕਿ ਦੁੱਰਾਨੀ ਫ਼ੌਜ ਦੇ ਮੁਹੈਲ ਦਸਤੇ ਐਮਨਾਬਾਦੋਂ ਉਰੇ ਵਜ਼ੀਰਾਬਾਦ ਦੇ ਲਾਗੇ ਪਿੰਡ ਕੋਟਲਾ ਸੱਯਦਾਂ ਵਿੱਚ ਡੇਰੇ ਪਾਈ ਬੈਠੇ ਹਨ। ਇਹ ਭੀ ਖ਼ਬਰ ਪੁੱਜੀ ਕਿ ਐਮਨਾਬਾਦ ਰੋਹਤਾਸ ਤੇ ਅਟਕ ਦੇ ਲੋਕੀਂ ਦੁੱਰਾਨੀ ਤੋਂ ਡਰਦੇ ਮਾਰੇ ਭੱਜ ਗਏ ਹਨ ਤੇ ਲਾਹੌਰ ਦੇ ਕੁਝ ਸ਼ਹਿਰੀ ਭੀ ਪਹਾੜਾਂ ਨੂੰ ਚੜ੍ਹੀ ਜਾ ਰਹੇ ਹਨ।

੪ ਸਫ਼ਰ, ੨੪ ਦਸੰਬਰ, ਤੱਕ ਮੀਰ ਮੰਨੂੰ ਦਾ ਡੇਰਾ ਬਲਖ਼ੀਆਂ ਦੀ ਸਰਾਂ ਦੇ ਲਾਗੇ ਹੀ ਸੀ, ਤੇ ਦੁੱਰਾਨੀ ਦਾ ਏਲਚੀ ਹਾਰੂੰ ਖ਼ਾਨ ਭੀ ਉਸ ਦੇ ਨਾਲ ਹੀ ਸੀ। ਮੰਨੂੰ ਨੇ ਹਾਰੂੰ ਖ਼ਾਨ ਨੂੰ ਕਿਹਾ ਕਿ ਅਬਦਾਲੀ ਅਹਿਦਨਾਮੇ ਦੇ ਵਿਰੁੱਧ ਚੜ੍ਹੀ ਆ ਰਿਹਾ ਹੈ, ਇਹ ਕਿਧਰ ਦੀ ਮੁਸਲਮਾਨੀ ਹੈ ? ਮੈਂ ਕੇਵਲ ਆਪਣੇ ਸ਼ਹਿਰ ਦੀ ਰਾਖੀ ਲਈ



Digitized by Panjab Digital Library | www.panjabdigilib.org

ਬਾਹਰ ਨਿਕਲਿਆ ਹਾਂ। ਇਸ ਤੋਂ ਪਿੱਛੋਂ ਮਹਾਰਾਜਾ ਕੌੜਾ ਮੱਲ ਨੇ ਹਾਰੂੰ ਖ਼ਾਨ ਦਾ ਹੱਥ ਫੜ ਕੇ ਕੁਝ ਜ਼ਰੂਰੀ ਗੱਲਾਂ ਕਹੀਆਂ। ਏਲਚੀ ਨੇ ਬਹੁਤ ਕੁਝ ਅਦਲ ਬਦਲ ਦੇ ਬਾਦ ਦੋ ਸਵਾਰ ਮਹਾਰਾਜਾ ਕੌੜਾ ਮੱਲ ਵਲੋਂ ਤੇ ਇੱਕ ਆਪਣੀ ਵਲੋਂ ਕੁਝ ਕਾਗਜ਼ ਪੱਤ੍ਰ ਦੇ ਕੇ ਜਹਾਨ ਖ਼ਾਨ ਪਾਸ ਭੇਜੇ। ਇਥੇ ਹੀ ਪੀਰਜ਼ਾਦਾ ਗ਼ੁਲਾਮ ਮੁਹੰਮਦ ਦਾ ਸਾਥੀ ਸੂਫ਼ੀ ਸ਼ੁਕਰੁੱਲਾ, ਜੋ ਕਿ ਪਹਿਲੋਂ ਜਹਾਨ ਖ਼ਾਨ ਪਾਸ ਗਿਆ ਹੋਇਆ ਸੀ, ਸੁਲਤਾਨ ਅਲੀ ਖ਼ਾਨ ਏਲਚੀ ਦੇ ਨਾਲ ਆਇਆ। ਮੀਰ ਮੰਨੂੰ ਨੇ ਕੌੜਾ ਮੱਲ ਦੇ ਡੇਰੇ ਦੇ ਲਾਗੇ ਤੰਬੂ ਲੁਆ ਕੇ ਉਸ ਨਾਲ ਗੱਲ ਬਾਤ ਕੀਤੀ ਤੇ ਮੁਰਾਦ ਖ਼ਾਨ ਜਮਾਂਦਾਰ ਦੇ ਹਵਾਲੇ ਕਰ ਦਿੱਤਾ। ਪਤਾ ਲੱਗਾ ਕਿ ਅਬਦਾਲੀ ਨੇ ਜੇਹਲਮ ਪਾਰ ਕਰਨ ਪਿੱਛੋਂ ਆਪਣੀ ਫ਼ੌਜ ਨੂੰ ਰੋਹਤਾਸ ਤਬਾਹ ਕਰਨੋਂ ਰੋਕ ਦਿੱਤਾ ਹੈ ਤੇ ਰਹਿਮਤ ਖ਼ਾਨ ਨੂੰ ਸਿਆਲਕੋਟ ਦੀ ਰਾਖੀ ਲਈ ਭੇਜ ਦਿੱਤਾ ਹੈ।

ਜਦ ਮੀਰ ਮੰਨੂੰ ਨੂੰ ਪਤਾ ਲੱਗਾ ਕਿ ਦੁੱਰਾਨੀ ਸ਼ਾਹ ਦੌਲੇ ਦੇ ਪੁਲ ਤੇ ਆ ਪੁੱਜਾ ਹੈ ਤਾਂ ਉਸ ਨੇ ਭੀ ਆਪਣਾ ਤੋਪਖਾਨਾ ਸ਼ਾਹ ਦੌਲੇ ਦੇ ਪੁਲ ਤੇ ਬੀੜ ਦਿੱਤਾ ਤੇ ਕਦੀ ਕਦੀ ਇੱਕੀਆਂ ਦੁੱਕੀਆਂ ਛੋਟੀਆਂ ਛੋਟੀਆਂ ਝੜਪਾਂ ਹੋਣੀਆਂ ਸ਼ੁਰੂ ਹੋ ਗਈਆਂ।

ਜਿਸ ਵੇਲੇ ਅਹਿਮਦ ਸ਼ਾਹ ਨੇ ਵੇਖਿਆ ਕਿ ਏਥੇ ਕਾਮਯਾਬੀ ਦੀ ਕੋਈ ਆਸ ਨਹੀਂ ਤਾਂ ਉਸ ਨੇ ਇਕ ਚਾਲਾਕੀ ਕੀਤੀ। ਆਪਣਾ ਕੈਂਪ ਮੰਨੂੰ ਦੇ ਕੈਂਪ ਦੇ ਸਾਮ੍ਹਣੇ ਹੀ ਲੱਗਾ ਛੱਡ ਕੇ ਇਕ ਹਲਕੀ ਫ਼ੌਜ ਨਾਲ ਇੱਕ ਬੜਾ ਚੱਕਰ ਲਾ ਕੇ ਅਚਾਨਕ ਹੀ ਲਾਹੌਰ ਆ ਪੁੱਜਾ ਤੇ ਸ਼ਾਹ ਬਲਾਵਲ ਡੇਰਾ ਲਾ ਕੇ ਇਰਦ ਗਿਰਦ ਦੀਆਂ ਆਬਾਦੀਆਂ ਤੇ ਘਰ ਲੁੱਟ ਲਏ। ਦਸ ਕੁ ਹਜ਼ਾਰ ਸਵਾਰਾਂ ਨਾਲ ਦੁੱਰਾਨੀ ਦੇ ਫ਼ੌਜੀ ਅਫ਼ਸਰ ਜਹਾਨ ਖ਼ਾਨ ਨੇ ਫ਼ੈਜ਼ ਬਾਗ਼ ਆ ਕਾਬੂ ਕੀਤਾ। ਮੀਰ ਮੰਨੂੰ ਬੜੀ ਤੇਜ਼ੀ ਨਾਲ ਲਾਹੌਰ ਨੂੰ ਮੁੜਿਆ ਤੇ



Digitized by Panjab Digital Library | www.panjabdigilib.org

ਰਾਜ-ਘਾਟ ਪੱਤਣ ਉੱਤੇ ਡੇਰਾ ਕਰ ਕੇ ਮਹਾਰਾਜਾ ਕੌੜਾ ਮੱਲ ਬਹਾਦੁਰ ਨੂੰ ਹੁਕਮ ਦਿੱਤਾ ਕਿ ਤੁਸੀਂ ਤਾਂ ਲਾਹੌਰ ਸ਼ਹਿਰ ਦੀ ਹਿਫ਼ਾਜ਼ਤ ਕਰੋ ਅਤੇ ਖ਼੍ਵਾਜਾ ਮਿਰਜ਼ਾ ਜਾਨ ਤੇ ਇਸਮਾਈਲ ਖ਼ਾਨ ਨੂੰ ਭੇਜਿਆ ਕਿ ਜਹਾਨ ਖ਼ਾਨ ਪਾਸੋਂ ਬਾਗ਼ ਖ਼ਾਲੀ ਕਰਵਾਉਣ। ਮਿਰਜ਼ਾ ਜਾਨ ਨੇ ਨੌਂ ਸੌ ਮੁਗ਼ਲੀਆ ਫ਼ੌਜੀਆਂ ਨਾਲ ਦਸ ਹਜ਼ਾਰ ਦੁੱਰਾਨੀਆਂ ਦੇ ਨਾਲ ਜਾ ਟੱਕਰ ਲਾਈ ਤੇ ਮਾਰ ਮਾਰ ਕੇ ਅੱਧ ਕੋਹ ਪਿੱਛੇ ਧੱਕ ਦਿੱਤਾ। ਜਹਾਨ ਖ਼ਾਨ ਮੁਕਾਬਲਾ ਨਾ ਕਰ ਸਕਣ ਕਰਕੇ ਫ਼ੈਜ਼ ਬਾਗ਼ ਖਾਲੀ ਕਰ ਗਿਆ ਤੇ ਦੂਸਰੇ ਦਿਨ ਸ਼ਾਲਾਮਾਰ ਬਾਗ਼ ਦੀ ਤਰਫ਼ ਜਾ ਡੇਰਾ ਕੀਤਾ।

ਮੰਨੂੰ ਨੇ ਰਾਤੋ ਰਾਤ ਤੋਪਖਾਨਾ ਤੇ ਬਹੀਰ ਰਾਵੀਓਂ ਪਾਰ ਕੀਤੇ ਤੇ ਸਵੇਰੇ ਸਾਰੇ ਮੋਰਚੀਂ ਹੋ ਬੈਠੇ। ਇਕ ਪਹਿਰ ਦਿਨ ਚੜ੍ਹੇ ਦੁੱਰਾਨੀ ਚਪੌਲ ਮੰਨੂੰ ਦੀ ਕਹੀ ਤੇ ਆ ਪਿਆ। ਇਧਰੋਂ ਸੱਯਦ ਜਮੀਲੁ-ਦੀਨ ਖ਼ਾਨ, ਅਦੀਨਾ ਬੇਗ਼ ਖ਼ਾਨ ਮਹਿਦੀ ਅਲੀ ਖ਼ਾਨ ਤੇ ਮਹਾਰਾਜਾ ਕੌੜਾ ਮੱਲ ਬਹਾਦੁਰ ਸਵਾਰ ਹੋ ਕੇ ਮੁਕਾਬਲੇ ਤੇ ਜਾ ਪੁੱਜੇ। ਇੱਕ ਪਹਿਰ ਤੱਕ ਤੀਰ ਤੇ ਬੰਦੂਕ ਦੀ ਲੜਾਈ ਹੋਈ ਤੇ ਦੁੱਰਾਨੀ ਆਪਣੇ ਤੰਬੂਆਂ ਨੂੰ ਮੁੜ ਗਏ ਤੇ ਇਹ ਭੀ ਡੇਰੀਂ ਆ ਗਏ। ਦੁੱਰਾਨੀ ਇੱਧਰ ਦੇ ਦਸ ਆਦਮੀ ਕੈਦ ਕਰ ਕੇ ਲੈ ਗਏ ਤੇ ਇਹ ਦੁੱਰਾਨੀਆਂ ਦੇ ਸਤ ਬੰਦੇ ਬੰਨ੍ਹ ਲਿਆਏ। ਲੜਾਈ ਹੁਣ ਅਧਵਾਟੇ ਲਟਕ ਗਈ। ਤੋਪਖਾਨਾ ਘੱਟ ਹੋਣ ਕਰਕੇ ਅਹਿਮਦ ਸ਼ਾਹ ਮੀਰ ਮੰਨੂੰ ਨੂੰ ਮੋਰਚਿਆਂ 'ਚੋਂ ਕਢ ਕੇ ਲਾਹੌਰ ਉੱਤੇ ਹੱਲਾ ਕਰਨ ਜੋਗਾ ਨਹੀਂ ਸੀ ਅਤੇ ਨਾ ਹੀ ਮੀਰ ਮੰਨੂੰ ਛੇਤੀ-ਹਿੱਲ-ਸਕਣ-ਵਾਲੀ ਫ਼ੌਜ ਥੋੜੀ ਹੋਣ ਕਰ ਕੇ ਦੁੱਰਾਨੀਆਂ ਨਾਲ ਸਾਮ੍ਹਣੇ ਨਿੱਕਲ ਕੇ ਇੱਕ ਟੁੱਕ ਲੜਾਈ ਕਰ ਸਕਦਾ ਸੀ। ਹਾਂ ਕਦੀ ਕਦੀ ਝੜਪਾਂ ਹੋ ਜਾਂਦੀਆਂ ਸਨ, ਪਰ ਫੈਸਲਾ ਕੋਈ ਨਹੀਂ ਹੁੰਦਾ ਸੀ। ਇਹ ਦੇਖ ਕੇ ਦੁੱਰਾਨੀ ਨੇ



Digitized by Panjab Digital Library | www.panjabdigilib.org

ਆਪਣੇ ਮੁਸ਼ੀਰਾਂ ਨਾਲ ਸਲਾਹ ਕੀਤੀ ਤੇ ਮੁਲਕ ਉਜਾੜਣਾ ਸ਼ੁਰੂ ਕਰ ਦਿੱਤਾ ਅਤੇ ਇਰਦ ਗਿਰਦ ਚਾਲੀ ਕੋਹਾਂ ਤੱਕ ਦੇਸ ਲੁੱਟ ਪੁੱਟ ਕੇ ਬਰਬਾਦ ਕਰ ਦਿੱਤਾ। ਲਾਹੌਰੋਂ ਤਿੰਨ ਤਿੰਨ ਮੰਜ਼ਲਾ ਆਲੇ ਦੁਆਲੇ ਕਿਤੇ ਦੀਵਾ ਬਲਦਾ ਨਹੀਂ ਸੀ ਦਿਸਦਾ। ਇਤਨਾ ਕਾਲ ਪੈ ਗਿਆ ਕਿ ਰੁਪਏ ਦਾ ਦੋ ਸੇਰ ਆਟਾ ਲਾਹੌਰੀ ਤੋਲ ਦਾ ਵਿਕ ਗਿਆ। ਖ਼ਲਕਤ ਨੂੰ ਭੈਜਲ ਪੈ ਗਿਆ ਤੇ ਬੇ-ਸ਼ੁਮਾਰ ਲੋਕੀਂ ਭੁੱਖ ਨਾਲ ਮਰ ਗਏ। ਤੂੜੀ ਤਾਂ ਰੁਪਏ ਦੀ ਦੋ ਸੇਰ ਭੀ ਨਾ ਮਿਲੀ ਤੇ ਫ਼ੌਜੀਆਂ ਨੇ ਘੋੜਿਆਂ ਨੂੰ ਘਾ ਪੱਠੇ ਦੀ ਥਾਂ ਬੋਰੀਆਂ, ਦਸ ਦਸ ਵਰ੍ਹੇ ਦਾ ਪੁਰਾਣਾ ਫੂਸ ਅਤੇ ਛੱਪਰ ਤੋੜ ਤੋੜ ਕੇ ਚਾਰ ਦਿੱਤੇ।*

## *ਮਹਾਰਾਜਾ ਕੌੜਾ ਮੱਲ ਨੇ ਸਿੰਘਾਂ ਨੂੰ ਮਦਦ ਲਈ ਸੱਦਣਾ*

੧੧ ਮੁਹੱਰਮ ੧੧੬੫ ਹਿਜਰੀ, ੧ ਦਸੰਬਰ ੧੭੫੧ ਈ:, ਦੀ ਖਬਰ ਅਨੁਸਾਰ ਉੱਪਰ ਦੱਸਿਆ ਜਾ ਚੁੱਕਾ ਹੈ ਕਿ ਅਹਿਮਦ ਸ਼ਾਹ ਦੇ ਆਉਣ ਪਰ ਮਹਾਰਾਜਾ ਕੌੜਾ ਮੱਲ ਨੇ ਲੜਾਈ ਦਾ ਬਹੁਤ ਸਾਰਾ ਭਾਰ ਆਪਣੇ ਮੋਢਿਆਂ ਤੇ ਪੈਂਦਾ ਦੇਖ ਕੇ ਸਿੰਘਾਂ ਨੂੰ ਸਹਾਇਤਾ ਲਈ ਬੁਲਾਇਆ ਸੀ ਤੇ ਲਿਖਿਆ ਸੀ ਕਿ ਜਿਵੇਂ ਹੋ ਸਕੇ ਤੁਸੀਂ ਗਿਲਜਿਆਂ ਨੂੰ ਮਾਰ ਹਟਾਓ, ਮੈਂ ਖਰਚ ਪੱਠਾ, ਦਾਰੂ ਸਿੱਕਾ ਤੇ ਹੋਰ ਟਕੇ ਦੇਣ ਨੂੰ ਤਿਆਰ ਹਾਂ। ਮੀਰ ਮੰਨੂੰ ਪਾਸੋਂ ਭੀ ਲਿਖਵਾ ਘੱਲਿਆ ਕਿ ਇਸ ਗਨੀਮ ਨੂੰ ਪਿੱਛੇ ਮੋੜ ਕੇ ਅਸੀਂ ਤੁਸੀਂ ਗੱਲ-ਬਾਤ ਕਰ ਲਵਾਂਗੇ। ਉਹ ਅਲਾਕੇ ਜੋ ਸਾਡੇ ਪਾਸੋਂ ਆਕੀ ਹਨ, ਤੁਸੀਂ ਮੱਲ

---

*ਤਹਿਮਾਸ ਖ਼ਾਨ, ਤਹਿਮਾਸ ਨਾਮਾ, ੧੦; ਤਾਰੀਖ਼ਿ ਅਹਿਮਦ ਸ਼ਾਹੀ, ੩੦; ਮੁਹੰਮਦ ਸਾਲਿਹ ਕੁਦਰਤ, ਤਾਰੀਖ਼ਿ ਆਲੀ, ੧੭੭; ਖੁਸ਼ਵਕਤ ਰਾਏ, ਤਾਰੀਖ਼ਿ ਸਿੱਖਾਂ, ੬੯–੭੦; ਪ੍ਰਿੰਸਪ, ਮਹਾਰਾਜਾ ਰਣਜੀਤ ਸਿੰਘ, ੧੧।



Digitized by Panjab Digital Library | www.panjabdigilib.org

ਲੈਣੇ; ਜਦ ਬੰਦਾ ਸਿੰਘ ਬਹਾਦੁਰ ਨੇ ਪਹਾੜੀ ਮੁਲਖ ਤੇ ਕਬਜ਼ਾ ਕੀਤਾ ਸੀ, ਉਸ ਤੋਂ ਬਾਦ ਮੁਗ਼ਲ ਹਕੂਮਤ ਨੂੰ ਮਾਮਲੇ ਦੀ ਕੋਈ ਉਗ੍ਰਾਹੀ ਨਹੀਂ ਹੋਈ, ਤੇ ਉਧਰ ਗਏ ਸਿੰਘਾਂ ਨੂੰ ਇਨ੍ਹਾਂ ਪਹਾੜੀਆਂ ਨੇ ਖ਼੍ਵਾਰ ਕੀਤਾ ਸੀ (–ਇਸ ਗੱਲ ਨਾਲ ਮੀਰ ਮੰਨੂੰ ਦਾ ਇਸ਼ਾਰਾ ਸ਼ਾਇਦ ਯਾਹੀਆ ਖ਼ਾਨ ਦੇ ਜ਼ਮਾਨੇ ਸਿੰਘਾਂ ਨਾਲ ਪਹਿਲੇ ਘੱਲੂ-ਘਾਰੇ ਵੇਲੇ ਪਹਾੜੀਆਂ ਵੱਲੋਂ ਹੋਈ ਬੇ-ਰਹਿਮੀ ਦੇ ਵਾਕਿਆਤ ਵਲ ਸੀ–), ਇਸ ਲਈ ਇਨ੍ਹਾਂ ਦਾ ਮੁਲਕ ਭੀ ਤੁਸੀਂ ਮੱਲ ਲੈਣਾ ਤੇ ਪੜੋਲ, ਕਠੂਹਾ ਤੇ ਬਸੋਹਲੀ ਆਦਿ ਸਾਰੀ ਦੂਨ ਤੋਂ ਆਪਣੇ ਬਦਲੇ ਲੈ ਲੈਣੇ; ਪੈਸੇ ਦੀ ਉਗ੍ਰਾਹੀ ਜਿੰਨੀਂ ਸਾਰੇ ਪੰਜਾਬ ਤੋਂ ਹੁੰਦੀ ਹੈ, ਉਤਨੀ ਦੀ ਹੀ ਪਹਾੜ ਵਿੱਚ ਤਾਬ ਹੈ।

ਸੋ ਸਿੰਘਾਂ ਇਕੱਤ੍ਰ ਹੋ ਕੇ ਵਿਚਾਰ ਕੀਤੀ ਤੇ ਕੌੜਾ ਮੱਲ ਦੀ ਸਹਾਇਤਾ ਲਈ ਅਰਦਾਸ ਕਰ ਕੇ ਤੀਹ ਹਜ਼ਾਰ ਸਿੰਘਾਂ ਨੇ ਕੂਚ ਕੀਤਾ ਤੇ ਉਸ ਨੂੰ ਵਣੀਏਕੇ ਜਾ ਮਿਲੇ। ਪਰ ਇਸ ਵੇਲੇ ਇਨ੍ਹਾਂ ਵਿੱਚ ਆਪਸ ਵਿੱਚ ਹੀ ਬੇ-ਇਤਫ਼ਾਕੀ ਹੋ ਗਈ ਤੇ ਹਰੀ ਸਿੰਘ ਭੰਗੀ ਨੇ ਦਗ਼ੇ ਨਾਲ ਖੁਸ਼ਹਾਲ ਸਿੰਘ ਕੱਕੜ ਰਾਮਗੜ੍ਹੀਏ ਨੂੰ ਮਾਰ ਦਿੱਤਾ। ਇਸ ਗੱਲ ਨੂੰ ਦੂਸਰੇ ਸਾਰੇ ਸਿੰਘਾਂ ਨੇ ਬਹੁਤ ਬੁਰਾ ਮਨਾਇਆ ਤੇ ਭੰਗੀਆਂ ਦੇ ਡੇਰੇ ਤੇ ਜਾ ਪਏ। ਜਿਸ ਵੇਲੇ ਇਸ ਗੱਲ ਦੀ ਖ਼ਬਰ ਭੰਗੀਆਂ ਨੂੰ ਲੱਗੀ ਤਾਂ ਉਹ ਆਪਣੇ ਜਥੇ ਤੇ ਵਹੀਰ ਲੈ ਕੇ ਮੁੜ ਗਏ, ਜਿਨ੍ਹਾਂ ਦੀ ਗਿਣਤੀ ਦਸ ਹਜ਼ਾਰ ਦੱਸੀਦੀ ਹੈ। ਬਾਕੀ ਸਿੰਘਾਂ ਨੇ ਲਾਹੌਰ ਸ਼ਾਲਾਮਾਰ ਬਾਗ਼ ਦੇ ਪਾਸ ਜਾ ਡੇਰਾ ਕੀਤਾ। ਇੱਥੋਂ ਕੁਝ ਸਿੰਘ ਲਾਹੌਰ ਸ਼ਹਿਰ ਦੇ ਦਰਵਾਜ਼ਿਆਂ ਵੱਲ ਨੂੰ ਆਏ। ਕੀ ਦੇਖਦੇ ਹਨ ਕਿ ਸ਼ਹਿਰ ਦੇ ਬੂਚੜ ਇੱਕ ਗਊ ਨੂੰ ਕੋਹ ਰਹੇ ਹਨ। ਸਿੰਘ ਲੋਕਾਂ ਦੇ ਦਿਲ ਦੁਖਾਉਣ ਵਾਲੀ ਇਸ ਕਾਰਵਾਈ ਨੂੰ ਜਰ ਨਾ ਸਕੇ ਤੇ ਉਨ੍ਹਾਂ ਨੇ ਓਹ ਬੂਚੜ ਸੋਧ ਕੱਢੇ। ਇਸ ਤੋਂ ਬਾਦ



Digitized by Panjab Digital Library | www.panjabdigilib.org

ਸ਼ਹਿਰ ਦੇ ਦਰਵਾਜ਼ਿਆਂ ਪਰ ਹੜਤਾਲ ਹੋ ਗਈ ਤੇ ਮੁਸਲਮਾਨਾਂ ਨੇ ਅਕੱਠੇ ਹੋ ਕੇ ਸਿੰਘਾਂ ਉੱਤੇ ਹੱਲਾ ਬੋਲ ਦਿੱਤਾ ਤੇ ਕੁਝ ਸਿੰਘ ਮਾਰ ਦਿੱਤੇ। ਭਾਵੇਂ ਮਹਾਰਾਜਾ ਕੌੜਾ ਮੱਲ ਨੇ ਛੇਤੀ ਹੀ ਵਿੱਚ ਪੈ ਕੇ ਦੋਹਾਂ ਪਾਸਿਆਂ ਤੋਂ ਫ਼ਸਾਦ ਬੰਦ ਕਰਵਾ ਦਿੱਤਾ, ਪਰ ਸਿੰਘਾਂ ਦਾ ਦਿਲ ਖੱਟਾ ਹੋ ਗਿਆ, ਜੋ ਸਰਦਾਰ ਸੁੱਖਾ ਸਿੰਘ ਮਾੜੀ-ਕੰਬੋ ਵਾਲਿਆਂ ਦੀ ਮੌਤ ਤੋਂ ਬਾਦ ਸ਼ਹਿਰ ਵੱਲ ਨੂੰ ਆਏ ਸਿੰਘਾਂ ਨਾਲ ਸ਼ਹਿਰੀਆਂ ਦੇ ਭੈੜੇ ਸਲੂਕ ਨੇ ਹੋਰ ਭੀ ਖ਼ਰਾਬ ਕਰ ਦਿੱਤਾ।

## *ਸਰਦਾਰ ਸੁੱਖਾ ਸਿੰਘ ਦੀ ਸ਼ਹੀਦੀ*

ਕੌੜਾ ਮੱਲ ਨੇ ਯੱਕੀ ਦਰਵਾਜ਼ੇ ਦਾ ਮੋਰਚਾ ਸਿੰਘਾਂ ਦੇ ਸਪੁਰਦ ਕੀਤਾ। ਇੱਥੋਂ ਤੀਸਰੇ ਪਹਿਰ ਸਰਦਾਰ ਸੁੱਖਾ ਸਿੰਘ ਮਾੜੀ-ਕੰਬੋ ਵਾਲੇ ਰਾਵੀ ਦੇ ਗਾਹਣੋਂ ਪਾਰ ਲੰਘ ਗਏ। ਇਨ੍ਹਾਂ ਦੇ ਮਗਰ ਹੀ ਕੁਝ ਨਿਹੰਗ ਸਿੰਘ ਭੀ ਲੰਘ ਗਏ। ਪਰ ਕਿਸੇ ਏਹ ਖ਼ਿਆਲ ਹੀ ਨਾ ਕੀਤਾ ਕਿ ਕਿਧਰੇ ਝੱਲ ਵਿੱਚ ਗਿਲਜਿਆਂ ਨਾਲ ਟਾਕਰਾ ਹੀ ਨਾ ਹੋ ਪਏ, ਤੇ ਆਪਣੀ ਘੱਟ-ਗਿਣਤੀ ਵੱਲ ਧਿਆਨ ਨਾ ਦਿੱਤਾ ਅਤੇ ਝਾੜੀਆਂ ਵਿੱਚ ਬੇੜੀਆਂ ਤੋਂ ਉੱਤਰ ਪਏ। ਪਾਰ ਦੁੱਰਾਨੀਆਂ ਦੇ ਡੇਰੇ ਉੱਤਰੇ ਹੋਏ ਸਨ। ਸਿੰਘਾਂ ਦਾ ਰੌਲਾ ਸੁਣ ਕੇ ਅਹਿਮਦ ਸ਼ਾਹ ਦੇਖਣ ਲਈ ਝੱਟ ਘੋੜੇ ਤੇ ਸਵਾਰ ਹੋਇਆ ਤੇ ਰਿਸਾਲੇ ਦੇ ਚਾਰ ਦਸਤੇ ਅੱਗੇ ਕਰ ਕੇ ਉਸ ਨੇ ਆਪਣੇ ਆਦਮੀਆਂ ਨੂੰ ਹੱਲਾ ਸ਼ੇਰੀ ਦੇਣ ਲਈ ਲਲਕਾਰਾ ਮਾਰਿਆ ਕਿ ਹਿੰਦ ਸਾਡੇ ਉੱਤੇ ਚੜ੍ਹ ਆਈ ਹੈ ! ਸਿੰਘ ਲੜਨ ਲਈ ਤਿਆਰ ਹੋ ਕੇ ਤਾਂ ਆਏ ਹੀ ਨਹੀਂ ਸਨ, ਤੇ ਸਨ ਭੀ ਬੜੇ ਥੋੜੇ। ਪੋਜ਼ੀਸ਼ਨ ਬੜੀ ਔਖੀ ਸੀ। ਅੱਗੇ ਦੁੱਰਾਨੀਆਂ ਦਾ ਕਟਕ ਤੇ ਪਿੱਛੇ ਦਰਿਆ ਸੀ ਤੇ ਆਲੇ ਦੁਆਲੇ ਕੰਡਿਆਲੀਆਂ ਝਾੜੀਆਂ। ਵੈਰੀ ਦੀ ਗਿਣਤੀ ਜ਼ਿਆਦਾ



Digitized by Panjab Digital Library | www.panjabdigilib.org

ਹੋਣ ਕਰਕੇ ਲੜਾਈ ਕਰਨ ਵਿੱਚ ਸਰਾਸਰ ਨੁਕਸਾਨ ਤੇ ਭੱਜ ਜਾਣ ਵਿੱਚ ਹੇਠੀ ਸੀ। ਦੋਵੇਂ ਪਾਸੇ ਲਾਚਾਰੀ ਦੇਖ ਕੇ ਸੁੱਖਾ ਸਿੰਘ ਨੇ ਖ਼ਾਲਸੇ ਦੀ ਲਾਜ ਰੱਖਣ ਲਈ ਸ਼ਹੀਦ ਹੋਣ ਦੀ ਠਾਣ ਲਈ ਤੇ ਕਿਹਾ ਕਿ ਜਿਸ ਨੂੰ ਜਿੰਦ ਪਿਆਰੀ ਹੈ ਉਹ ਪਿੱਛੇ ਹਟ ਜਾਏ। ਪਰ ਪਿੱਛੇ ਕਿਸ ਹਟਣਾ ਸੀ? ਸਿੰਘਾਂ ਉੱਤ੍ਰ ਦਿੱਤਾ ਕਿ ਅਸੀਂ ਤੁਹਾਡੇ ਨਾਲ ਇੱਕੋ ਸੁਨਹਿਰੇ ਛਕਦੇ ਰਹੇ ਹਾਂ, ਹੁਣ ਸ਼ਹੀਦੀ ਵੇਲੇ ਵੱਖਰੇ ਕਿਵੇਂ ਹੋਈਏ? ਇਤਨੇ ਨੂੰ ਦੁੱਰਾਨੀ ਪੁੱਜ ਗਏ, ਲੜਾਈ ਸ਼ੁਰੂ ਹੋ ਗਈ ਤੇ ਸਿੰਘਾਂ ਨੇ ਘੋੜੇ ਕਟਕ ਵਿੱਚ ਰਲਾ ਕੇ ਬੰਦੂਕ ਤੀਰ ਔਰ ਤਲਵਾਰ, ਜੋ ਭੀ ਕਿਸੇ ਪਾਸ ਸੀ, ਚਲਾਉਣੇ ਸ਼ੁਰੂ ਕਰ ਦਿੱਤੇ। ਸਿੰਘਾਂ ਨੇ ਹਟ ਹਟ ਕੇ ਤੇ ਚਲਦੇ ਚਲਦੇ ਲੜਨ ਦੀ ਥਾਂ ਖੜੇ ਹੋ ਕੇ ਲੜਨਾ ਸ਼ੁਰੂ ਕਰ ਦਿੱਤਾ। ਇਹ ਗੱਲ, ਕਿ ਇਹੋ ਜਿਹੇ ਮੌਕੇ ਤੇ ਉਨ੍ਹਾਂ ਲਈ ਖੜੋ ਕੇ ਲੜਨਾ ਠੀਕ ਨਹੀਂ ਸੀ, ਉਨ੍ਹਾਂ ਨੂੰ ਯਾ ਤਾਂ ਕਾਹਲੀ ਵਿੱਚ ਵਿਸਰ ਗਈ ਯਾ ਇਸ ਦਾ ਮੌਕਾ ਨਹੀਂ ਸੀ। ਖ਼ੈਰ ਫਿਰ ਭੀ ਉਨ੍ਹਾਂ ਨੇ ਦੁੱਰਾਨੀਆਂ ਦੇ ਪਹਿਲੇ ਦਸਤੇ ਦਾ ਮੂੰਹ ਮੋੜ ਦਿੱਤਾ, ਪਰ ਜਦ ਬਾਕੀ ਤਿੰਨੇ ਦਸਤੇ ਉਨ੍ਹਾਂ ਉੱਪਰ ਆ ਪਏ ਤਾਂ ਸਿੰਘ ਆਟੇ ਵਿੱਚ ਲੂਣ ਵੀ ਨਾ ਰਹਿ ਗਏ। ਹੁਣ ਆਖ਼ਰੀ ਵੇਲਾ ਆ ਗਿਆ ਵੇਖ ਕੇ ਸੁੱਖਾ ਸਿੰਘ ਦੇ ਦਿਲ ਵਿੱਚ ਆਈ ਕਿ ਜੇ ਅਹਿਮਦ ਸ਼ਾਹ ਦਾ ਪਤਾ ਲੱਗ ਜਾਏ ਤਾਂ ਉਸ ਨਾਲ ਦੋ ਹੱਥ ਕਰ ਵੇਖੀਏ। ਸੁੱਖਾ ਸਿੰਘ ਝੁੰਜਲਾ ਕੇ ਅੱਗੇ ਵਧਿਆ, ਪਰ ਨਾ ਤਾਂ ਉਸ ਦੀ ਕੋਈ ਬੋਲੀ ਸਮਝਦਾ ਸੀ, ਨਾ ਹੀ ਗਰਦ-ਗੁਬਾਰ ਵਿੱਚ ਕੁਝ ਦਿੱਸਦਾ ਸੀ ਅਤੇ ਨਾ ਹੀ ਕਿਸੇ ਨੇ ਸੁੱਖਾ ਸਿੰਘ ਨੂੰ ਦੁੱਰਾਨੀ ਦਾ ਪਤਾ ਦੱਸਿਆ। ਇਸ ਲਈ ਉਸ ਦਾ ਦਾਉ ਨਾ ਲੱਗਾ ਤੇ ਆਪ ਉੱਥੇ ਸ਼ਹੀਦ ਹੋ ਗਿਆ। ਸੁੱਖਾ ਸਿੰਘ ਦੇ ਸ਼ਹੀਦ ਹੋ ਜਾਣ ਪਰ ਸਿੰਘ ਜਿਸ ਵੇਲੇ ਲਾਹੌਰ ਨੂੰ ਮੁੜੇ ਤਾਂ ਅੱਗਿਓਂ ਲਾਹੌਰੀਆਂ ਨੇ, ਜਿਨ੍ਹਾਂ ਦੀ ਕਿ ਸਹਾਇਤਾ ਲਈ



Digitized by Panjab Digital Library | www.panjabdigilib.org

ਉਹ ਮਰ ਰਹੇ ਸਨ, ਉਨ੍ਹਾਂ ਉੱਪਰ ਤੋਪਾਂ ਦੀ ਸ਼ਲਕ ਚਲਾ ਦਿੱਤੀ। ਦੁਵੱਲਿਓਂ ਦੀ ਮਾਰ ਨੇ ਸਿੰਘਾਂ ਦਾ ਬੜਾ ਨੁਕਸਾਨ ਕੀਤਾ ਤੇ ਮੁਸ਼ਕਲ ਨਾਲ ਡੇਰੇ ਪੁੱਜੇ। ਇਸ ਗੱਲ ਨੇ ਸਿੰਘਾਂ ਦਾ ਦਿਲ ਹੋਰ ਭੀ ਖੱਟਾ ਕਰ ਦਿੱਤਾ, ਤੇ ਉਨ੍ਹਾਂ ਨੇ ਰਾਤ ਨੂੰ ਫੈਸਲਾ ਕਰ ਕੇ ਮਾਝੇ ਵਲ ਨੂੰ ਕੂਚ ਕਰ ਦਿੱਤਾ। ਹੁਣ ਸਿੰਘਾਂ ਦੇ ਉਹ ਜੱਥੇ ਹੀ ਲਾਹੌਰ ਰਹਿ ਗਏ ਜੋ ਸ਼ਾਲਾਮਾਰ ਬਾਗ਼ ਦੇ ਮੋਰਚੀਂ ਬੈਠੇ ਸਨ। ਇਨ੍ਹਾਂ ਨੇ ਲੜਾਈ ਦੇ ਅੰਤ ਤੱਕ ਆਪਣੇ ਮੋਰਚੇ ਕਾਇਮ ਰੱਖੇ ਅਤੇ ਕੌੜਾ ਮੱਲ ਦੀ ਮੌਤ ਦੇ ਬਾਦ ਮੰਨੂੰ ਦੀ ਹਾਰ ਹੋ ਜਾਣ ਪਰ ਹੀ ਪਿੱਛੇ ਹਟੇ।*

## *ਜੰਗੀ ਕੌਂਸਲ-ਮਹਾਰਾਜਾ ਕੌੜਾ ਮੱਲ ਦੀ ਸਲਾਹ*

ਸ਼ਾਹ ਦੌਲੇ ਦੇ ਪੁਲ ਤੇ ਦੁੱਰਾਨੀ ਦੇ ਟਾਕਰੇ ਲਈ ਜਾਣ ਤੋਂ ਲੈ ਕੇ ਹੁਣ ਚੌਥਾ ਮਹੀਨਾ ਚੜ੍ਹ ਪਿਆ ਸੀ, ਪਰ ਕੋਈ ਫੈਸਲਾ ਹੋਣ ਵਿੱਚ ਨਹੀਂ ਆਉਂਦਾ ਸੀ। ਦਿੱਲੀ ਤੋਂ ਕੋਈ ਸਹਾਇਤਾ ਪੁੱਜਣ ਦੀ ਆਸ ਨਹੀਂ ਰਹੀ ਸੀ। ਮੰਨੂੰ ਅਰਜ਼ੀਆਂ ਭੇਜ ਭੇਜ ਕੇ ਥੱਕ ਲੱਥਾ ਸੀ। ਖ਼ੁਦ ਬਾਦਸ਼ਾਹ ਨੇ ਕਈ ਵਾਰੀ ਵਜ਼ੀਰ ਨੂੰ ਲਾਹੌਰ ਦੇ ਸਰਹੱਦੀ ਸੂਬੇ ਦੀ ਹਾਲਤ ਦੇ ਦਿਨੋਂ ਦਿਨ ਖ਼ਰਾਬ ਹੁੰਦੇ ਜਾ ਰਹੇ ਹੋਣ ਕਰਕੇ ਇਸ ਮੁਆਮਲੇ ਵਲ ਛੇਤੀ ਧਿਆਨ ਦੇਣ ਲਈ ਲਿਖਿਆ, ਪਰ ਵਜ਼ੀਰ ਸਫ਼ਦਰਜੰਗ ਨੇ ਕੋਈ ਧਿਆਨ ਨਾ ਦਿੱਤਾ। ਉਹ ਤਾਂ ਮੰਨੂੰ

---

*ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ੪੦੭–੧੧; ਗਿਆਨ ਸਿੰਘ, ਪੰਥ ਪ੍ਰਕਾਸ਼, ੬੯੩–੯੯; ਸ਼ਮਸ਼ੇਰ ਖ਼ਾਲਸਾ ੪੭੪–੫। ਗਿਆਨੀ ਗਿਆਨ ਸਿੰਘ ਅਨੁਸਾਰ ਸਰਦਾਰ ਸੁੱਖਾ ਸਿੰਘ ਅਹਿਮਦ ਸ਼ਾਹ ਦੁੱਰਾਨੀ ਤੇ ਮੀਰ ਮੰਨੂੰ ਦੇ ਆਖ਼ਰੀ ਮਹਿਮੂਦ ਬੂਟੀ ਦੇ ਜੰਗ ਵਿੱਚ ਸ਼ਹੀਦ ਹੋਇਆ ਸੀ, ਪਰ ਮੈਂ ਰਤਨ ਸਿੰਘ ਭੰਗੂ ਦੇ 'ਪ੍ਰਾਚੀਨ ਪੰਥ ਪ੍ਰਕਾਸ਼' ਨੂੰ ਜ਼ਿਆਦਾ ਇਤਬਾਰ-ਯੋਗ ਸਮਝਦਾ ਹਾਂ।



Digitized by Panjab Digital Library | www.panjabdigilib.org

ਨੂੰ ਤਬਾਹ ਹੁੰਦਾ ਦੇਖਣ ਦਾ ਚਾਹਵਾਨ ਸੀ, ਤੇ ਦੂਸਰੇ ਕਿਸੇ ਸਰਦਾਰ ਵਿੱਚ ਇਤਨੀ ਸਮਰਥਾ ਹੀ ਨਹੀਂ ਸੀ ਕਿ ਸਫ਼ਦਰਜੰਗ ਤੋਂ ਬਾਹਰਾ ਹੋ ਕੇ ਮੰਨੂੰ ਦੀ ਸਹਾਇਤਾ ਕਰ ਸਕਦਾ।

ਆਖਰ ਲਾਚਾਰ ਹੋ ਕੇ ਮੰਨੂੰ ਨੇ ਵਿਚਾਰ ਕਰਨ ਲਈ ਜੰਗੀ ਕੌਂਸਲ ਬੁਲਾਈ। ਭਿਖਾਰੀ ਖ਼ਾਨ ਨੇ ਕਿਹਾ ਕਿ ਹਰ ਹਾਲਤ ਵਿੱਚ ਸੁਲਾਹ ਕਰ ਲੈਣੀ ਚਾਹੀਦੀ ਹੈ। ਅਦੀਨਾ ਬੇਗ਼ ਖ਼ਾਨ ਮਿਤ੍ਰਤਾ ਦੇ ਭੇਸ ਵਿੱਚ ਦਗ਼ਾ ਕਮਾਉਣ ਦੀ ਤਾੜ ਵਿੱਚ ਸੀ। ਉਸ ਨੇ ਸਲਾਹ ਦਿੱਤੀ ਕਿ ਹੁਣ ਚੂੰਕਿ ਦਿੱਲੀ ਤੋਂ ਮਦਦ ਦੀ ਕੋਈ ਆਸ ਨਹੀਂ ਰਹੀ, ਅਤੇ ਜੇ ਘੇਰਾ ਜ਼ਿਆਦਾ ਦੇਰ ਵਧਦਾ ਗਿਆ ਤਾਂ ਥੋੜੇ ਦਿਨਾਂ ਵਿੱਚ ਹੀ ਦਾਣਾ ਪੱਠਾ ਬਿਲਕੁਲ ਖ਼ਤਮ ਹੋ ਜਾਏਗਾ, ਇਸ ਲਈ ਸਾਨੂੰ ਮੋਰਚਿਆਂ ਤੋਂ ਬਾਹਰ ਨਿਕਲ ਕੇ ਮੈਦਾਨ ਵਿੱਚ ਲੜਾਈ ਕਰ ਵੇਖਣੀ ਚਾਹੀਦੀ ਹੈ। ਮਹਾਰਾਜਾ ਕੌੜਾ ਮੱਲ ਇਸ ਸਲਾਹ ਦੇ ਹੱਕ ਵਿੱਚ ਨਹੀਂ ਸੀ। ਉਸ ਨੇ ਕਿਹਾ ਕਿ ਨਵੀਂ ਭਰਤੀ ਹੋਈ ਹੋਈ ਲਾਹੌਰੀ ਸੈਨਾ ਇਸ ਵੇਲੇ ਦੁੱਰਾਨੀ ਦੇ ਲੜਾਈਆਂ ਵਿੱਚ ਹੰਢੇ ਹੋਏ ਸਿਪਾਹੀਆਂ ਦੇ ਮੁਕਾਬਲੇ ਦੀ ਨਹੀਂ ਹੈ। ਬਾਕੀ ਰਹੀ ਦਾਣੇ ਪੱਠੇ ਦੀ ਗੱਲ। ਦੂਰ ਦੂਰ ਤੋਂ ਘਾ ਪੱਠਾ ਅਕੱਠਾ ਕੀਤਾ ਜਾ ਚੁੱਕਾ ਹੈ ਤੇ ਦੇਸ ਉਜਾੜ ਪਿਆ ਹੈ, ਇਸ ਲਈ ਦਾਣੇ ਪੱਠੇ ਦੀ ਤਕਲੀਫ਼ ਸਾਡੇ ਨਾਲੋਂ ਦੁੱਰਾਨੀਆਂ ਦੇ ਕੈਂਪ ਵਿੱਚ ਭੀ ਕੋਈ ਘੱਟ ਨਹੀਂ। ਵੀਹਾਂ ਕੁ ਹੋਰ ਦਿਨਾਂ ਨੂੰ ਜਦ ਗਰਮੀ ਪੈਣੀ ਸ਼ੁਰੂ ਹੋ ਗਈ, ਤਾਂ ਦੁੱਰਾਨੀ ਦੇ ਉਤ੍ਰੀ ਠੰਡੇ ਮੁਲਕ ਦੇ ਫ਼ੌਜੀਆਂ ਲਈ ਗਰਮ ਮੈਦਾਨਾਂ ਦੀ ਧੁੱਪ ਤੇ ਲੋ ਨੂੰ ਸਹਾਰਨਾ ਬੜਾ ਮੁਸ਼ਕਲ ਹੋ ਜਾਏਗਾ, ਇਸ ਲਈ ਉਹ ਜਾਂ ਤਾਂ ਆਪਣੇ ਮੁਲਕ ਨੂੰ ਮੁੜ ਜਾਣ ਲਈ ਮਜਬੂਰ ਹੋ ਜਾਣਗੇ ਜਾਂ ਲੜਾਈ ਦਾ ਫੈਸਲਾ ਕਰਨ ਲਈ ਆਪਣਿਆਂ ਮੋਰਚਿਆਂ ਨੂੰ ਛੱਡ ਕੇ, ਬਾਹਰ ਨਿਕਲ ਕੇ, ਸਾਡੀਆਂ ਲਾਈਨਾਂ ਤੇ ਹੱਲਾ ਕਰਨ ਲਈ



Digitized by Panjab Digital Library | www.panjabdigilib.org

ਆਉਣਗੇ। ਉਸ ਵੇਲੇ ਉਨ੍ਹਾਂ ਦੇ ਬਾਹਰ ਮੈਦਾਨ ਵਿੱਚ ਨਿਕਲ ਆਇਆਂ ਪਰ ਅਸੀਂ ਮੋਰਚਿਆਂ ਤੋਂ ਬੜੀ ਮਾਰੂ ਗੋਲੀ ਚਲਾ ਸਕਾਂਗੇ ਤੇ ਅਸੀਂ ਫ਼ਾਇਦੇ ਵਿੱਚ ਰਹਾਂਗੇ । ਮਹਾਰਾਜਾ ਕੌੜਾ ਮੱਲ ਦੀ ਸਲਾਹ ਬੜੀ ਦਾਨਾਈ ਵਾਲੀ ਸੀ । ਪਰ ਜਵਾਨੀ ਦੇ ਨਸ਼ੇ ਤੇ ਬੇ-ਸਬਰੀ ਵਿੱਚ, ਜਦ ਕਿ ਆਦਮੀ ਠੰਡੇ ਦਿਲ ਨਾਲ ਆਪਣੇ ਨਫ਼ੇ ਨੁਕਸਾਨ ਨੂੰ ਬੜਾ ਘੱਟ ਸੁਣ ਤੇ ਸੋਚ ਸਕਦਾ ਹੈ, ਮੰਨੂੰ ਨੂੰ ਅਦੀਨਾ ਬੇਗ਼ ਦੀ ਝੱਟ ਪੱਟ ਲੜਾਈ ਵਾਲੀ ਸਲਾਹ ਜ਼ਿਆਦਾ ਚੰਗੀ ਲੱਗੀ ਤੇ ਉਸ ਨੇ ਲੜਾਈ ਦੀ ਠਾਣ ਲਈ।*

## ਲੜਾਈ ਸ਼ੁਰੂ

ਸਲਾਹ ਏਹ ਠਹਿਰੀ ਕਿ ਜੇ ਕਿਸੇ ਤਰਾਂ ਪਹਿਲਾਂ ਬਖ਼ਸ਼ੀ ਜਹਾਨ ਖ਼ਾਨ ਨੂੰ ਮਾਰ ਲਿਆ ਜਾਵੇ ਤਾਂ ਪਿੱਛੋਂ ਅਹਿਮਦ ਸ਼ਾਹ ਦੁੱਰਾਨੀ ਨਾਲ ਸਿਝ ਲੈਣਾ ਸੁਖ਼ਾਲਾ ਹੋ ਜਾਏਗਾ । ਚੁਨਾਂਚਿ ਇੱਕ ਦਿਨ ਸਵੇਰੇ ਹੀ ਬਹੀਰ ਨੂੰ ਪਿੱਛੇ ਮੋਰਚੀਂ ਛੱਡ ਕੇ ਮੀਰ ਮੰਨੂੰ ਨੇ ਆਪਣੇ ਸਰਦਾਰਾਂ ਸਮੇਤ ਦੁੱਰਾਨੀ ਦੇ ਚਪੌਲ ਤੇ ਚੜ੍ਹਾਈ ਕਰ ਦਿੱਤੀ। ਮੋਹਰਲੀ ਫ਼ੌਜ (ਹਰੌਲ) ਦੀ ਕਮਾਨ ਭਿਖਾਰੀ ਖ਼ਾਨ, ਮੀਰ ਮੋਮਨ ਖ਼ਾਨ ਤੇ ਖੰਜਰ ਖ਼ਾਨ ਨੂੰ ਦਿੱਤੀ। ਖੱਬੇ ਹੱਥ ਅਦੀਨਾ ਬੇਗ਼ ਖ਼ਾਨ, ਸੱਯਦ ਜਮੀਲ ਖ਼ਾਨ, ਖ਼ਲਫ਼ ਮੁਹੰਮਦ ਖ਼ਾਨ ਆਦਿ ਸਰਦਾਰ ਮੁਕੱਰਰ ਹੋਏ। ਪਿਛਲੀ ਹਫ਼ਾਜ਼ਤੀ ਫ਼ੌਜ (ਚੰਦਾਵਲ) ਮਹਿਦੀ ਅਲੀ

---

*ਤਾਰੀਖ਼ਿ ਅਹਿਮਦ ਸ਼ਾਹੀ, ੩੧; ਪ੍ਰਿੰਸਪ, ਰਣਜੀਤ ਸਿੰਘ ੧੧–੨; ਹਿਸਟਰੀ ਔਫ਼ ਦੀ ਪੰਜਾਬ (ਐਲਨ ਐਂਡ ਕੰਪਨੀ ਲੰਡਨ, ੧੮੪੬), ਜਿਲਦ ਪਹਿਲੀ, ੧੯੮–੯੯; ਕਨ੍ਹਈਆ ਲਾਲ, ਤਾਰੀਖਿ ਪੰਜਾਬ, ੭੫; ਗ਼ੁਲਾਮ ਹੁਸੈਨ ਖ਼ਾਨ, ਸੀਅਰੁ-ਲ-ਮੁਤਾਖ਼ਰੀਨ, ਅੰਗ੍ਰੇਜ਼ੀ, ਜਿਲਦ ਤੀਸਰੀ, ੩੨੫।



Digitized by Panjab Digital Library | www.panjabdigilib.org

ਖ਼ਾਨ, ਰਾਜਾ ਬਿਹਾਰਾ ਮੱਲ, ਬੁੰਦੇਲਾ ਤੇ ਮੀਰ ਅਮਾਨੁੱਲਾ ਖ਼ਾਨ ਦੀ ਕਮਾਨ ਹੇਠਾਂ ਰੱਖੀ ਗਈ। ਦੂਸਰੇ ਪਾਸੇ ਦੁੱਰਾਨੀਆਂ ਦੀ ਤਰਤੀਬ ਇਸ ਤਰਾਂ ਸੀ। ਮੋਹਰਲੀ ਫ਼ੌਜ ਦੇ ਮੁਕਾਬਲੇ ਤੇ ਬਰਖ਼ੁਰਦਾਰ ਖ਼ਾਨ, ਦੀਵਾਨ ਬੇਗ਼ੀ ਤੇ ਅਬਦੁਸਮੱਦ ਖ਼ਾਨ ਖਟਕ ਸਨ, ਖੱਬੇ ਪਾਸੇ ਸ਼ਾਹ ਵਲੀ ਖ਼ਾਨ ਪੋਪਲਜ਼ਈ ਤੇ ਪਿੱਛੇ ਮੁਹੰਮਦ ਸਈਦ ਖ਼ਾਨ ਉਰਕਜ਼ਈ ਤੇ ਅੱਲਾ-ਯਾਰ ਖ਼ਾਨ ਉਰਕਜ਼ਈ। ਲੜਾਈ ਦੀ ਪਹਿਲ ਹਰੌਲ ਤੇ ਅਦੀਨਾ ਬੇਗ਼ ਖ਼ਾਨ ਦੇ ਸਾਮ੍ਹਣੇ ਹੋਈ ਅਤੇ ਦੋਹਾਂ ਪਾਸਿਆਂ ਦੇ ਕੁਝ ਸਰਦਾਰ ਮਾਰੇ ਗਏ। ਹਰੌਲ ਤੋਂ ਭਿਖਾਰੀ ਖ਼ਾਨ ਨੇ ਪਿੱਛੇ ਮਹਿਦੀ ਅਲੀ ਖ਼ਾਨ ਨੂੰ ਸੁਨੇਹਾ ਭੇਜਿਆ ਕਿ ਮੇਰੀ ਵਲ ਦੁੱਰਾਨੀਆਂ ਦਾ ਜ਼ੋਰ ਪੈਂਦਾ ਜਾ ਰਿਹਾ ਹੈ ਇਸ ਲਈ ਜਿਵੇਂ ਭੀ ਹੋ ਸਕਦਾ ਹੈ ਮੇਰੇ ਪਾਸ ਪੁੱਜੋ ਤੇ ਮੇਰੀ ਸਹਾਇਤਾ ਕਰੋ। ਇਹ ਸੁਨੇਹਾ ਪੁੱਜਦੇ ਸਾਰ ਹੀ ਮਹਿਦੀ ਅਲੀ ਖ਼ਾਨ ਨੇ ਚੰਦੌਲ ਦੀ ਕਮਾਨ ਆਪਣੇ ਦੂਸਰੇ ਸਾਥੀਆਂ ਦੇ ਸਪੁਰਦ ਕੀਤੀ ਤੇ ਆਪ ਚਾਰ ਸੌ ਜਜ਼ਾਇਰਚੀ (ਵੱਡੀਆਂ ਬੰਦੂਕਾਂ ਵਾਲੇ) ਲੈ ਕੇ ਭਿਖਾਰੀ ਖ਼ਾਨ ਪਾਸ ਜੰਗ ਵਿੱਚ ਆ ਪੁੱਜਾ। ਭਾਣਾ ਰੱਬ ਦਾ ਇਓਂ ਹੋਇਆ ਕਿ ਪਹਿਲੀ ਜਜ਼ਾਇਰ ਹੀ ਜਦ ਸਰ ਹੋਈ ਤਾਂ ਇੱਕ ਕਲਗੀ ਵਾਲੇ ਸਰਦਾਰ ਨੂੰ ਵੱਜੀ ਤੇ ਓਹ ਭੋਂਇ ਤੇ ਡਿੱਗ ਪਿਆ। ਇਸ ਵੇਲੇ ਅਚਾਣਚਕ ਤਿੰਨਾਂ ਪਾਸਿਆ ਤੋਂ ਲੜਾਈ ਬੰਦ ਹੋ ਗਈ ਤੇ ਕਿਸੇ ਪਾਸਿਓਂ ਦੁੱਰਾਨੀਆਂ ਦਾ ਕੁਝ ਪਤਾ ਸੂਹ ਨਾ ਲੱਗੇ। ਇਕ ਪਹਿਰ ਰਾਤ ਗੁਜ਼ਰੇ ਨਵਾਬ ਮੀਰ ਮੰਨੂੰ ਬਾਜੇ ਬਜਾਉਂਦਾ ਆਪਣੇ ਤੰਬੂਆਂ ਨੂੰ ਮੁੜ ਆਇਆ। ਸਵੇਰੇ ਸਤ ਵੱਡੀਆਂ ਬੰਦੂਕਾਂ (ਜਜ਼ਾਇਰ), ਸਤ ਰਹਿਕਲੇ, ਕੁਝ ਖੱਚਰਾਂ, ਤੰਬੂ ਤੇ ਹੋਰ ਚੀਜ਼ਾਂ ਲੁੱਟ ਵਿੱਚ ਹੱਥ ਆਈਆਂ ਹੋਈਆਂ ਲਿਆਂਦੀਆਂ ਗਈਆਂ।

ਦਸ ਦਿਨ ਤੱਕ ਪਤਾ ਨਾ ਲੱਗਾ ਕਿ ਅਹਿਮਦ ਸ਼ਾਹ



Digitized by Panjab Digital Library | www.panjabdigilib.org

ਦੁੱਰਾਨੀ ਕਿੱਥੇ ਚਲਾ ਗਿਆ ਹੈ ਯਾ ਕੀ ਹੋਇਆ ਹੈ । ਗਿਆਰਵੇਂ ਦਿਨ ਸੂੰਹੇ ਖ਼ਬਰ ਲਿਆਏ ਕਿ ਅਹਿਮਦ ਸ਼ਾਹ ਦਾ ਤੰਬੂ ਇੱਥੋਂ ਕੋਈ ਬਾਰਾਂ ਕੋਹ ਦੇ ਫਾਸਲੇ ਤੇ ਰਾਵੀ ਦੇ ਕੰਢੇ ਹੈ ਤੇ ਓਹ ਲੜਾਈ ਦੀ ਤਿਆਰੀ ਕਰ ਰਿਹਾ ਹੈ। ਮੀਰ ਮੰਨੂੰ ਨੇ ਭੀ ਪੁਰਾਣੇ ਮੋਰਚੇ ਤਕੜੇ ਕਰ ਲਏ ਤੇ ਜੰਗ ਲਈ ਤਿਆਰ ਹੋ ਗਿਆ ।

ਇਸ ਅਰਸੇ ਵਿੱਚ ਬਖ਼ਸ਼ੀ ਜਹਾਨ ਖ਼ਾਨ ਦੇ ਪੀਰ ਸ਼ਾਹ ਗੁਲਾਮ ਮੁਹੰਮਦ ਫਾਰੂਕੀ ਪੀਰਜ਼ਾਦੇ ਤੇ ਮੁਫ਼ਤੀ ਅਬਦੁੱਲਾ ਪਿਸ਼ਾਵਰੀ ਨੇ ਸੁਲਾਹ ਲਈ ਗੱਲ-ਬਾਤ ਆ ਛੇੜੀ ਤੇ ਦੁੱਰਾਨੀ ਵਲੋਂ ਪੰਜ ਲੱਖ ਰੁਪਏ ਦੀ ਮੰਗ ਕੀਤੀ । ਮੀਰ ਮੰਨੂੰ ਨੇ ਆਪਣੇ ਸਰਦਾਰਾਂ ਨੂੰ ਬੁਲਾ ਕੇ ਪੁਛਿਆ ਕਿ ਹੁਣ ਸੁਲਾਹ ਯਾ ਲੜਾਈ ਸੰਬੰਧੀ ਤੁਹਾਡੀ ਕੀ ਰਾਏ ਹੈ । ਅਦੀਨਾ ਬੇਗ ਆਦਿ ਸਾਰਿਆਂ ਸਰਦਾਰਾਂ ਨੇ ਕਿਹਾ ਕਿ ਸੁਲਾਹ ਕਰ ਲੈਣਾ ਚੰਗੀ ਗੱਲ ਹੈ। ਭਾਵੇਂ ਇਸ ਵੇਲੇ ਦੁੱਰਾਨੀ ਵਲੋਂ ਮੰਗਿਆ ਜਾ ਰਿਹਾ ਪੰਜ ਲੱਖ ਰੁਪਇਆ ਖਜ਼ਾਨੇ ਵਿੱਚ ਨਹੀਂ ਹੈ, ਪਰ ਅਸੀਂ ਸਾਰੇ ਇਸ ਦਾ ਪ੍ਰਬੰਧ ਕਰ ਦਿਆਂਗੇ। ਇਸ ਵੇਲੇ ਤੱਕ ਮਹਾਰਾਜਾ ਕੌੜਾ ਮੱਲ ਨੇ ਕੋਈ ਸਲਾਹ ਨਹੀਂ ਸੀ ਦਿੱਤੀ। ਜਦ ਨਵਾਬ ਮੀਰ ਮੰਨੂੰ ਨੇ ਇਨ੍ਹਾਂ ਵਲ ਨੂੰ ਮੂੰਹ ਕਰ ਕੇ ਪੁੱਛਿਆ ਕਿ ਤੁਸੀਂ ਕਿਉਂ ਚੁੱਪ ਬੈਠੇ ਹੋ ਤੇ ਕੋਈ ਸਲਾਹ ਨਹੀਂ ਦਿੰਦੇ ਤਾਂ ਇਨ੍ਹਾਂ ਆਖਿਆ ਕਿ ਇਹ ਸਾਰੇ ਹੌਸਲਾ ਨਾ ਹੋਣ ਕਰਕੇ ਹਿੰਮਤ ਛੱਡ ਬੈਠੇ ਹਨ ਤੇ ਅੱਧਾ ਮਾਰਿਆ ਹੋਇਆ ਆਪਣਾ ਸ਼ਿਕਾਰ ਦੂਸਰਿਆਂ ਦੇ ਮੂੰਹ ਦੇ ਰਹੇ ਹਨ। ਮੇਰੀ ਤਾਂ ਇਹ ਇੱਛਾ ਹੈ ਕਿ ਸਵੇਰੇ ਤਗੜੇ ਹੋ ਕੇ ਜੰਗ ਕੀਤਾ ਜਾਵੇ । ਮੈਂ ਆਪ ਸਵੇਰੇ ਜਹਾਨ ਖ਼ਾਨ ਦੇ ਮੁਕਾਬਲੇ ਤੇ ਜਾਵਾਂਗਾ ਤੇ ਯਾ ਉਸ ਦਾ ਸਿਰ ਲਿਆਵਾਂਗਾ ਯਾ ਉਸ ਨੂੰ ਕੈਦੀ ਕਰ ਲਿਆਵਾਂਗਾ । ਫੇਰ ਅਬਦਾਲੀ ਕੁਝ ਨਹੀਂ ਕਰ ਸਕੇਗਾ । ਅਦੀਨਾ ਬੇਗ ਖ਼ਾਨ

ਆਦਿ ਨੇ ਬਥੇਰੀ ਵਿਰੋਧਤਾ ਕੀਤੀ ਪਰ ਨਵਾਬ ਸਾਹਿਬ ਨੇ ਕੋਈ ਨਾ ਸੁਣੀ ਤੇ ਇਹੋ ਹੀ ਫ਼ੈਸਲਾ ਹੋਇਆ ਕਿ ਸਵੇਰੇ ਮਹਾਰਾਜਾ ਕੌੜਾ ਮੱਲ ਤਾਂ ਜਹਾਨ ਖ਼ਾਨ ਦੇ ਮੁਕਾਬਲੇ ਤੇ ਜਾਵੇ ਤੇ ਖ਼ੁਦ ਨਵਾਬ ਸਾਹਿਬ ਅਹਿਮਦ ਸ਼ਾਹ ਨਾਲ ਯੁੱਧ ਰਚਾਉਣ ।*

---

*ਮੁਹੰਮਦ ਸਾਲਿਹ ਕੁਦਰਤ, ਤਾਰੀਖ਼ਿ ਆਲ਼ੀ, ੧੭੭–੧੮੧.



Digitized by Panjab Digital Library | www.panjabdigilib.org

# ਮਹਿਮੂਦ ਬੂਟੀ ਦੀ ਲੜਾਈ

[ ੬ ਮਾਰਚ ਸੰਨ ੧੭੫੨ ]

ਦੂਸਰੇ ਦਿਨ ਸ਼ੁਕਰਵਾਰ ੧ ਜਮਾਦੀ-ਉਲ-ਅੱਵਲ ੧੧੬੫ ਹਿਜਰੀ, ਚੇਤ੍ਰ ਸੁਦੀ ਦੁਤੀਆ (ਸ਼ੁਕਲ ਪੱਖ) ੧੮੦੯ ਬਿਕਰਮੀ, ੬ ਮਾਰਚ ੧੭੫੨ ਈਸਵੀ, ਸਵੇਰੇ ਹੀ ਮੀਰ ਮੰਨੂੰ ਦੀ ਫ਼ੌਜ ਮੋਰਚਿਆਂ ਤੋਂ ਬਾਹਰ ਨਿਕਲ ਆਈ ਤੇ ਸ਼ਾਲਾਮਾਰ ਦੇ ਉੱਤ੍ਰੀ-ਚੜ੍ਹਦੇ ਵੱਲ ਪਿੰਡ ਮਹਿਮੂਦ ਬੂਟੀ ਦੇ ਮੈਦਾਨ ਵਿੱਚ ਇੱਕ ਪੁਰਾਣੇ ਆਵੇ ਵਾਲੀ ਉੱਚੀ ਥਾਂ ਆ ਮੱਲੀ ਤੇ ਤੋਪ ਬੀੜ ਦਿੱਤੀ, ਪਰ ਪਹਿਲੀ ਵਾਰੀ ਚੱਲਣ ਤੋਂ ਬਾਦ ਪਤਾ ਲੱਗ ਗਿਆ ਕਿ ਦਾਰੂ ਸਿੱਕਾ ਖਤਮ ਹੋਣ ਵਾਲਾ ਹੈ। ਸੱਜੇ ਪਾਸੇ ਦੀ ਲਾਈਨ ਵਿੱਚ ਅਦੀਨਾ ਬੇਗ਼, ਮੀਰ ਮੋਮਨ ਖ਼ਾਨ, ਖ਼ੰਜਰ ਖ਼ਾਨ ਕਾਬਲੀ ਤੇ ਮੀਰ ਨਿਹਮਤ ਖ਼ਾਨ ਆਦਿ ਲਾਹੌਰੀ ਸਰਦਾਰ ਸਨ । ਵਿਚਕਾਰ ਖ਼ੁਦ ਮੀਰ ਮੰਨੂੰ ਸੀ, ਖੱਬੇ ਹੱਥੇ ਭਿਖਾਰੀ ਖ਼ਾਨ, ਸੱਯਦ ਜਮੀਲ ਖ਼ਾਨ, ਫ਼ਰੀਦੁ-ਦੀਨ ਖ਼ਾਨ ਆਦਿ ਹਿੰਦੁਸਤਾਨੀ ਸਨ । ਮਹਾਰਾਜਾ ਕੌੜਾ ਮੱਲ ਬਹਾਦੁਰ ਖ਼ਾਸ ਜਹਾਨ ਖ਼ਾਨ ਦੇ ਮੁਕਾਬਲੇ ਤੇ ਸੀ ਪਿਛਲੀ ਹਿਫ਼ਾਜ਼ਤੀ ਫ਼ੌਜ (ਚੰਦਾਵਲ) ਵਿੱਚ ਮਹਿਦੀ ਅਲੀ ਖ਼ਾਨ, ਰਾਜਾ ਬਿਹਾਰਾ ਮੱਲ ਬੁੰਦੇਲਾ ਅਤੇ ਜਮੂੰ, ਜਸਰੋਟਾ, ਕਾਂਗੜਾ ਤੇ ਹਰੀਪੁਰ ਆਦਿ ਦੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਸਨ। ਮੰਨੂੰ ਦੇ ਮੋਰਚਿਆਂ ਵਿੱਚੋਂ ਨਿਕਲ ਆਉਣ ਦੀ ਖ਼ਬਰ ਪੁੱਜਣ ਪਰ ਦੁੱਰਾਨੀ ਦੀ ਫ਼ੌਜ ਮੰਨੂੰ ਦੇ ਮੋਰਚਿਆਂ ਵਿੱਚ ਦਾਖ਼ਲ ਹੋ ਗਈ ਤੇ ਓਥੇ ਪਏ ਤੋਪਖ਼ਾਨੇ ਤੇ ਕਬਜ਼ਾ ਕਰ ਲਿਆ। ਅਹਿਮਦ ਸ਼ਾਹ ਨੇ ਆਪਣੀਆਂ ਸ਼ੁਤਰੀ ਤੋਪਾਂ



Digitized by Panjab Digital Library | www.panjabdigilib.org

ਅੱਗੇ ਲੈ ਆਂਦੀਆਂ ਤੇ ਸਾਹਮਣੇ ਦਿਸ ਰਹੀ ਮੰਨੂੰ ਦੀ ਫ਼ੌਜ ਪਰ ਗੋਲਾ ਬਾਰੀ ਸ਼ੁਰੂ ਕਰ ਦਿੱਤੀ, ਜੋ ਲੌਢੇ ਵੇਲੇ ਤੱਕ ਜਾਰੀ ਰਹੀ। ਅੱਗਿਓਂ ਪਿੱਛਿਓਂ ਤੇ ਦੋਹਾਂ ਪਾਸਿਆਂ ਤੋਂ ਜ਼ੋਰਦਾਰ ਹੱਲੇ ਹੋਣੇ ਸ਼ੁਰੂ ਹੋ ਜਾਣ ਪਰ ਮੀਰ ਮੰਨੂੰ ਨੇ ਆਪਣੇ ਤਿੰਨ ਸੌ ਜਿਜ਼ੈਲੀਏ ਮੁਗ਼ਲ ਅਦੀਨਾ ਬੇਗ਼ ਦੀ ਮੱਦਦ ਲਈ ਤੇ ਤਿੰਨ ਸੌ ਮਹਾਰਾਜਾ ਕੌੜਾ ਮੱਲ ਲਈ ਭੇਜੇ ਤੇ ਬਾਕੀ ਤਿੰਨ ਸੌ ਖ਼੍ਵਾਜਾ ਮਿਰਜ਼ਾ ਨਾਲ ਆਪਣੇ ਪਾਸ ਰੱਖ ਲਏ । ਇਸ ਵੇਲੇ ਅਹਿਮਦ ਸ਼ਾਹ ਨੇ ਕੁਝ ਗੜ-ਬੜ ਦੇਖ ਕੇ ਆਪਣੇ ਚੋਣਵੇਂ ਘੋੜ-ਚੜ੍ਹਿਆਂ ਦੇ ਇੱਕ ਦਸਤੇ ਨੂੰ ਜ਼ੋਰਦਾਰ ਹੱਲਾ ਕਰਨ ਦਾ ਹੁਕਮ ਦਿੱਤਾ । ਇਹ ਇਸ ਹੱਦ ਤੱਕ ਕਾਮਯਾਬ ਹੋ ਗਏ ਕਿ ਇਨ੍ਹਾਂ ਨੇ ਮੀਰ ਮੰਨੂੰ ਨੂੰ ਮੋਰਚਿਆਂ ਵਿੱਚ ਜਾ ਵੜਨ ਲਈ ਪਿੱਛੇ ਧੱਕ ਦਿੱਤਾ ।

ਇਸ ਹਾਲਤ ਵਿੱਚ ਅਦੀਨਾ ਬੇਗ਼ ਨੇ ਤਜਵੀਜ਼ ਕੀਤੀ ਕਿ ਮਹਾਰਾਜਾ ਕੌੜਾ ਮੱਲ ਨੂੰ ਫ਼ੌਜ ਦੇ ਇੱਕ ਦਸਤੇ ਸਮੇਤ ਬੁਲਾ ਲਿਆ ਜਾਵੇ ਤਾਕਿ ਦੁੱਰਾਨੀ ਉੱਤੇ ਇੱਕ ਮਿਲਵਾਂ ਜ਼ੋਰਦਾਰ ਹੱਲਾ ਕੀਤਾ ਜਾਵੇ। ਕੌੜਾ ਮੱਲ ਨੇ ਉੱਤਰ ਵਿੱਚ ਕਹਿ ਭੇਜਿਆ ਕਿ ਮੈਂ ਕੱਲ ਮੋਰਚਿਆਂ ਤੋਂ ਬਾਹਰ ਨਿਕਲਣ ਦੇ ਵਿਰੁੱਧ ਸਾਂ, ਮੈਨੂੰ ਡਰ ਹੈ ਕਿ ਜਿਸ ਵੇਲੇ ਭੀ ਸਿਪਾਹੀਆਂ ਨੇ ਹੁਣ ਮੈਨੂੰ ਜਹਾਨ ਖ਼ਾਨ ਦੇ ਸਾਮ੍ਹਣਿਓਂ ਨਿੱਕਲ ਕੇ ਹਾਥੀ ਤੇ ਚੜ੍ਹਿਆ ਦੇਖਿਆ, ਓਹ ਕਿਧਰੇ ਇਸ ਨੂੰ ਭਾਜੜ ਦਾ ਨਿਸ਼ਾਨ ਸਮਝ ਕੇ ਭੱਜ ਨਾ ਨਿਕਲਣ। ਇਹ ਇੱਕ ਐਸੀ ਗ਼ਲਤੀ ਹੈ ਜੋ ਖ਼ਾਹ-ਮੁਖ਼ਾਹ ਸਾਡੀ ਹਾਰ ਕਰਵਾ ਦੇਵੇਗੀ। ਪਤਾ ਨਹੀਂ ਅਦੀਨਾ ਬੇਗ਼ ਨੇ ਮੰਨੂੰ ਉੱਪਰ ਕੀ ਜਾਦੂ ਧੂੜਿਆ ਕਿ ਉਸ ਨੇ ਕੌੜਾ ਮੱਲ ਨੂੰ ਬੁਲਾਉਣ ਲਈ ਬੜੇ ਸਖ਼ਤ ਤਾਗ਼ੀਦੀ ਹੁਕਮ ਭੇਜੇ, ਜਿਨ੍ਹਾਂ ਨੂੰ ਦੇਖ ਕੇ ਕੌੜ ਮੱਲ ਬੜਾ ਹੈਰਾਨ ਹੋਇਆ।



Digitized by Panjab Digital Library | www.panjabdigilib.org

## *ਅਦੀਨਾ ਬੇਗ਼ ਖ਼ਾਨ ਦੀ ਬਦਨੀਅਤ ਤੇ ਗ਼ੱਦਾਰੀ*

ਅਸਲ ਵਿੱਚ ਅਦੀਨਾ ਬੇਗ਼ ਖ਼ਾਨ ਮਹਾਰਾਜਾ ਕੌੜਾ ਮੱਲ ਦੀ ਵਧ ਰਹੀ ਇੱਜ਼ਤ ਤੇ ਤਾਕਤ ਨੂੰ ਦੇਖ ਕੇ ਅੰਦਰੋਂ ਸੜ ਰਿਹਾ ਸੀ, ਨਾਲੇ ਉਸ ਨੂੰ ਗੁੱਸਾ ਸੀ ਕਿ ਕੌੜਾ ਮੱਲ ਨੇ ਰਾਮ ਰਾਉਣੀ ਦੀ ਮੁਹਿੰਮ ਵੇਲੇ, ਜਿਸ ਦਾ ਇਨਚਾਰਜ ਅਦੀਨਾ ਬੇਗ਼ ਸੀ, ਸਿੱਖਾਂ ਦੀ ਸਹਾਇਤਾ ਕੀਤੀ, ਜੱਸਾ ਸਿੰਘ ਰਾਮਗੜ੍ਹੀਏ ਨੂੰ ਘਿਰੇ ਹੋਏ ਸਿੰਘਾਂ ਨਾਲ ਰਲ ਜਾਣ ਦਿੱਤਾ, ਤੇ ਮੰਨੂੰ ਨੂੰ ਕਹਿ ਕੇ ਰਾਮ ਰਾਉਣੀ ਦੀ ਮੁਹਿੰਮ ਨਾਕਾਮਯਾਬ ਹੀ ਉਠਵਾ ਦਿੱਤੀ ਸੀ। ਮੁਲਤਾਨ ਦੀ ਮੁਹਿੰਮ ਵਿੱਚ ਭੀ ਕੌੜਾ ਮੱਲ ਨੂੰ ਉੱਚੀ ਪਦਵੀ ਮਿਲੀ ਤੇ ਖ਼ੁਦ ਉਸ ਨੂੰ ਕੌੜਾ ਮੱਲ ਦੇ ਤਾਬੇ ਕਰ ਕੇ ਭੇਜਿਆ ਸੀ ਤੇ ਪਿੱਛੋਂ ਉਸ ਨੂੰ 'ਮਹਾਰਾਜਾ ਬਹਾਦੁਰ' ਦਾ ਖ਼ਿਤਾਬ ਦੇ ਕੇ ਸੂਬਾ ਮੁਲਤਾਨ ਦਾ ਹਾਕਮ ਬਣਾ ਦਿੱਤਾ ਸੀ। ਹੁਣ ਇਸ ਜੰਗ ਵਿੱਚ ਕੌੜਾ ਮੱਲ ਨੂੰ ਸਭ ਤੋਂ ਜ਼ਿਆਦਾ ਭਰੋਸੇ ਯੋਗ ਪੋਜ਼ੀਸ਼ਨ ਵਿੱਚ ਰੱਖਿਆ ਹੋਇਆ ਸੀ ਤਾਂ ਕਿ ਜੇ ਕਿਧਰੇ ਅਗਲੀਆਂ ਲਾਈਨਾਂ ਟੁੱਟ ਭੀ ਜਾਣ ਤਾਂ ਭੀ ਕੌੜਾ ਮੱਲ ਦੁੱਰਾਨੀਆਂ ਨੂੰ ਠੱਲ੍ਹ ਪਾ ਸਕੇ ਤੇ ਸ਼ਹਿਰ ਨੂੰ ਉਨ੍ਹਾਂ ਦੇ ਕਬਜ਼ੇ ਵਿੱਚ ਜਾਣੋਂ ਬਚਾ ਸਕੇ। ਅਦੀਨਾ ਬੇਗ਼ ਕਿਸੇ ਨਾ ਕਿਸੇ ਤਰਾਂ ਕੌੜਾ ਮੱਲ ਨੂੰ ਖ਼੍ਵਾਰ ਕਰ ਕੇ ਮੰਨੂੰ ਦੀਆਂ ਨਜ਼ਰਾਂ ਵਿੱਚ ਗਿਰਾਉਣਾ ਤੇ ਉਸ ਦੀ ਤਾਕਤ ਨੂੰ ਤੋੜਨਾ ਚਾਹੁੰਦਾ ਸੀ। ਇਸੇ ਲਈ ਹੀ ਓਹ ਇਸ ਨੂੰ ਮੋਰਚੇ ਤੋਂ ਬਾਹਰ ਕੱਢਣਾ ਚਾਹੁੰਦਾ ਸੀ, ਕਿਉਂਕਿ ਜੇ ਓਹ ਮੈਦਾਨ ਵਿੱਚ ਖੁੱਲੇ ਤੌਰ ਤੇ ਸਾਹਮਣੇ ਜੰਗ ਵਿੱਚ ਮਾਰਿਆ ਗਿਆ ਜਾਂ ਮਰਵਾਇਆ ਜਾ ਸਕਿਆ ਤਾਂ ਚੰਗਾ, ਅਤੇ ਜੇ ਲੜਾਈ ਵਿੱਚ ਹਾਰ ਹੋ ਗਈ ਜਾਂ ਭਾਜੜ ਪੁਆ ਕੇ ਹਾਰ ਕਰਵਾਈ ਜਾ ਸਕੀ ਤਾਂ ਬਦਨਾਮ ਤੇ ਖ਼੍ਵਾਰ ਹੋ ਕੇ ਆਪੇ ਹੀ ਮਿੱਟੀ ਵਿੱਚ ਮਿਲ ਜਾਏਗਾ।



Digitized by Panjab Digital Library | www.panjabdigilib.org

## ਮਹਾਰਾਜਾ ਕੌੜਾ ਮੱਲ ਬਹਾਦੁਰ ਦੀ ਮੌਤ

ਮਹਾਰਾਜਾ ਕੌੜਾ ਮੱਲ ਇੱਕ ਸੱਚਾ ਜਾਨ-ਨਿਸਾਰ ਦੋਸਤ ਸੀ। ਉਸ ਨੇ ਮੰਨੂੰ ਦਾ ਦੋਬਾਰਾ ਤਾਕੀਦੀ ਹੁਕਮ ਪੁੱਜਣ ਪਰ ਜਾਣ ਦੀ ਤਿਆਰੀ ਕਰ ਲਈ। ਉਸ ਨੇ ਆਪਣੇ ਮਾਤਹਿਤ ਅਫ਼ਸਰਾਂ ਨੂੰ ਅਕੱਠੇ ਕੀਤਾ ਤੇ ਪੱਕੇ ਤੇ ਮਜ਼ਬੂਤ ਹੋ ਕੇ ਜਹਾਨ ਖ਼ਾਨ ਦੇ ਟਾਕਰੇ ਤੇ ਡਟੇ ਰਹਿਣ ਦੀ ਤਾਕੀਦ ਕਰ ਕੇ ਹਾਥੀ ਪਰ ਚੜ੍ਹ ਕੇ ਨਵਾਬ ਵਲ ਨੂੰ ਤੁਰ ਪਿਆ। ਅਜੇ ਮੁਸ਼ਕਲ ਨਾਲ ਕੌੜਾ ਮੱਲ ਆਪਣੇ ਕੈਂਪ ਤੋਂ ਕੋਹ ਕੁ ਹੀ ਗਿਆ ਸੀ ਕਿ ਉਸ ਦੇ ਮੋਰਚਿਆਂ ਤੇ ਦੁੱਰਾਨੀਆਂ ਨੇ ਹੱਲਾ ਕਰ ਦਿੱਤਾ, ਜੋ ਅਦੀਨਾ ਬੇਗ਼ ਨੇ ਅੰਦਰੋ ਅੰਦਰ ਦੁੱਰਾਨੀਆਂ ਨਾਲ ਗਿਣਿਆ ਮਿਥਿਆ ਪ੍ਰਤੀਤ ਹੁੰਦਾ ਹੈ। ਓਹੀ ਅਫ਼ਸਰ, ਜਿਨ੍ਹਾਂ ਨੂੰ ਕੌੜਾ ਮੱਲ ਹੁਣੇ ਹੀ ਡਟੇ ਰਹਿਣ ਦੀਆਂ ਤਾਕੀਦਾਂ ਕਰਦਾ ਗਿਆ ਸੀ, ਆਪਣੀਆਂ ਆਪਣੀਆਂ ਫ਼ੌਜਾਂ ਸਮੇਤ ਭੱਜਣੇ ਸ਼ੁਰੂ ਹੋ ਗਏ ਤੇ ਬੜੀ ਗੜ-ਬੜ ਮੱਚ ਗਈ। ਦੂਸਰੇ ਪਾਸਿਓਂ ਅਦੀਨਾ ਬੇਗ਼ ਨੇ ਭੀ ਖਿਸਕਣਾ ਸ਼ੁਰੂ ਕਰ ਦਿੱਤਾ। ਇਸ ਵੇਲੇ ਤਿੰਨੇ ਹੀ ਇਕ ਦੂਸਰੇ ਤੋਂ ਟੁੱਟ ਗਏ। ਮਹਾਰਾਜਾ ਕੌੜਾ ਮੱਲ ਉਥੋਂ ਹੀ ਪਿੱਛੇ ਨੂੰ ਮੁੜ ਪਿਆ ਤੇ ਥੋੜੇ ਜੇਹੇ ਵਫ਼ਾਦਾਰ ਸਿਪਾਹੀਆਂ ਨੂੰ ਨਾਲ ਲੈ ਕੇ ਇਸ ਜ਼ੋਰ ਦਾ ਹੱਲਾ ਕੀਤਾ ਕਿ ਦੁੱਰਾਨੀ ਭਜਾ ਦਿੱਤੇ। ਕੌੜਾ ਮੱਲ ਦੀ ਵਧਵੀਂ ਬਹਾਦੁਰੀ ਤੇ ਹੋ ਰਹੀ ਫ਼ਤਹਿ ਨਾਲ ਅਦੀਨਾ ਬੇਗ਼ ਦੀਆਂ ਸਾਰੀਆਂ ਸਾਜ਼ਸ਼ਾਂ ਤੇ ਪਾਣੀ ਫਿਰਦਾ ਨਜ਼ਰ ਆਇਆ ਤੇ ਮੰਨੂੰ ਦੀ ਹੋ ਰਹੀ ਹਾਰ ਫ਼ਤਹਿ ਵਿੱਚ ਤਬਦੀਲ ਹੁੰਦੀ ਦਿੱਸੀ, ਇਸ ਲਈ ਉਸ ਨੇ ਕੌੜਾ ਮੱਲ ਨੂੰ ਕਿਸੇ ਪਾਸਿਓਂ ਭੀ ਸਹਾਇਤਾ ਨਾ ਪੁੱਜਣ ਦਿੱਤੀ ਤੇ ਅੜੇ ਵੇਲੇ ਆਪਣਾ ਆਖਰੀ ਮਾਰੂ ਦਾਉ ਚਲਾਉਣ ਤੋਂ ਭੀ ਸੰਕੋਚ ਨਾ ਕੀਤਾ। ਦੁੱਰਾਨੀਆਂ ਨੂੰ ਭਜਾ ਕੇ



Digitized by Panjab Digital Library | www.panjabdigilib.org

ਆਪਣੇ ਮੋਰਚਿਆਂ ਵਿੱਚੋਂ ਕੱਢ ਕੇ ਕੌੜਾ ਮੱਲ ਉਨ੍ਹਾਂ ਨੂੰ ਦੱਬੀ ਜਾ ਰਿਹਾ ਸੀ ਕਿ ਉਸ ਦੇ ਹਾਥੀ ਦਾ ਪੈਰ ਇੱਕ ਪੁਰਾਣੀ ਕਬਰ ਤੇ ਜਾ ਪਿਆ ਜੋ ਉਸ ਦੇ ਨਾਲ ਹੀ ਹੇਠਾਂ ਨੂੰ ਬਹਿ ਗਈ। ਹੁਣ ਕੌੜਾ ਮੱਲ ਨੇ ਹਿੰਮਤ ਕਰ ਕੇ ਮੀਰ ਨਿਹਮਤ ਖ਼ਾਨ ਦੇ ਹਾਥੀ ਤੇ ਚੜ੍ਹਣ ਦੀ ਕੀਤੀ। ਅਮਾਰੀ ਦਾ ਡੰਡਾ ਫੜ ਕੇ ਆਪਣੇ ਹੌਦੇ 'ਚੋਂ ਨਿਕਲ ਕੇ ਉਸ ਵਿੱਚ ਬੈਠਾ ਹੀ ਸੀ ਕਿ ਅਦੀਨਾ ਬੇਗ ਨੇ ਬਾਜ਼ੀਦ ਖ਼ਾਨ ਕਸੂਰੀਏ ਨੂੰ ਇਸ਼ਾਰਾ ਕੀਤਾ ਤੇ ਉਸ ਨੇ ਕੌੜਾ ਮੱਲ ਪਰ ਗੋਲੀ ਦਾਗ ਦਿੱਤੀ। ਮੱਥੇ ਵਿੱਚ ਗੋਲੀ ਲਗਦੇ ਸਾਰ ਹੀ ਮਹਾਰਾਜਾ ਕੌੜਾ ਮੱਲ ਚੜ੍ਹਾਈ ਕਰ ਗਏ ਤੇ ਇੱਕ ਦੁੱਰਾਨੀ ਉਨ੍ਹਾਂ ਦਾ ਸਿਰ ਕੱਟ ਕੇ ਲੈ ਗਿਆ। ਇਸੇ ਵੇਲੇ ਹੀ ਸਿੱਖ ਫ਼ੌਜ ਦਾ ਜਥੇਦਾਰ ਸਰਦਾਰ ਸੰਗਤ ਸਿੰਘ ਭੀ ਮਾਰਿਆ ਗਿਆ।*

ਮਹਾਰਾਜਾ ਕੌੜਾ ਮੱਲ ਬਹਾਦੁਰ ਫ਼ੌਜ ਦੀ ਜਿੰਦ ਜਾਨ ਸੀ ਤੇ

---

*ਜਿਸ ਅਸਥਾਨ ਤੇ ਗਹਿ-ਗੱਚ ਲੜਾਈ ਹੋਈ ਸੀ ਓਥੇ ਇੱਕ ਬੜੀ ਵੱਡੀ ਚੁਕੋਣੀ ਪੱਕੀ ਕਬਰ ਬਣੀ ਹੋਈ ਹੈ। ਇਰਦ ਗਿਰਦ ਦੇ ਪਿੰਡਾਂ ਵਾਲੇ ਦਸਦੇ ਹਨ ਕਿ ਇਸ ਲੜਾਈ ਵਿੱਚ ਮੀਰ ਮੰਨੂੰ ਦੀ ਫ਼ੌਜ ਦਾ ਇੱਕ ਉੱਘਾ ਆਦਮੀ ਅਜ਼ੀਬ ਬੇਗ ਨਾਮੀ ਆਪਣੇ ਪੰਜ ਪੁਤ੍ਰਾਂ ਸਮੇਤ ਮਾਰਿਆ ਗਿਆ ਸੀ। ਅਜ਼ੀਜ਼ ਬੇਗ ਦਾ ਇੱਕ ਹੋਰ ਪੁਤ੍ਰ, ਜੋ ਬਚ ਰਿਹਾ ਸੀ, ਜਿਸ ਵੇਲੇ ਆਪਣੇ ਬਾਪ ਤੇ ਭਰਾਵਾਂ ਦੀਆਂ ਲਾਸ਼ਾਂ ਦੀ ਤਲਾਸ਼ ਲਈ ਆਇਆ ਤਾਂ ਓਹ ਉਨ੍ਹਾਂ ਦੀਆਂ ਲਾਸ਼ਾਂ ਨੂੰ ਪਛਾਣ ਨਾ ਸਕਿਆ। ਇਸ ਲਈ ਉਸ ਨੇ ਓਥੇ ਪਏ ਮੁਰਦਿਆਂ ਦੀਆਂ ਹੱਡੀਆਂ ਇਕੱਠੀਆਂ ਕਰ ਕੇ ਇਕ ਬੜੀ ਵੱਡੀ ਕਬਰ ਬਣਵਾ ਕੇ ਉਸ ਦੇ ਅੰਦਰ ਮਹਿਰਾਬੀ ਭੋਰੇ ਵਿੱਚ ਦਬਵਾ ਦਿੱਤੀਆਂ। [ ਲਾਹੌਰ ਗੈਜ਼ਿਟੀਅਰ, ਸੰਨ ੧੮੮੩-੮੪, ਪੰਨਾ ੨੭, ਫੁਟਨੋਟ ਨੰ: ੨ ]

ਇੱਥੇ ਸ: ਗੁਰਬਖਸ਼ ਸਿੰਘ ਬਾਗਬਾਨਪੁਰੀ ਤੇ ਉਨ੍ਹਾਂ ਦੇ ਖ਼ਾਨਦਾਨੀ ਭਰਾਵਾਂ ਨੂੰ ਦਸ ਕਨਾਲ ਦੇ ਕਰੀਬ ਜਗਾ ਸ਼ਾਮਲਾਟ ਵਿੱਚੋਂ ਮਿਲੀ ਹੋਈ ਹੈ ਜਿਸ ਵਿੱਚੋਂ ਉਨ੍ਹਾਂ ਨੇ ਮਹਾਰਾਜਾ ਕੌੜਾ ਮੱਲ ਦੀ ਯਾਦਗਾਰ ਬਣਾਉਣ ਲਈ ਪੰਥ ਦੀ ਇੱਛਾ ਪਰ ਲੋੜ ਅਨੁਸਾਰ ਕਨਾਲ ਦੋ ਕਨਾਲ ਜ਼ਮੀਨ ਮੁਫ਼ਤ ਭੇਟਾ ਕਰਨ ਦਾ ਭਰੋਸਾ ਦਿੱਤਾ ਹੋਇਆ ਹੈ।



Digitized by Panjab Digital Library | www.panjabdigilib.org

ਓਸ ਨਾਲ ਹੀ ਫ਼ਤਿਹ ਦੀਆਂ ਸਾਰੀਆਂ ਉਮੀਦਾਂ ਸਨ । ਉਸ ਦੇ ਮਰਦੇ ਸਾਰ ਹੀ ਫ਼ੌਜ ਦੀਆਂ ਆਸਾਂ ਤੇ ਪਾਣੀ ਫਿਰ ਗਿਆ, ਉਨ੍ਹਾਂ ਦੇ ਦਿਲ ਟੁੱਟ ਗਏ ਤੇ ਅਫ਼ਸਰ ਤੇ ਸਿਪਾਹੀ ਬੇ-ਤਹਾਸ਼ਾ ਭੱਜ ਨਿਕਲੇ । ਮੰਨੂੰ ਕੁਝ ਚਿਰ ਲਈ ਮੈਦਾਨ ਵਿੱਚ ਡਟਿਆ ਰਿਹਾ ਪਰ ਛੇਤੀ ਹੀ ਉੱਪਰੋਂ ਪੈ ਰਹੀ ਰਾਤ ਦੇ ਅਨ੍ਹੇਰੇ ਨੇ ਉਸ ਦਾ ਲੱਕ ਤੋੜ ਦਿੱਤਾ ਤੇ ਉਸ ਦੀ ਸਦਾ ਲਈ ਹਾਰ ਹੋ ਗਈ; ਅਤੇ ਉਸ ਮੀਰ ਮੰਨੂੰ ਨੂੰ, ਜਿਸ ਨੇ ਅਹਿਮਦ ਸ਼ਾਹ ਦੁੱਰਾਨੀ ਨੂੰ ਮਾਣੂਪੁਰ ਦੀ ਜੰਗ ਵਿੱਚ ਹਾਰ ਦੇ ਕੇ ਭਜਾਇਆ ਤੇ ਜਿਸ ਨੂੰ ਓਹ ਕੌੜਾ ਮੱਲ ਦੇ ਭਰੋਸੇ ਹੀਚ ਸਮਝਦਾ ਤੇ ਠੁਠ ਵਖਾਉਂਦਾ ਸੀ, ਇਸ ਬਹਾਦੁਰ ਜਰਨੈਲ ਦੇ ਮਰਦੇ ਸਾਰ ਹੀ, ਕਈ ਲੱਖ ਰੁਪਇਆ ਨਕਦ, ਆਪਣੀ ਆਜ਼ਾਦੀ ਤੇ ਹਕੂਮਤ, ਪੰਜਾਹ ਲੱਖ ਰੁਪਇਆ ਸਾਲਾਨਾ ਤੇ ਉਸ ਦੇ ਪੁਤ੍ਰ ਨੂੰ ਆਪਣੀ ਲੜਕੀ ਦੇ ਰਿਸ਼ਤੇ ਦਾ ਵਾਹਿਦਾ ਕਰ ਕੇ ਜਾਨ ਬਚਾਉਣੀ ਪਈ । ਖੁਸ਼ਵਕਤ ਰਾਏ ਲਿਖਦਾ ਹੈ ਕਿ ਲੜਾਈ ਵਿੱਚ ਦੋ ਕੁ ਹਜ਼ਾਰ ਆਦਮੀਆਂ ਦਾ ਨੁਕਸਾਨ ਹੋਇਆ, ਤੇ ਦੂਸਰੇ ਦਿਨ ਸਵੇਰੇ ਸ਼ਹਿਰ ਦੀ ਫ਼ਸੀਲ ਦੇ ਬਾਹਰ ਦੀ ਆਬਾਦੀ ਉੱਤੇ ਹੱਲਾ ਕਰ ਕੇ ਦੁੱਰਾਨੀਆਂ ਨੇ ਪੰਜ ਕੁ ਹਜ਼ਾਰ ਹਿੰਦੂ ਕਤਲ ਕੀਤੇ ।

ਇੱਥੇ ਚੂੰਕਿ ਅਸੀਂ ਕੌੜਾ ਮੱਲ ਬਹਾਦੁਰ ਦਾ ਹਾਲ ਲਿਖ ਰਹੇ ਹਾਂ, ਇਸ ਲਈ ਹੁਣ ਮੀਰ ਮੰਨੂੰ ਤੇ ਅਹਿਮਦ ਸ਼ਾਹ ਦੇ ਵਿਚਕਾਰ ਹੋਏ ਅਹਿਦ-ਨਾਮੇ ਆਦਿ ਦੇ ਵੇਰਵੇ ਵਿੱਚ ਪੈਣਾ ਕੁਥਾਵੇਂ ਹੋਵੇਗਾ । ਹਾਂ ਇੱਥੇ ਇਤਨਾ ਦੱਸ ਦੇਣਾ ਕਾਫ਼ੀ ਹੋਵੇਗਾ ਕਿ ਜਿਸ ਵੇਲੇ ਹਾਰ ਖਾ ਕੇ ਮੀਰ ਮੰਨੂੰ ਨੇ ਸੁਲਾਹ ਲਈ ਅਹਿਮਦ ਸ਼ਾਹ ਅਬਦਾਲੀ (ਦੁੱਰਾਨੀ) ਪਾਸ ਸੁਨੇਹਾ ਭੇਜਿਆ ਤਾਂ ਉਸ ਨੇ ਕਿਹਾ ਕਿ ਮੇਰਾ ਜੰਗ ਤਾਂ ਕੌੜਾ ਮੱਲ ਤੱਕ ਹੀ ਸੀ, ਤੂੰ ਜਾ ਕੇ ਆਪਣੇ ਕਿਲੇ ਵਿੱਚ ਵੱਸ, ਮੈਨੂੰ ਤੇਰੇ ਤੇ ਤੇਰੇ ਸ਼ਹਿਰ ਨਾਲ ਕੋਈ



Digitized by Panjab Digital Library | www.panjabdigilib.org

ਵਾਸਤਾ ਨਹੀਂ, ਮੈਂ ਜੋ ਕੁਝ ਰੁਪਇਆ ਆਦਿ ਤੇਰੇ ਪਾਸੋਂ ਮੰਗਿਆ ਹੈ, ਆਪਣੇ ਕੋਲੋਂ ਜਾਂ ਰੱਈਯਤ ਪਾਸੋਂ ਅਕੱਠਾ ਕਰ ਕੇ ਦੇ ਦੇ, ਮੈਂ ਮੁੜ ਜਾਵਾਂਗਾ ।*

---

*ਤਾਰੀਖ਼ਿ ਅਹਿਮਦ ਸ਼ਾਹੀ, ੩੧; ਅਲੀ-ਉ-ਦੀਨ, ਇਬਰਤਨਾਮਾ; ਗੁਲਾਮ ਹੁਸੈਨ ਖ਼ਾਨ, ਸੀਅਰੁਲ-ਮੁਤਾਖ਼ਰੀਨ, ਜਿਲਦ ਤੀਸਰੀ, ੨੫–੨੬; ਖੁਸ਼ਵਕਤ ਰਾਏ, ਤਾਰੀਖ਼ਿ ਸਿੱਖਾਂ, ੭੦–੧; ਸੋਹਨ ਲਾਲ, ਉਮਦਾ-ਤੁ-ਤਵਾਰੀਖ਼, ਦਫ਼ਤਰ ਪਹਿਲਾ, ੧੩੩–੩੪; ਬਖਤ ਮੱਲ, ਖ਼ਾਲਸਾ ਨਾਮਾ, ੩੩–੪; ਅਹਿਵਾਲਿ ਅਦੀਨਾ ਬੇਗ ਖ਼ਾਨ, ੮; ਤਹਿਮਾਸ ਖ਼ਾਨ, ਤਹਿਮਾਸ ਨਾਮਾ, ੧੪–੫; ਮੁਹੰਮਦ ਸਾਲਿਹ ਕੁਦਰਤ, ਤਾਰੀਖ਼ਿ ਆਲੀ, ੧੮੧–੮੨; ਬੁਧ ਸਿੰਘ, ਰਿਸਾਲਾ-ਇ-ਨਾਨਕ ਸ਼ਾਹ, ੧੨੪; ਹਿਸਟਰੀ ਔਫ਼ ਦੀ ਪੰਜਾਬ (ਐਲਨ), ਜਿਲਦ ਪਹਿਲੀ, ੧੯੮–੨੦੦; ਪ੍ਰਿੰਸਪ, ਰਣਜੀਤ ਸਿੰਘ, ੧੧–੨; ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ੪੧੧–੧੨; ਮੁਹੰਮਦ ਅਸਲਮ, ਫਰਹਤੁ-ਨੱਜ਼ਰੀਨ (ਐਲੀਅਟ, ਹਿਸਟਰੀ, ਜਿਲਦ ੮), ੧੬੭–੬੮; ਲਤੀਫ਼, ਹਿਸਟਰੀ ਔਫ਼ ਲਾਹੌਰ, ੭੬ ।

# ਮਹਾਰਾਜਾ ਕੌੜਾ ਮੱਲ ਦਾ ਕੈਰੈਕਟਰ

مهاراجه کوڑا مل مرد شائسته قابل کارلائق خدمت
و دقائق بندگی بود [عمدة التواريخ—سوهن لال]
مهاراجه مسطور مرد سپاهی منش و آزموده کار بود
[ایضاً]
راجه کوڑا مل در شجاعت و مردانگی عدیل و نظیر نداشت
[رساله نانک شاه]

---

ਮਹਾਰਾਜਾ ਕੌੜਾ ਮੱਲ ਬਹਾਦੁਰ ਨੂੰ ਗੁਜ਼ਰਿਆਂ ਭਾਵੇਂ ਦੋ ਸੌ ਸਾਲ ਹੋਣ ਨੂੰ ਆਇਆ ਹੈ ਪਰ ਆਪ ਦੀ ਕੀਰਤੀ ਨੇ ਆਪ ਨੂੰ ਅਮਰ ਕਰ ਦਿੱਤਾ ਹੈ। ਅਠਾਰ੍ਹਵੀਂ ਸਦੀ ਦੇ ਬਿਖੜੇ ਦਿਨਾਂ ਵਿੱਚ ਜੋ ਸਰ ਬਣ ਆਈ ਸੇਵਾ ਆਪ ਨੇ ਖ਼ਾਲਸਾ ਪੰਥ ਦੀ ਕੀਤੀ ਉਸ ਲਈ ਪੰਥ ਹੁਣ ਤੱਕ ਆਪ ਦਾ ਕ੍ਰਿਤਗਜ ਹੈ ਤੇ ਕਈ ਵਾਰੀ ਨਿਹੰਗ ਸਿੰਘ ਇਸ ਦਾ ਜ਼ਿਕਰ ਅਰਦਾਸੇ ਵਿੱਚ ਭੀ ਕਰਦੇ ਹਨ।

ਭਾਵੇਂ ਆਪ ਗੁਰੂ ਗੋਬਿੰਦ ਸਿੰਘ ਜੀ ਦਾ 'ਖੰਡੇ ਦਾ ਅੰਮ੍ਰਿਤ' ਛਕ ਕੇ ਸਿੰਘ ਨਹੀਂ ਸਨ ਸਜੇ ਹੋਏ, ਪਰ ਆਪ ਗੁਰੂ ਸਾਹਿਬਾਨ ਦੇ ਪੂਰੇ ਸ਼ਰਧਾਲੂ ਤੇ ਖ਼ੁਲਾਸੇ ਅਰਥਾਤ ਸਹਿਜਧਾਰੀ ਸਿੱਖ ਸਨ।*

ਆਪ ਦੀ ਗੁਰੂ ਘਰ ਲਈ ਅਡੋਲ ਸ਼ਰਧਾ ਦਾ ਕੁਝ ਕੁ ਅਨੁਮਾਨ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਮੀਰ

---

*ਫੌਰਸਟਰ, ਜਰਨੀ ਫਰੌਮ ਬੈਂਗਾਲ ਟੂ ਇੰਗਲੈਂਡ, ਜਿਲਦ ਪਹਿਲੀ, ੨੭੨–੭੩; ਪ੍ਰਾਚੀਨ ਪੰਥ ਪ੍ਰਕਾਸ਼, ੩੯੭; ਮੈਲਕਮ, ਸਕੈੱਚ ਔਫ਼ ਦੀ ਸਿਖਸ, ੯੧।



Digitized by Panjab Digital Library | www.panjabdigilib.org

ਮੰਨੂੰ ਦੇ ਜ਼ਮਾਨੇ ਵਿੱਚ ਆਪ ਨੇ ਤਿੰਨ ਲੱਖ ਰੁਪਇਆ ਖ਼ਰਚ ਕੇ ਗੁਰੂ ਨਾਨਕ ਸਾਹਿਬ ਦਾ ਬਾਲ ਲੀਲ੍ਹਾ ਦਾ ਗੁਰਦੁਆਰਾ ਉਸਾਰਿਆ ਤੇ ਉਸ ਦੇ ਨਾਲ ਲਗਵਾਂ ਇੱਕ ਤਾਲ ਬਣਵਾਇਆ।*

ਜ਼ਕਰੀਆ ਖ਼ਾਨ ਦੇ ਪੁਤ੍ਰ ਯਾਹੀਆ ਖ਼ਾਨ [ਸੰਨ ੧੭੪੫-੪੭] ਨੇ ਜਿਸ ਵੇਲੇ ਸਿੱਖਾਂ ਦੇ ਵਿਰੁਧ ਸਖ਼ਤੀ ਦਾ ਝੱਖੜ ਝੁਲਾ ਦਿੱਤਾ, ਉਨ੍ਹਾਂ ਦੇ ਕਤਲਾਮ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਗਸ਼ਤੀ ਫ਼ੌਜਾਂ ਉਨ੍ਹਾਂ ਉੱਤੇ ਚੜ੍ਹ ਪਈਆਂ ਅਤੇ ਦੀਵਾਨ ਲਖਪਤ ਰਾਏ ਨੇ ਸਿੰਘਾਂ ਦਾ ਖੁਰਾ ਖੋਜ ਮਿਟਾ ਦੇਣ ਦੀ ਸੌਂਹ ਖਾ ਲਈ ਤੇ ਲਾਹੌਰ ਦੇ ਨੌਕਰ ਚਾਕਰ ਸਿੱਖ ਭੀ ਕਤਲ ਹੋਣ ਲੱਗ ਪਏ, ਤਾਂ ਕੌੜਾ ਮੱਲ ਨੇ ਹਰ ਮੁਮਕਿਨ ਯਤਨ ਇਸ ਤਬਾਹੀ ਨੂੰ ਟਾਲਣ ਲਈ ਕੀਤੇ। ਜਦ ਇਹ ਬਲਾ ਕਿਸੇ ਹੋਰ ਤਰ੍ਹਾਂ ਟਲਦੀ ਨਾ ਦਿਸੀ ਤਾਂ, ਪ੍ਰਤੀਤ ਹੁੰਦਾ ਹੈ, ਆਪ ਇਹ ਸੋਚ ਕੇ ਕਿ ਜਿਤਨੀ ਦੇਰ ਯਾਹੀਆ ਖ਼ਾਨ ਤੇ ਦੀਵਾਨ ਲਖਪਤ ਰਾਏ ਦਾ ਜ਼ੋਰ ਹੈ ਇਹ ਸਿੰਘਾਂ ਨੂੰ ਚੈਨ ਨਾਲ ਨਹੀਂ ਬੈਠਣ ਦੇਣਗੇ, ਆਪ ਇਸ ਵਿੱਚ ਪਲਟਾ ਲਿਆਉਣ ਦੇ ਖ਼ਿਆਲ ਨਾਲ ਲਾਹੌਰ ਛੱਡ ਕੇ ਮੁਲਤਾਨ ਚਲੇ ਗਏ। ਆਖ਼ੀਰ ਮਾਰਚ ੧੭੪੭ ਵਿੱਚ ਯਾਹੀਆ ਖ਼ਾਨ ਦਾ ਛੋਟਾ ਭਰਾ ਸ਼ਾਹਨਿਵਾਜ਼ ਖ਼ਾਨ ਲਾਹੌਰ ਦਾ ਹਾਕਮ ਆ ਬਣਿਆ ਅਤੇ ਲਖਪਤ ਰਾਏ ਦੀ ਥਾਂ ਦੀਵਾਨੀ ਕੌੜਾ ਮੱਲ ਨੂੰ ਮਿਲੀ ਤਾਂ ਕਿਧਰੇ ਸਿੰਘਾਂ ਨੂੰ ਜ਼ਰਾ ਸੁਖ ਦਾ ਸਾਹ ਲੈਣਾ ਮਿਲਿਆ।

ਸੰਨ ੧੭੪੮ ਦੇ ਆਰੰਭ ਵਿੱਚ ਮਾਣੂਪੁਰ ਦੇ ਮੈਦਾਨ ਵਿੱਚ ਦੁੱਰਾਨੀ ਨੂੰ ਹਾਰ ਦੇ ਕੇ ਮੀਰ ਮੰਨੂੰ ਲਾਹੌਰ ਦਾ ਹਾਕਮ ਮੁਕੱਰਰ ਹੋਇਆ ਤਾਂ ਫਿਰ ਲਾਹੌਰ ਦੀ ਦੀਵਾਨੀ ਕੌੜਾ ਮੱਲ ਨੂੰ ਮਿਲੀ।

---

*ਰਾਮ ਸੁਖ ਰਾਓ, ਜੱਸਾ ਸਿੰਘ ਬਿਨੋਦ; ਰਾਮਜਸ, ਤਾਰੀਖ਼ਿ ਕਪੂਰਥਲਾ, ੧੪੪।



Digitized by Panjab Digital Library | www.panjabdigilib.org

ਇਸ ਵੇਲੇ ਭੀ ਇਨ੍ਹਾਂ ਨੇ ਹਰ ਹਾਲਤ ਵਿੱਚ ਸਿੱਖਾਂ ਨੂੰ ਦੁਖ ਤਕਲੀਫ਼ ਤੋਂ ਬਚਾਉਣ ਦੇ ਯਤਨ ਕੀਤੇ । ਜਿਸ ਵੇਲੇ ਮੀਰ ਮੰਨੂੰ ਦੀਆਂ ਫ਼ੌਜਾਂ ਨੇ ਰਾਮ ਰਾਉਣੀ ਅੰਮ੍ਰਿਤਸਰ ਨੂੰ ਘੇਰ ਲਿਆ ਤਾਂ ਆਪ ਅਦੀਨਾ ਬੇਗ ਖ਼ਾਨ, ਮਿਰਜ਼ਾ ਅਜ਼ੀਜ਼ ਖ਼ਾਨ ਬਖ਼ਸ਼ੀ ਤੇ ਹੋਰ ਘੇਰੂਆਂ ਦੇ ਨਾਲ ਸਨ। ਇੱਥੇ ਭੀ ਅੰਤ ਆਪ ਦੇ ਯਤਨਾਂ ਤੇ ਸਫ਼ਾਰਸ਼ ਨਾਲ ਹੀ ਇਹ ਘੇਰਾ ਉਠਾਇਆ ਗਿਆ ਸੀ ਤੇ ਬਹੁਤ ਸਾਰੇ ਸਿੰਘ ਸ਼ਹੀਦ ਹੋਣੋਂ ਬਚ ਗਏ ਸਨ।

ਜੌਰਜ ਫ਼ੌਰਸਟਰ ਆਪਣੀ ਚਿੱਠੀ ਨੰ: ੧੧ ਸੰਨ ੧੭੮੩* ਵਿੱਚ ਲਿਖਦਾ ਹੈ ਕਿ ਮੁਗ਼ਲ ਬਾਦਸ਼ਾਹ ਅਹਿਮਦ ਸ਼ਾਹ ਦੀ ਹਕੂਮਤ (ਸੰਨ ੧੭੪੮-੫੩) ਦੇ ਦਿਨਾਂ ਵਿੱਚ ਮੀਰ ਮੰਨੂੰ ਲਾਹੌਰ ਦੇ ਸੂਬੇਦਾਰ ਨੇ ਸਿੱਖਾਂ ਦੀ ਵਧ ਰਹੀ ਤਾਕਤ ਤੋਂ ਡਰ ਕੇ,ਜਿਸ ਦੇ ਅਸਰ ਅੱਗੇ ਹੀ ਉਸ ਦੇ ਆਪਣੇ ਮੁਲਕ ਵਿੱਚ ਹੀ ਸਿੱਖਾਂ ਵਲੋਂ ਹੋ ਰਹੀ ਮਾਰ ਧਾੜ ਤੋਂ ਦਿੱਸ ਪਏ ਸਨ, ਉਨ੍ਹਾਂ ਉੱਪਰ ਇੱਕ ਬੜਾ ਜ਼ਬਰਦਸਤ ਹੱਲਾ ਬੋਲਿਆ, ਅਤੇ ਖ਼ਿਆਲ ਕੀਤਾ ਜਾਂਦਾ ਹੈ ਕਿ

---

*Meer Munnoo, the Governor of Lahore in the reign of Ahmed Shah, alarmed at an encrease of power, the evils of which had been already manifested by the devastations of the Sicques in his own country, made a vigorous attack on them, and it is supposed that their force would then have been annihilated, had not this people found a strenuous advocate in his minister Korah Mul, who was himself of the Khualasah sect, and diverted Meer Munnoo from reaping the full fruits of the supriority he had gained.

[*A Journey from Bengal to England*, ptd. 1798, vol. I. 272-73.]

ਅੱਗੇ ਚੱਲ ਕੇ ਇੱਕ ਹੋਰ ਜਗਾ ਲਿਖਿਆ ਹੈ:—

...that the preservation of the Sicques from the effects of Meer Munnoo's success appears to have been largely promoted by the interference of his minister Korah Mul, who, being himself a Sicque, naturally became a trusty advocate of the sect. [*Ibid*, p. 284-85.]



Digitized by Panjab Digital Library | www.panjabdigilib.org

ਸਿੱਖਾਂ ਦੀ ਤਾਕਤ ਤਬਾਹ ਕਰ ਦਿੱਤੀ ਜਾਂਦੀ, ਜੇ ਇਨ੍ਹਾਂ ਲੋਕਾਂ ਨੂੰ ਮੰਨੂੰ ਦੇ ਵਜ਼ੀਰ ਕੌੜਾ ਮੱਲ ਵਰਗਾ ਤਕੜਾ ਹਿਮਾਇਤੀ ਨਾਂ ਮਿਲ ਜਾਂਦਾ, ਜੋ ਆਪ ਇੱਕ ਖ਼ੁਲਾਸਾ ਸਿੱਖ ਸੀ ਤੇ ਜਿਸ ਨੇ ਮੰਨੂੰ ਨੂੰ ਆਪਣੀ ਤਾਕਤ ਦਾ ਪੂਰਾ ਪੂਰਾ ਫ਼ਾਇਦਾ ਨਾਂ ਉਠਾਉਣ ਦਿੱਤਾ।

ਆਪ ਨੇ ਇਹ ਭੀ ਯਤਨ ਕੀਤਾ ਕਿ ਸਿੰਘਾਂ ਦਾ ਮੀਰ ਮੰਨੂੰ ਦੀ ਹਕੂਮਤ ਨਾਲ ਮਿਲ-ਵਰਤਨ ਹੋ ਜਾਏ ਤੇ ਹਕੂਮਤ ਵਲੋਂ ਇਨ੍ਹਾਂ ਨੂੰ ਕੋਈ ਤੌਖਲਾ ਨਾ ਰਹਿਣ ਕਰ ਕੇ ਇਨ੍ਹਾਂ ਨੂੰ ਹੋਰ ਜ਼ਿਆਦਾ ਵਧਣ ਫੁੱਲਣ ਦਾ ਅਵਸਰ ਮਿਲ ਸਕੇ ਤੇ ਦੂਸਰੇ ਪਾਸੇ ਹਕੂਮਤ ਭੀ ਹੋਰ ਜ਼ਰੂਰੀ ਕੰਮਾਂ ਵਲ ਧਿਆਨ ਦੇ ਸਕੇ। ਇਸੇ ਖ਼ਿਆਲ ਨਾਲ ਆਪ ਨੇ ਸਿਫ਼ਾਰਸ਼ ਕਰਕੇ ਸਿੰਘਾਂ ਦੇ ਗੁਜ਼ਾਰੇ ਲਈ ਪਰਗਣਾ ਪੱਟੀ ਦੇ ਮਾਮਲੇ ਦਾ ਚੌਥਾ ਹਿੱਸਾ ਰਾਮ ਰਾਉਣੀ ਦੇ ਨਾਮ ਜਾਗੀਰ ਲਿਖਵਾ ਦਿੱਤੀ* ਤੇ ਗੁਰੂ ਚੱਕ ਵਾਲ ਪਿੰਡਾਂ ਦਾ ਪੁਰਾਣਾ ਜ਼ਬਤ ਹੋਇਆ ਹੋਇਆ ਮਾਮਲਾ ਭੀ ਮੁੜ ਜਾਰੀ ਕਰਵਾ ਕੇ ਰਾਮ ਰਾਉਣੀ ਦੇ ਨਾਲੇ ਹੀ ਲਗਵਾ ਦਿੱਤਾ। ਇਹ ਇਸ ਮਿਲ-ਵਰਤਨ ਦਾ ਹੀ ਸਿੱਟਾ ਸੀ ਕਿ ਦਸ ਹਜ਼ਾਰ ਸਿੰਘ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਜੱਥੇਦਾਰੀ ਹੇਠਾਂ ਮੁਲਤਾਨ ਵਿੱਚ ਕੌੜਾ ਮੱਲ ਦੀ ਸ਼ਾਹਨਿਵਾਜ਼ ਖ਼ਾਨ ਦੇ ਵਿਰੁੱਧ ਸਹਾਇਤਾ ਕਰਨ ਗਏ ਸਨ ਤੇ ਮੀਰ ਮੰਨੂੰ ਦੇ ਖੁੱਸੇ ਹੋਏ ਮੁਲਤਾਨ ਦੇ ਸੂਬੇ ਵਿੱਚ ਮੁੜ ਉਸ ਦੀ ਸੂਬੇਦਾਰੀ ਨੂੰ ਬਰਕਰਾਰ ਰੱਖਣ ਵਿੱਚ ਕੌੜਾ ਮੱਲ ਦੀ ਮਾਰਫ਼ਤ ਉਸ ਦੇ ਸਹਾਈ ਹੋਏ ਸਨ। ਫੇਰ ਸੰਨ ੧੭੫੧-੧੭੫੨ ਵਿੱਚ ਜਦ ਅਹਿਮਦ ਸ਼ਾਹ ਦੁੱਰਾਨੀ ਨੇ ਹਿੰਦੋਸਤਾਨ ਉੱਤੇ ਤੀਸਰੀ ਵਾਰੀ ਆ ਹੱਲਾ

*ਖੁਸ਼ਵਕਤ ਰਾਏ, ਤਾਰੀਖ਼ਿ ਸਿੱਖਾਂ, ੬੮।



Digitized by Panjab Digital Library | www.panjabdigilib.org

ਕੀਤਾ ਤਾਂ ਭੀ ਕੌੜਾ ਮੱਲ ਦੇ ਸੱਦੇ ਉੱਤੇ ਤੀਹ ਹਜ਼ਾਰ ਸਿੰਘ ਮੀਰ ਮੰਨੂੰ ਦੀ ਸਹਾਇਤਾ ਨੂੰ ਗਏ ਸਨ।

ਮਹਾਰਾਜਾ ਕੌੜਾ ਮੱਲ ਬਹਾਦੁਰ ਨੇ ਖ਼ਾਨ ਬਹਾਦੁਰ ਜ਼ਕਰੀਆ ਖ਼ਾਨ, ਸ਼ਾਹਨਿਵਾਜ਼ ਖ਼ਾਨ ਅਤੇ ਮੀਰ ਮੰਨੂੰ ਦੀ ਪੰਜਾਬ ਵਿੱਚ ਹਕੂਮਤ ਦੇ ਦਿਨੀਂ ਜੋ ਪਦਵੀ ਪ੍ਰਾਪਤ ਕੀਤੀ, ਓਹ ਕੇਵਲ ਆਪਣੀ ਲਿਆਕਤ ਅਤੇ ਬਹਾਦੁਰੀ ਦੇ ਬਲ ਬੋਤੇ ਤੇ ਸੀ। ਇਸ ਤੋਂ ਬਿਨਾਂ ਆਪ ਦਾ ਹੋਰ ਕੋਈ ਆਸਰਾ ਨਹੀਂ ਸੀ। ਆਪ ਦੀ ਪਿੱਠ ਤੇ ਨਾਂ ਤਾਂ ਕੋਈ ਖ਼ਾਸ ਖ਼ਾਨਦਾਨੀ ਰਸੂਖ਼ ਹੀ ਸੀ ਤੇ ਨਾਂ ਹੀ ਧਨ ਪਦਾਰਥ ਦਾ ਜ਼ੋਰ।

ਆਪ ਦੀ ਬਹਾਦੁਰੀ ਦਾ ਸਿੱਕਾ ਉਸ ਵੇਲੇ ਸਭ ਦੇ ਦਿਲ ਤੇ ਬੈਠਾ ਹੋਇਆ ਸੀ। ਬੁਧ ਸਿੰਘ ਆਪਣੀ ਪੁਸਤਕ ਰਿਸਾਲਾ-ਇ-ਨਾਨਕ ਸ਼ਾਹ ਵਿੱਚ ਲਿਖਦਾ ਹੈ ਕਿ ਬਹਾਦੁਰੀ ਤੇ ਮਰਦਾਨਗੀ ਵਿੱਚ ਕੌੜਾ ਮੱਲ ਦੇ ਪੱਲੇ ਦਾ ਹੋਰ ਕੋਈ ਨਹੀਂ ਸੀ*। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕੌੜਾ ਮੱਲ ਦੀ ਬਹਾਦੁਰੀ ਬਾਬਤ ਇਹ ਰਾਇ ਅੱਖਰੋ ਅੱਖਰ ਸੱਚ ਹੈ। ਜਿਸ ਲੜਾਈ ਦੇ ਮੈਦਾਨ ਵਿੱਚ ਭੀ ਆਪ ਗਏ, ਫ਼ਤਿਹ ਨੇ ਅੱਗੇ ਹੋ ਕੇ ਆਪ ਦੇ ਪੈਰ ਚੁੰਮੇ ਤੇ ਵਿਰੋਧੀ ਦਲਾਂ ਵਿੱਚ ਭਾਜੜਾਂ ਪੈ ਗਈਆਂ। ਖ਼ਾਨ ਬਹਾਦੁਰ ਜ਼ਕਰੀਆ ਖ਼ਾਨ ਦੇ ਜ਼ਮਾਨੇ ਵਿੱਚ ਪਨਾਹ ਭੱਟੀ ਵਰਗੇ ਬਾਗ਼ੀ ਤੇ ਲੁਟੇਰੇ ਨੂੰ ਸਿੱਧੇ ਕਰਨਾ ਆਪ ਦਾ ਹੀ ਕੰਮ ਸੀ। ਕਸੂਰ ਦੇ ਅਫ਼ਗਾਨ ਇਨ੍ਹਾਂ ਦਿਨਾਂ ਵਿੱਚ ਤਕੜੇ ਸਿਰਕੱਢ ਸਨ। ਲਾਹੌਰ ਅਤੇ ਇਰਦ ਗਿਰਦ ਵਿੱਚ ਸਾਰੇ ਇਨ੍ਹਾਂ ਪਾਸੋਂ ਖ਼ਮ ਖਾਂਦੇ ਸਨ। ਯਾਹੀਆ ਖ਼ਾਨ ਨੂੰ ਸ਼ਾਹਨਿਵਾਜ਼ ਖ਼ਾਨ ਦੀ ਕੈਦ ਵਿੱਚੋਂ ਕੱਢ ਕੇ ਕਸੂਰ ਲੈ ਜਾਣਾ ਤੇ ਓਥੋਂ ਅੱਗੇ

*ਰਿਸਾਲਾ-ਇ-ਨਾਨਕ ਸ਼ਾਹ [ ਸੰਨ ੧੭੮੩ ], ਪੰ: ੧੨੪.



Digitized by Panjab Digital Library | www.panjabdigilib.org

ਦਿੱਲੀ ਪਹੁੰਚਾ ਦੇਣਾ ਇਨ੍ਹਾਂ ਦਾ ਹੀ ਕੰਮ ਸੀ, ਪਰ ਇਹੋ ਜਿਹੇ ਕਸੂਰੀ ਅਫ਼ਗਾਨਾਂ ਦਾ ਪਿੱਛਾ ਕਰਨਾ ਤੇ ਕਸੂਰੋਂ ਰੁਕਨ ਦੀਨ, ਮੁਰਾਦ ਖ਼ਾਨ, ਗੁਲਾਮ ਮਹਈਯੁੱਦੀਨ ਤੇ ਉਨ੍ਹਾਂ ਦੇ ਬਾਈ ਹੋਰ ਸਾਜ਼ਸ਼ੀ ਸਾਥੀਆਂ ਨੂੰ ਫੜ ਲਿਆਉਣਾ ਕੌੜਾ ਮੱਲ ਵਰਗੇ ਸ਼ੇਰ ਮਰਦ ਦਾ ਹੀ ਹੌਸਲਾ ਸੀ।

ਮੀਰ ਮੰਨੂੰ ਦੇ ਜ਼ਮਾਨੇ ਵਿੱਚ ਭੀ ਜਿਤਨੀਆਂ ਮੁਹਿੰਮਾਂ ਕੌੜਾ ਮੱਲ ਨੂੰ ਪਈਆਂ ਉਨ੍ਹਾਂ ਸਾਰੀਆਂ ਵਿੱਚ ਹੀ ਓਹ ਕਾਮਯਾਬ ਰਹੇ। ਰਾਮ ਰਾਉਣੀ ਦੀ ਮੁਹਿੰਮ ਵਿੱਚ ਉਨ੍ਹਾਂ ਦੀ ਹੀ ਸਲਾਹ ਦੀ ਕਾਮਯਾਬੀ ਸੀ ਕਿ ਇੱਕ ਪਾਸੇ ਤਾਂ ਉਨ੍ਹਾਂ ਨੇ ਆਪਣੇ ਸੈਂਕੜੇ ਗੁਰ-ਭਾਈਆਂ ਦੀ ਜਾਨ ਬਚਾ ਲਈ ਤੇ ਦੂਸਰੇ ਪਾਸੇ ਸਿੰਘਾਂ ਅਤੇ ਹਕੂਮਤ ਵਿੱਚ ਮਿਲ-ਵਰਤਣ ਦਾ ਰਾਹ ਬਣਾ ਕੇ ਮੁਲਤਾਨ ਦੀ ਮੁਹਿੰਮ ਉਨ੍ਹਾਂ ਦੀ ਸਹਾਇਤਾ ਨਾਲ ਫ਼ਤਿਹ ਕਰ ਲਈ।

ਜੰਮੂ ਦੇ ਪਹਾੜੀ ਰਾਜਿਆਂ ਨੂੰ ਸੋਧਣ, ਮੁਲਤਾਨ ਵਿੱਚ ਜ਼ਾਹਦ ਖ਼ਾਨ ਨੂੰ ਹਰਾ ਕੇ ਉਸ ਤੋਂ ਹਕੂਮਤ ਲੈਣ ਅਤੇ ਨਾਸਰ ਖ਼ਾਨ ਦੀ ਬਗ਼ਾਵਤ ਨੂੰ ਮਿਟਾਉਣ ਵੇਲੇ ਆਪ ਦੀ ਬਹਾਦੁਰੀ ਨੇ ਮੀਰ ਮੰਨੂੰ ਦੇ ਦਿਲ ਤੇ ਬੜਾ ਗਹਿਰਾ ਅਸਰ ਕੀਤਾ ਸੀ। ਇਸ ਲਈ ਹੀ ਜਿਸ ਵੇਲੇ ਸ਼ਾਹਨਿਵਾਜ਼ ਖ਼ਾਨ ਦਿੱਲੀ ਦੇ ਵੱਡੇ ਵਜ਼ੀਰ ਸਫ਼ਦਰਜੰਗ ਦੀ ਮਦਦ ਨਾਲ ਮੁਲਤਾਨ ਤੇ ਕਬਜ਼ਾ ਕਰ ਬੈਠਾ ਤਾਂ ਉਸ ਨੇ ਉਸ ਦੇ ਵਿਰੁੱਧ ਕੌੜਾ ਮੱਲ ਨੂੰ ਹੀ ਭੇਜਣਾ ਮੁਨਾਸਿਬ ਸਮਝਿਆ ਜਿੱਥੇ ਕਿ ਉਸ ਨੇ ਖੁੱਸਾ ਹੋਇਆ ਸੂਬਾ ਮੁੜ ਜਿੱਤ ਕੇ ਮੀਰ ਮੰਨੂੰ ਦੀ ਤਾਕਤ ਨੂੰ ਮਜ਼ਬੂਤ ਕਰ ਦਿੱਤਾ। ਇਸ ਵੇਲੇ ਆਪ ਦੀ ਬਹਾਦੁਰੀ ਵਜੋਂ ਹੀ ਮੀਰ ਮੰਨੂੰ ਨੇ ਆਪ ਨੂੰ 'ਮਹਾਰਾਜਾ ਬਹਾਦੁਰ' ਦਾ ਖ਼ਿਤਾਬ ਦਿੱਤਾ ਤੇ ਓਥੇ ਦਾ ਹਾਕਮ ਨਿਯਤ ਕੀਤਾ।

ਮੁਲਤਾਨ ਦੀ ਹਕੂਮਤ ਦੇ ਦਿਨਾਂ ਵਿੱਚ ਆਪ ਨੇ ਸਾਹੀਵਾਲ



Digitized by Panjab Digital Library | www.panjabdigilib.org

ਦੇ ਬਲਵੇ ਨੂੰ ਮਿਟਾਇਆ, ਜਾਨ-ਨਿਸਾਰ ਖ਼ਾਨ ਦੀ ਬਗ਼ਾਵਤ ਨੂੰ ਡੇਰਾ ਗਾਜ਼ੀ ਖ਼ਾਨ ਵਿੱਚ ਦਬਾਇਆ ਤੇ ਇੱਕ ਜੰਗ ਵਿੱਚ ਕਲਹੋੜਾਂ ਨੂੰ ਹਾਰ ਦਿੱਤੀ। ਦੁੱਰਾਨੀ ਦੇ ਤੀਸਰੇ ਹੱਲੇ ਵੇਲੇ ਮਹਿਮੂਦ ਬੂਟੀ ਦੀ ਲੜਾਈ ਵਿੱਚ ਆਪ ਦੀ ਬਹਾਦੁਰੀ ਦਾ ਹੀ ਨਤੀਜਾ ਸੀ ਕਿ ਦੁੱਰਾਨੀ ਪਿੱਛੇ ਨੂੰ ਹਟਣੇ ਸ਼ੁਰੂ ਹੋ ਗਏ ਸਨ। ਇਸ ਵੇਲੇ ਜਦ ਕਿ ਆਪ ਦੇ ਹਾਥੀ ਦਾ ਪੈਰ ਕਬਰ ਵਿੱਚ ਪੈ ਗਿਆ ਤੇ ਆਪ ਮੁੜ ਸਾਵਧਾਨ ਹੋ ਰਹੇ ਸਨ, ਜੇ ਈਰਖਾ ਦਾ ਸੜਿਆ ਹੋਇਆ ਅਦੀਨਾ ਬੇਗ਼ ਬਾਜ਼ੀਦ ਖ਼ਾਨ ਕਸੂਰੀਏ ਪਾਸੋਂ ਆਪ ਪਰ ਗੋਲੀ ਨਾ ਚਲਵਾ ਦਿੰਦਾ ਤੇ ਆਪ ਚਲਾਣਾ ਨਾ ਕਰ ਜਾਂਦੇ, ਤਾਂ ਲੜਾਈ ਦਾ ਨਕਸ਼ਾ ਹੋਰ ਹੀ ਹੁੰਦਾ।

ਖ਼ੁਦ ਅਹਿਮਦ ਸ਼ਾਹ ਦੁੱਰਾਨੀ ਵਰਗਾ ਬਹਾਦੁਰ ਸਿਪਾਹੀ ਤੇ ਜਰਨੈਲ ਭੀ ਆਪ ਦੀ ਬਹਾਦੁਰੀ ਦਾ ਲੋਹਾ ਮੰਨਦਾ ਸੀ। ਤਾਰੀਖ਼ਿ ਅਹਿਮਦ ਸ਼ਾਹੀ ਵਿੱਚ ਲਿਖਿਆ ਹੈ ਕਿ ਜਿਸ ਵੇਲੇ ਕੌੜਾ ਮੱਲ ਦੇ ਮਾਰੇ ਜਾਣ ਪਿੱਛੋਂ ਮੀਰ ਮੰਨੂੰ ਦੀਆਂ ਫ਼ੌਜਾਂ ਨੂੰ ਭਾਂਜ ਪੈ ਗਈ ਤੇ ਲੜਾਈ ਹਾਰੀ ਗਈ ਅਤੇ ਮੀਰ ਮੰਨੂੰ ਨੇ ਸੁਲਾਹ ਲਈ ਪੈਗ਼ਾਮ ਭੇਜਿਆ, ਤਾਂ ਅੱਗੋਂ ਅਹਿਮਦ ਸ਼ਾਹ ਦੁੱਰਾਨੀ ਨੇ ਕਹਿ ਭੇਜਿਆ ਕਿ ਮੇਰਾ ਕੰਮ ਤਾਂ ਕੌੜਾ ਮੱਲ ਤੱਕ ਹੀ ਸੀ ਅਰਥਾਤ ਜਿਤਨੀ ਦੇਰ ਤੱਕ ਕੌੜਾ ਮੱਲ ਜੀਉਂਦਾ ਫ਼ੌਜਾਂ ਲੈ ਕੇ ਡਟਿਆ ਖੜੋਤਾ ਸੀ ਉਤਨੀ ਦੇਰ ਹੀ ਮੈਨੂੰ ਡਰ ਸੀ, ਹੁਣ ਤੂੰ ਆਪਣੇ ਕਿਲੇ ਵੱਸ। ਮੈਨੂੰ ਤੇਰੇ ਅਤੇ ਤੇਰੇ ਸ਼ਹਿਰ ਨਾਲ ਸਰੋਕਾਰ ਨਹੀਂ। ਮੈਂ ਜਿਤਨਾਂ ਰੁਪਇਆ ਮੰਗਿਆ ਹੈ ਉਹ ਖ਼ੁਦ ਆਪਣੇ ਪਾਸੋਂ ਜਾਂ ਰਿਆਇਆ ਕੋਲੋਂ ਅਕੱਠਾ ਕਰ ਕੇ ਭੇਜ ਦੇ, ਮੈਂ ਆਪਣੇ ਵਤਨ ਨੂੰ ਮੁੜ ਜਾਵਾਂਗਾ।*

ਮਹਾਰਾਜਾ ਕੌੜਾ ਮੱਲ ਜਿੱਥੇ ਬਹਾਦੁਰੀ ਵਿੱਚ ਯਕਤਾ ਸੀ

*ਤਾਰੀਖ਼ਿ ਅਹਿਮਦ ਸ਼ਾਹੀ, ੩੧ ਅ.



Digitized by Panjab Digital Library | www.panjabdigilib.org

ਉੱਥੇ ਓਹ ਗੁਸੈਲਾ, ਥੋੜ੍ਹ-ਦਿਲਾ ਯਾ ਹੋਛਾ ਨਹੀਂ ਸੀ। ਜਿਸ ਵੇਲੇ ਵਲੀਦਾਦ ਖ਼ਾਨ ਦਾ ਮਾਮਲਾ ਆਪ ਦੇ ਪੇਸ਼ ਹੋਇਆ ਤਾਂ ਆਪ ਨੇ ਉਸ ਪਰ ਕੋਈ ਸਖ਼ਤੀ ਨਹੀਂ ਕੀਤੀ। ਭਾਵੇਂ ਉਸ ਵੱਲ ਸਰਕਾਰੀ ਮਾਮਲੇ ਦੀ ਬਹੁਤ ਸਾਰੀ ਰਕਮ ਨਿਕਲਦੀ ਸੀ ਪਰ ਚੂੰਕਿ ਓਹ ਇੱਕ ਸ਼ਰੀਫ਼ ਤੇ ਵਫ਼ਾਦਾਰ ਸਰਕਾਰੀ ਅਫ਼ਸਰ ਸੀ ਇਸ ਲਈ ਓਸ ਨੂੰ ਕੇਵਲ ਆਪਣਾ ਹਿਸਾਬ ਕਿਤਾਬ ਸਮਝਾਉਣ ਲਈ ਨਾਲ ਲਾਹੌਰ ਲੈ ਗਏ ਸਨ।*

ਆਪ ਜਿਸ ਭੀ ਪੋਜ਼ੀਸ਼ਨ ਤੇ ਰਹੇ, ਸੂਬੇ ਦੇ ਹੁਕਮਰਾਨ ਦੇ ਪੂਰਨ ਹਿਤੈਸ਼ੀ ਤੇ ਵਫ਼ਾਦਾਰ ਰਹੇ। ਜਿਸ ਵੇਲੇ ਆਪ ਉਸ ਦੀ ਕਿਸੇ ਕਾਰਵਾਈ ਦੇ ਕਾਰਣ ਓਸ ਨਾਲ ਸਹਿਮਤ ਨਾ ਰਹਿ ਸਕੇ, ਤਾਂ ਆਪ ਨੇ ਉਸ ਦੀ ਨੌਕਰੀ ਛੱਡ ਦਿੱਤੀ ਤੇ ਉਸ ਤੋਂ ਅਲਹਿਦਾ ਹੋ ਗਏ। ਆਪ ਇਸ ਗੱਲ ਨੂੰ ਬੇਈਮਾਨੀ ਤੇ ਗ਼ੱਦਾਰੀ ਸਮਝਦੇ ਸਨ ਕਿ ਨੌਕਰੀ ਵਿੱਚ ਟਿਕੇ ਰਹਿ ਕੇ ਉਸ ਵਲੋਂ ਮਿਲ ਰਹੀ ਤਨਖ਼ਾਹ ਤੇ ਹੋਰ ਬਖ਼ਸ਼ਸ਼ਾਂ ਤੋਂ ਫ਼ਾਇਦਾ ਭੀ ਉਠਾਈ ਜਾਣ ਤੇ ਨਵਾਬ ਨਾਸਰ ਖ਼ਾਨ ਦੀ ਤਰਾਂ ਅੰਦਰੋਂ ਅੰਦਰ ਆਪਣੇ ਮਾਲਕ ਦੇ ਦੁਸ਼ਮਨਾਂ ਨਾਲ ਰਲ ਕੇ ਉਸ ਦੀ ਮੁਖ਼ਾਲਫ਼ਤ ਕਰਨ ਲੱਗ ਪੈਣ ਤੇ ਉਸ ਨੂੰ ਨੁਕਸਾਨ ਪਹੁੰਚਾਉਣ ਲਈ ਉਸ ਦੇ ਵਿਰੁੱਧ ਖੜੇ ਹੋ ਜਾਣ।

ਆਪ ਖ਼ਾਨ ਬਹਾਦੁਰ ਜ਼ਕਰੀਆ ਖ਼ਾਨ ਦੇ ਪੂਰੇ ਵਫ਼ਾਦਾਰ ਰਹੇ। ਜਦ ਯਾਹੀਆ ਖ਼ਾਨ ਤੇ ਲਖਪਤ ਰਾਏ ਵਲੋਂ ਸਿੱਖਾਂ ਪਰ ਹੋ ਰਹੀਆਂ ਵਧੀਕੀਆਂ ਦੇ ਕਾਰਣ ਮਜਬੂਰ ਹੋ ਗਏ ਤਾਂ ਉਸ ਦੀ ਨੌਕਰੀ ਛੱਡ ਕੇ ਮੁਲਤਾਨ ਚਲੇ ਗਏ। ਓਥੋਂ ਸ਼ਾਹਨਿਵਾਜ਼ ਦੇ ਨਾਲ ਫਿਰ ਲਾਹੌਰ ਆਏ ਤੇ ਉਸ ਦੇ ਦੀਵਾਨ ਮੁਕੱਰਰ ਹੋਣ ਪਰ ਆਖ਼ੀਰ

---

*ਨੂਰ ਮੁਹੰਮਦ ਚੇਲਾ, ਤਾਰੀਖ਼ਿ ਝੰਗ ਸਿਆਲ, ੫੫।



Digitized by Panjab Digital Library | www.panjabdigilib.org

ਤੱਕ ਉਸ ਦੇ ਨਾਲ ਮਿਲ-ਵਰਤਣ ਕਰਦੇ ਰਹੇ। ਪਰ ਜਦ ਦੁੱਰਾਨੀ ਨੇ ਪੰਜਾਬ ਪਰ ਪਹਿਲੀ ਵਾਰੀ ਹੱਲਾ ਬੋਲਿਆ ਅਤੇ ਸ਼ਾਹਨਿਵਾਜ਼ ਖ਼ਾਨ ਲਾਹੌਰ ਨੂੰ ਦੁੱਰਾਨੀਆਂ ਦੇ ਹੱਥੋਂ ਲੁਟੀਂਦਾ ਛੱਡ ਕੇ ਕਾਇਰਾਂ ਵਾਂਢੂ ਭੱਜ ਨਿਕਲਿਆ ਤਾਂ ਦੁੱਰਾਨੀ ਨੇ ਕੌੜਾ ਮੱਲ ਦੀ ਥਾਂ ਲਖਪਤ ਰਾਏ ਨੂੰ ਦੀਵਾਨ ਬਣਾਇਆ। ਫਿਰ ਦੁੱਰਾਨੀ ਦੇ ਹਾਰ ਕੇ ਵਿਲਾਇਤ ਨੂੰ ਮੁੜ ਜਾਣ ਪਰ ਮੀਰ ਮੰਨੂੰ ਲਾਹੌਰ ਤੇ ਮੁਲਤਾਨ ਦੋਹਾਂ ਸੂਬਿਆਂ ਦਾ ਹਾਕਮ ਬਣ ਕੇ ਆਇਆ ਤੇ ਓਸ ਨੇ ਕੌੜਾ ਮੱਲ ਨੂੰ ਆਪਣਾ ਦੀਵਾਨ ਤੇ ਮੁਲਤਾਨ ਦਾ ਨਾਇਬ ਹਾਕਮ ਮੁਕੱਰਰ ਕੀਤਾ। ਮੀਰ ਮੰਨੂੰ ਨੇ ਇਨ੍ਹਾਂ ਨੂੰ ਕਈ ਔਖੀਆਂ ਮੁਹਿੰਮਾਂ ਪਰ ਭੀ ਭੇਜਿਆ ਜਿਨ੍ਹਾਂ ਨੂੰ ਕਿ ਆਪ ਨੇ ਪੂਰਣ ਦਿਆਨਤਦਾਰੀ ਤੇ ਵਫ਼ਾਦਾਰੀ ਨਾਲ ਸਿਰੇ ਚੜ੍ਹਾਇਆ ਅਤੇ ਅੰਤ ਮੀਰ ਮੰਨੂੰ ਵਲੋਂ ਦੁੱਰਾਨੀਆਂ ਨਾਲ ਲੜਦੇ ਆਪਣੀ ਜਾਨ ਤੱਕ ਭੀ ਕੁਰਬਾਨ ਕਰ ਗਏ।



Digitized by Panjab Digital Library | www.panjabdigilib.org

# ਸੰਤਾਨ ਤੇ ਕੁਰਸੀਨਾਮਾ

ਆਪ ਦੇ ਦੋ ਪੁਤ੍ਰ ਸਨ, ਦੀਵਾਨ ਤੇਖਾ ਰਾਮ ਤੇ ਦੀਵਾਨ ਹਰੀ ਸਿੰਘ। ਆਪ ਦੀ ਮੌਤ ਦੇ ਬਾਦ ਦੀਵਾਨ ਹਰੀ ਸਿੰਘ ਨੇ ਨਾਂ ਤੇ ਮੁਲਤਾਨ ਰਹਿਣਾ ਹੀ ਖ਼ਤਰੇ ਤੋਂ ਖਾਲੀ ਡਿੱਠਾ ਅਤੇ ਨਾਂ ਹੀ ਲਾਹੌਰ। ਇਹ ਦੋਨੋਂ ਸ਼ਹਿਰ ਰਾਜਸੀ ਪ੍ਰਭਤਾ ਦੇ ਕਾਰਣ ਰਾਜ-ਰੌਲੇ ਦੇ ਅੱਡੇ ਬਣੇ ਹੋਏ ਸਨ। ਇਸ ਵੇਲੇ ਜੇ ਕੋਈ ਅਸਥਾਨ ਅਮਨ ਅਮਾਨ ਵਾਲਾ ਸੀ ਤਾਂ ਓਹ ਜੰਮੂੰ ਸੀ। ਇੱਕ ਤਾਂ ਲਾਹੌਰ ਤੇ ਮੁਲਤਾਨ ਦੇ ਮੁਕਾਬਲੇ ਤੇ ਰਾਜਸੀ ਨੁਕਤਾ ਨਿਗਾਹ ਤੋਂ ਇਨ੍ਹਾਂ ਨਾਲੋਂ ਘੱਟ ਸੀ ਤੇ ਦੂਸਰੇ ਕਾਬਲ ਯਾ ਕੰਧਾਰ ਤੋਂ ਦਿੱਲੀ ਨੂੰ ਜਾ ਰਹੀਆਂ ਸੜਕਾਂ ਤੋਂ ਦੁਰੇਡੇ ਸੀ, ਇਸ ਲਈ ਉੱਤ੍ਰ-ਪੱਛੋਂ ਤੋਂ ਆ ਕੇ ਹਮਲਾ ਕਰਨ ਵਾਲਿਆਂ ਦੀ ਸਿੱਧੀ ਸੱਟ ਦਾ ਨਿਸ਼ਾਨਾ ਨਹੀਂ ਸੀ ਬਣਦਾ। ਇਸ ਕਰਕੇ ਸਰਦੇ ਪੁਜਦੇ ਲੋਕ ਅਤੇ ਲਾਹੌਰੋਂ ਭੱਜੇ ਹੋਏ ਹਾਕਮ ਯਾ ਉਨ੍ਹਾਂ ਦੇ ਸੰਬੰਧੀ ਤੇ ਅਹਿਲਕਾਰ ਆਪਣੀ ਜਾਨ ਮਾਲ ਦੀ ਹਿਫ਼ਾਜ਼ਤ ਤੇ ਅਮਨ ਦੀ ਜ਼ਿੰਦਗੀ ਲਈ ਇੱਥੇ ਆ ਵਸਦੇ ਸਨ। ਚੁਨਾਂਚਿ ਇਨ੍ਹਾਂ ਹੀ ਕਾਰਣਾਂ ਕਰਕੇ ਮਲਿਕਾ ਜ਼ਮਾਨੀ ਬੇਗ਼ਮ, ਮੀਰ ਮੰਨੂੰ ਦੀ ਵਿਧਵਾ ਮੁਰਾਦ ਬੇਗ਼ਮ ਤੇ ਦੀਵਾਨ ਲਖਪਤ ਰਾਏ ਦੇ ਪੁਤ੍ਰ ਦਲਪਤ ਰਾਏ ਨੇ ਤੇ ਹੋਰ ਕਈਆਂ ਨੇ ਮੁਸ਼ਕਲ ਵੇਲੇ ਜਮੂੰ ਹੀ ਰਿਹਾਇਸ਼ ਅਖ਼ਤਿਆਰ ਕੀਤੀ। ਇਸ ਲਈ ਦੀਵਾਨ ਹਰੀ ਸਿੰਘ ਭੀ ਆਪਣੇ ਟੱਬਰ ਕਬੀਲੇ ਸਮੇਤ ਜਮੂੰ ਚਲੇ ਗਏ। ਇਸ ਵੇਲੇ ਇੱਥੇ ਰਾਜਾ ਰਣਜੀਤ ਦੇਵ ਰਾਜ ਕਰਦਾ ਸੀ। ਖੁਸ਼ਵਕਤ ਰਾਏ ਆਪਣੀ ਤਾਰੀਖ਼ਿ ਸਿੱਖਾਂ ਵਿੱਚ ਲਿਖਦਾ ਹੈ ਕਿ ਮਹਾਰਾਜਾ ਕੌੜਾ ਮੱਲ ਨੇ ਇਸ ਪਰ ਕਿਸੇ



Digitized by Panjab Digital Library | www.panjabdigilib.org

ਵੇਲੇ* ਮੇਹਰਬਾਨੀ ਕੀਤੀ ਹੋਈ ਸੀ ਇਸ ਲਈ ਇਹ ਮਹਾਰਾਜਾ ਬਹਾਦੁਰ ਦਾ ਇਹਸਾਨਮੰਦ ਸੀ। ਇਸ ਕਰਕੇ ਦੀਵਾਨ ਹਰੀ ਸਿੰਘ ਆਪਣੇ ਆਪ ਨੂੰ ਹੋਰ ਭੀ ਚੰਗੀ ਜਗਾ ਆ ਪੁੱਜਾ ਸਮਝਦਾ ਸੀ।

ਰਾਜਾ ਰਣਜੀਤ ਦੇਵ ਆਪਣੀ ਇਹਸਾਨਮੰਦੀ ਆਪਣੀ ਜ਼ਿੰਦਗੀ ਨਾਲ ਨਿਭਾ ਗਿਆ ਤੇ ਅੰਤ ਸਮੇਂ ਆਪਣੇ ਪੁਤ੍ਰਾਂ ਨੂੰ ਵਸੀਅਤ ਕਰ ਗਿਆ ਕਿ ਭੰਗੀ ਸਰਦਾਰਾਂ ਨਾਲ ਨਾਂ ਬਿਗਾੜਨੀ, ਦੀਵਾਨ ਹਰੀ ਸਿੰਘ ਤੇ ਦਲਪਤ ਰਾਏ (ਦੀਵਾਨ ਲਖਪਤ ਰਾਏ ਦੇ ਪੁਤ੍ਰ) ਨਾਲ ਬਦੀ ਨਾ ਕਰਨੀ ਤੇ ਦਲੇਲ ਸਿੰਘ ਦੀ ਤਾਬੇਦਾਰੀ ਤੋਂ ਬਾਹਰ ਨਾਂ ਜਾਣਾ। ਪਰ ਪਿਓ ਦੇ ਅੱਖਾਂ ਮੀਟਣ ਦੀ ਦੇਰ ਸੀ, ਕਿ ਬ੍ਰਿਜਰਾਜ ਦੇਵ ਨੇ ਆਪਣੇ ਛੋਟੇ ਭਰਾ ਦਲੇਲ ਸਿੰਘ ਨੂੰ ਮਰਵਾ ਦਿੱਤਾ ਤੇ ਆਪ ਸਾਰੇ ਦੇਸ ਤੇ ਕਬਜ਼ਾ ਕਰ ਲਿਆ। ਦਲੇਲ ਸਿੰਘ ਦੇ ਦੋ ਪੁਤ੍ਰ ਜੰਗ ਵਿੱਚ ਲੜਦੇ ਮਾਰੇ ਗਏ। ਭਰਾ ਭਤੀਜਿਆਂ ਨੂੰ ਖ਼ਤਮ ਕਰ ਕੇ ਜਦ ਬ੍ਰਿਜਰਾਜ ਦੇਵ ਵੇਹਲਾ ਹੋ ਕੇ ਤਖ਼ਤ ਤੇ ਬੈਠਾ ਤਾਂ ਉਸ ਨੇ ਮਹਾਰਾਜਾ ਕੌੜਾ ਮੱਲ ਬਹਾਦੁਰ ਦੀ ਉਸ ਦੇ ਪਿਓ ਰਾਜਾ ਰਣਜੀਤ ਦੇਵ ਨਾਲ ਕੀਤੀ ਮੇਹਰਬਾਨੀ ਅਤੇ ਉਸ ਦੀ ਅੰਤਮ ਨਸੀਹਤ ਨੂੰ ਇਕ ਦਮ ਭੁਲਾ ਦਿੱਤਾ ਅਤੇ ਦੀਵਾਨ ਹਰੀ ਸਿੰਘ ਆਦਿ ਮਹਾਰਾਜਾ ਕੌੜਾ ਮੱਲ ਦੇ ਖ਼ਾਨਦਾਨੀਆਂ ਨੂੰ ਕੈਦ ਕਰ ਲਿਆ ਤੇ ਕਰੀਬਨ ਪੰਜ ਲੱਖ ਰੁਪਇਆ ਨਕਦ ਤੇ ਉਨ੍ਹਾਂ ਦੀ ਜਾਇਦਾਦ ਜ਼ਬਤ ਕਰ ਲਈ।†

---

*ਇਹ ਵੇਲਾ ਜੰਮੂੰ ਦੀ ਮੁਹਿੰਮ ਦਾ ਹੀ ਹੋ ਸਕਦਾ ਹੈ ਜਦ ਕਿ ਦੀਵਾਨ ਕੌੜਾ ਮੱਲ ਮੀਰ ਮੰਨੂੰ ਵਲੋਂ ਜੰਮੂੰ ਅਤੇ ਹੋਰ ਪਹਾੜੀ ਰਾਜਿਆਂ ਨੂੰ ਸੋਧਨ ਗਏ ਸਨ। ਦੇਖੋ ਪੰਨਾ ੫੦–੧।

†ਖੁਸ਼ਵਕਤ ਰਾਏ, ਤਾਰੀਖ਼ਿ-ਸਿੱਖਾਂ, ੧੪੪; ਹਿਸਟਰੀ ਔਫ਼ ਦੀ ਪੰਜਾਬ (੧੮੪੬) ਜਿਲਦ ੧, ੨੪੬; ਪ੍ਰਿੰਸੇਪ, ਰਣਜੀਤ ਸਿੰਘ, ੨੧੯–੨੦.



Digitized by Panjab Digital Library | www.panjabdigilib.org

ਇਸ ਤੋਂ ਬਾਦ ਮਹਾਰਾਜਾ ਕੌੜਾ ਮੱਲ ਦਾ ਖ਼ਾਨਦਾਨ ਥਾਓਂ ਥਾਈਂ ਖਿੱਲਰ ਗਿਆ ਤੇ ਇਨ੍ਹਾਂ ਦੀ ਸੰਤਾਨ ਕਾਫ਼ੀ ਵਧੀ ਫੁੱਲੀ, ਪਰ ਚੂੰਕਿ ਇਨ੍ਹਾਂ ਵਿੱਚੋਂ ਕੋਈ ਆਦਮੀ ਇਤਨਾ ਪ੍ਰਸਿੱਧ ਨਹੀਂ ਹੋਇਆ ਜਿਸ ਨੇ ਕਿ ਪੰਜਾਬ ਦੇ ਰਾਜਸੀ ਤੇ ਧਾਰਮਕ ਇਤਿਹਾਸ ਵਿੱਚ ਕੋਈ ਖ਼ਾਸ ਉੱਚਤਾ ਪ੍ਰਾਪਤ ਕੀਤੀ ਹੋਵੇ, ਇਸ ਲਈ ਉਨ੍ਹਾਂ ਵਿੱਚੋਂ ਕਿਸੇ ਦਾ ਵੇਰਵੇ ਸਹਿਤ ਹਾਲ ਇੱਥੇ ਨਹੀਂ ਦਿੱਤਾ ਜਾ ਰਿਹਾ ਤੇ ਕੇਵਲ ਉਨ੍ਹਾਂ ਪਿੱਛੋਂ ਚੱਲੀ ਪੀੜ੍ਹੀ ਦਾ ਜਿਤਨਾ ਕੁ ਕੁਰਸੀ-ਨਾਮਾ* ਪ੍ਰਾਪਤ ਹੋ ਸਕਿਆ ਹੈ ਦਿੱਤਾ ਜਾ ਰਿਹਾ ਹੈ। ਇਸ ਵੇਲੇ ਆਪ ਦੀ ਸੰਤਾਨ ਦਾ ਇੱਕ ਚੰਗਾ ਉੱਘਾ ਖ਼ਾਨਦਾਨ ਅੰਮ੍ਰਿਤਸਰ ਵਿੱਚ ਵਸਦਾ ਹੈ ਜਿਸ ਖ਼ਾਨਦਾਨ ਵਿੱਚੋਂ ਕਿ ਪੰਜਾਬੀ ਦੇ ਸੰਸਾਰ-ਪ੍ਰਸਿੱਧ ਵਿਦ੍ਵਾਨ ਲੇਖਕ ਤੇ ਕਵੀ ਭਾਈ ਸਾਹਿਬ ਭਾਈ ਵੀਰ ਸਿੰਘ ਹਨ। ਭਾਈ ਵੀਰ ਸਿੰਘ ਪੰਜਾਬੀ ਭਾਸ਼ਾ ਦੇ ਨਵੇਂ ਸਾਹਿੱਤਜ ਦੇ ਮੋਢੀ ਤੇ ਇੱਕ ਉੱਚਜ ਜੀਵਨ ਵਾਲੇ ਗੁਰਸਿੱਖ ਹਨ, ਜਿਨ੍ਹਾਂ ਦੀ ਛੋਹ ਨੇ ਅਨੇਕਾਂ ਦੇ ਅੰਦਰ ਜੀਵਨ-ਜੋਤ ਜਗਾਈ ਹੈ।

---


*ਗਿਆਨ ਸਿੰਘ, ਤਵਾਰੀਖ਼ ਗੁਰੂ ਖਾਲਸਾ (ਉਰਦੂ) ਹਿੱਸਾ ਦੂਸਰਾ (ਸ਼ਮਸ਼ੇਰ ਖ਼ਾਲਸਾ) ਚੌਥੀ ਐਡੀਸ਼ਨ (੧੯੨੩), ਪੰ: ੮੩।



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਕੁਰਸੀਨਾਮਾ




Digitized by Panjab Digital Library | www.panjabdigilib.org

# ਪੁਸਤਕ ਸੂਚੀ

ਜਿਨ੍ਹਾਂ ਅਣਛਪਿਆਂ ਖਰੜਿਆਂ ਅਤੇ ਛਪੀਆਂ ਪੁਸਤਕਾਂ ਦੀ ਸਹਾਇਤਾ ਨਾਲ ਇਹ ਪੁਸਤਕ ਰਚੀ ਗਈ ਹੈ, ਉਨ੍ਹਾਂ ਦੀ ਸੂਚੀ ਭਾਸ਼ਾ ਤੇ ਲੇਖਕ ਕ੍ਰਮ ਅਨੁਸਾਰ ਹੇਠਾਂ ਦਿੱਤੀ ਜਾਂਦੀ ਹੈ।

## ਫ਼ਾਰਸੀ


ਅਹਿਮਦ ਸ਼ਾਹ ਬਟਾਲੀਆ, ਜ਼ਿਕਰਿ ਗੁਰੂਆਂ ਵਾ ਇਬਤਿਦਾ-ਇ-ਸਿੰਘਾਂ ਵਾ ਮਜ਼ਹਬਿ ਏਸ਼ਾਂ, ਤਤਿੰਮਾ ਉਮਦਾ-ਤੁ-ਤਵਾਰੀਖ਼, ਦਫ਼ਤਰ ਅੱਵਲ, ਮਤਬਾ ਗੁਲਜ਼ਾਰਿ ਮੁਹੰਮਦੀ ਲਾਹੌਰ, ੧੮੮੫ ਈ: ।

ਅਹਿਮਦ ਯਾਦਗਾਰ, ਤਾਰੀਖ਼ਿ ਸਲਾਤੀਨਿ ਅਫ਼ਗਾਨਾਂ, ਲਿਖਤੀ।

ਅਹਿਵਾਲਿ ਅਦੀਨਾ ਬੇਗ ਖ਼ਾਨ, ਲਿਖਤੀ ।

ਅਬਦੁਲ ਕਰੀਮ,ਖ਼੍ਵਾਜਾ,ਬਿਆਨਿ ਵਾਕਈ,ਲਿਖਤੀ । ਇਸ ਦਾ ਅੰਗ੍ਰੇਜ਼ੀ ਉਲਥਾ Memoirs of Khojeh Abdul Kurreem, translated by F. Gladwin, Calcutta, 1788.

ਅਲੀ-ਉ-ਦੀਨ, ਇਬਰਤ ਨਾਮਾ—ਤਾਰੀਖ਼ਿ ਪੰਜਾਬ, ਲਿਖਤੀ, ਸਨ ੧੮੫੪ ਈ: ।

ਸ਼ਾਹ ਨਿਵਾਜ਼ ਖ਼ਾਨ, ਮੁਆਸਿਰੁ-ਲ-ਉਮਰਾ, ਜਿਲਦ ੨, ਏਸ਼ਿਆਟਿਕ ਸੋਸਾਇਟੀ ਔਫ ਬੈਂਗਾਲ ਕਲਕਤਾ, ੧੮੮੮–੯੦ ਈ: ।

ਸੁਲਤਾਨ ਮੁਹੰਮਦ ਖ਼ਾਨ, ਤਾਰੀਖ਼ਿ ਸੁਲਤਾਨੀ, ਕਾਰਖ਼ਾਨਾਇ ਅਹਿਮਦੀ ਬੰਬਈ, ੧੮੮੧ ਈ:।

ਸ਼ੇਰ ਮੁਹੰਮਦ ਖ਼ਾਨ, ਜ਼ੁਬਦਾ-ਤੁ-ਅਖ਼ਬਾਰ ਵਕਾਇਆ-ਇ-ਮੁਲਤਾਨ, ਲਿਖਤੀ ।




Digitized by Panjab Digital Library | www.panjabdigilib.org

ਸੋਹਨ ਲਾਲ, ਉਮਦਾ-ਤੁ-ਤਵਾਰੀਖ਼, ਦਫ਼ਤਰ ਅੱਵਲ, ਆਰੀਆ ਪ੍ਰੈਸ ਲਾਹੌਰ, ੧੮੮੫ ਈ: ।

ਹਕੀਕਤਿ ਬਿਨਾ-ਓ-ਅਰੂਜਿ ਫ਼ਿਰਕਾ-ਇ-ਸਿੱਖਾਂ, ਲਿਖਤੀ ।

ਖੁਸ਼ਵਕਤ ਰਾਏ, ਤਾਰੀਖ਼ਿ ਸਿੱਖਾਂ, ਲਿਖਤੀ, ਸਨ ੧੮੧੧ ਈ: ।

ਗਣੇਸ਼ ਦਾਸ ਬਡੇਹਰਾ, ਰਿਸਾਲਾ-ਇ-ਸਾਹਿਬ-ਨੁਮਾ ਚਹਾਰ ਬਾਗ਼ਿ ਪੰਜਾਬ (ਚਹਾਰ ਗੁਲਸ਼ਨਿ ਪੰਜਾਬ), ਲਿਖਤੀ, ਸਨ ੧੯੧੨ ਬਿ: ।

ਗੁਲਾਮ ਅਲੀ ਆਜ਼ਾਦ, ਖਜ਼ਾਨਾ-ਇ-ਆਮਰਾ, ਨਵਲ ਕਿਸ਼ੋਰ ਪ੍ਰੈਸ ਕਾਨਪੁਰ, ੧੮੭੧ ਈ: ।

ਗ਼ੁਲਾਮ ਹੁਸੈਨ ਖ਼ਾਨ, ਸੀਅਰੁ-ਲ-ਮੁਤਾਖ਼ਰੀਨ, ਨਵਲ ਕਿਸ਼ੋਰ ਪ੍ਰੈਸ ਕਾਨਪੁਰ, ੧੮੯੭ ਈ: ।

ਤਹਿਮਾਸ ਖ਼ਾਨ, ਤਹਿਮਾਸ ਨਾਮਾ, ਲਿਖਤੀ, ਸਨ ੧੭੭੮ ਈ: ।

ਤਾਰੀਖ਼ਿ ਅਹਿਮਦ ਸ਼ਾਹੀ, ਲਿਖਤੀ, ੧੧੬੭ ਹਿਜਰੀ ।

ਦਾਨਿਸ਼ਵਰ (ਮੁਨਸ਼ੀ), ਮਿਫ਼ਤਾਹ-ਉ-ਤਵਾਰੀਖ਼, ਨਵਲ ਕਿਸ਼ੋਰ ਪ੍ਰੈ । ਕਾਨਪੁਰ, ਸਨ ੧੮੬੭-੬੮ ਈ: ।

ਨਾਜ਼ਿਮ, ਮੁਹੰਮਦ, ਸੀਲੈਕਸ਼ਨਜ਼ ਫਰੋਮ ਪੇਸ਼ਵਾ ਦਫ਼ਤਰ (ਪਰਸ਼ੀਅਨ), ਮਿੱਸਲੇਨੀਅਸ ਪੇਪਰਜ਼, ਗਵਰਨਮੈਂਟ ਪ੍ਰੈਸ ਬੰਬਈ, ੧੯੩੩ ਈ: ।

ਨੂਰ ਮੁਹੰਮਦ ਚੇਲਾ, ਤਾਰੀਖ਼ਿ ਝੰਗ ਸਿਆਲ, ਮਤਬਾ-ਇ-ਅਹਿਮਦੀ, ਮੇਰਠ, ੧੮੯੩ ਈ: ।

ਬਖ਼ਤ ਮੱਲ, ਖ਼ਾਲਸਾ ਨਾਮਾ, ਲਿਖਤੀ, ੧੮੧੪ ਈ: ।

ਬੁਧ ਸਿੰਘ ਅਰੋੜਾ, ਰਿਸਾਲਾ-ਇ-ਨਾਨਕ ਸ਼ਾਹ, ਲਿਖਤੀ, ੧੭੮੫ ਈ: ।

ਮੁਹੰਮਦ ਅਲੀ ਖ਼ਾਨ ਅਨਸਾਰੀ, ਤਾਰੀਖ਼ਿ ਮੁਜ਼ੱਫ਼ਰੀ, ਲਿਖਤੀ, ਸਨ ੧੨੦੨ ਹਿਜਰੀ ਤਕ ।

—ਬਹਿਰੁ ਲ ਮਵੱਾਜ, ਲਿਖਤੀ ।

ਮੁਹੰਮਦ ਸਾਲਿਹ ਕੁਦਰਤ, ਤਾਰੀਖ਼ਿ ਆਲੀ, ਲਿਖਤੀ, ੧੭੮੫ ਈ: ।

ਮੁਹੰਮਦ ਯੂਸਫ਼, ਮਖ਼ਦੂਮ ਸ਼ੇਖ, ਹਾਲਾਤਿ ਮੁਲਤਾਨ, ਲਿਖਤੀ ।



Digitized by Panjab Digital Library | www.panjabdigilib.org

## ਪੁਸਤਕ ਸੂਚੀ


ਮੁਹੰਮਦ ਵਲੀ ਅੱਲਾ ਸਿੱਦੀਕੀ, ਤਾਰਖ਼ਿ ਫ਼ਰੁੱਖਾਬਾਦ, ਲਿਖਤੀ ।


### ਉਰਦੂ


ਹੁਕਮ ਚੰਦ, ਤਾਰੀਖ਼ ਜ਼ਿਲਾ ਮੁਲਤਾਨ, ਨੀਊ ਇੰਪੀਰੀਲ ਪ੍ਰੈਸ ਲਾਹੌਰ, ਸਨ ੧੮੭੬ ਈ: ।

ਕਨ੍ਹਈਆ ਲਾਲ, ਤਾਰੀਖ਼ਿ ਪੰਜਾਬ, ਵਿਕਟੋਰੀਆ ਪ੍ਰੈਸ ਲਾਹੌਰ ੧੮੮੧ਈ: ।

—ਤਾਰੀਖ਼ਿ ਲਾਹੌਰ, ਵਿਕਟੋਰੀਆ ਪ੍ਰੈਸ ਲਾਹੌਰ, ੧੮੮੪ ਈ: ।

ਗਿਆਨ ਸਿੰਘ, ਗਿਆਨੀ, ਤਵਾਰੀਖ਼ ਗੁਰੂ ਖ਼ਾਲਸਾ, ਹਿੱਸਾ ਦੋਇਮ, ਸ਼ਮਸ਼ੇਰ ਖ਼ਾਲਸਾ, ਚੌਥੀ ਐਡੀਸ਼ਨ, ਸਨ ੧੯੨੩ ਈ: ।

ਨਿਵਾਜ਼ਿਸ਼ ਅਲੀ, ਤਜ਼ਕਿਰਾ-ਇ-ਰਊਸਾ-ਇ-ਪੰਜਾਬ, ਛਪੀ, ਲਾਹੌਰ ।

ਬਾਲ ਕਿਸ਼ਨ ਬੱਤਰਾ, ਤਵਾਰੀਖ਼ਿ ਮੁਲਤਾਨ, ਮੁਲਤਾਨ, ੧੯੨੯ ਈ: ।

ਰਾਮ ਜੱਸ, ਦੀਵਾਨ, ਤਾਰੀਖ਼ਿ ਕਪੂਰਥਲਾ, ਲਾਹੌਰ, ੧੮੯੦ ਈ: ।


### ਅੰਗ੍ਰੇਜ਼ੀ


ਐਲੀਅਟ, ਹੈਨਰੀ, ਹਿਸਟਰੀ ਔਫ਼ ਇੰਡੀਆ ਐਜ਼ ਟੋਲਡ ਬਾਈ ਇਟਸ ਓਨ ਹਿਸਟੋਰੀਅਨਜ਼, ਲੰਡਨ, ੧੮੬੭-੭੭ ਈ: ।

ਸ਼ਹਾਮਤ ਅਲੀ, ਦੀ ਹਿਸਟਰੀ ਔਫ਼ ਬਹਾਵਲਪੁਰ, ਲੰਡਨ, ੧੮੪੮ ਈ: ।

ਸਰਕਾਰ, ਸਰ ਜਾਦੂਨਾਥ, ਫ਼ਾਲ ਔਫ਼ ਦੀ ਮੁਗ਼ਲ ਐਮਪਾਇਰ, ਜਿਲਦ ੧, ਕਲਕਤਾ, ੧੯੩੨ ਈ: ।

ਕਨਿੰਘਮ, ਜੋਜ਼ਫ਼ ਡੇਵੀ, ਹਿਸਟਰੀ ਔਫ਼ ਦੀ ਸਿਖਸ, ਲੰਡਨ, ੧੮੪੯ ਈ: ।

ਗੈਜ਼ਿਟੀਅਰ ਲਾਹੌਰ, ੧੮੮੩-੮੪, ਗਵਰਨਮੈਂਟ ਪ੍ਰੈਸ ਲਾਹੌਰ ।

ਗੁਪਤਾ, ਹਰੀ ਰਾਮ, ਸਿਖ ਹਿਸਟਰੀ, ੧੭੩੯-੬੮, ਕਲਕੱਤਾ, ੧੯੩੯ ਈ: ।

ਗ੍ਰਿਫ਼ਿਨ, ਸਰ ਲੇਪਲ, ਰਾਜਾਜ਼ ਔਫ਼ ਦੀ ਪੰਜਾਬ, ਲਾਹੌਰ, ੧੮੭੦ ਈ: ।

— ਪੰਜਾਬ ਚੀਫ਼ਸ, ਲਾਹੌਰ, ੧੮੯੦ ਈ: ।





Digitized by Panjab Digital Library | www.panjabdigilib.org

[ਥੌਰਨਟਨ, ਟੀ.ਐਚ.]ਹਿਸਟਰੀ ਔਫ਼ ਦੀ ਪੰਜਾਬ, ਲੰਡਨ,੧੮੪੬ ਈ:।

ਪ੍ਰਿੰਸੈਪ, ਹੈਨਰੀ ਟੀ., ਔਰੀਜਨ ਔਫ਼ ਦੀ ਸਿੱਖ ਪਾਵਰ ਇਨ ਦੀ ਪੰਜਾਬ ਐਂਡ ਪੋਲੀਟੀਕਲ ਲਾਈਫ਼ ਔਫ਼ ਮਹਾਰਾਜਾ ਰਣਜੀਤ ਸਿੰਘ, ਕਲਕਤਾ, ੧੮੩੪ ਈ: ।

ਫੌਰਸਟਰ, ਜੌਰਜ, ਏ ਜਰਮਨੀ ਫ਼ਰੌਮ ਬੈਂਗਾਲ ਟੂ ਇੰਗਲੈਂਡ, ਲੰਡਨ, ੧੭੯੮ ਈ: ।

ਬ੍ਰਿੱਗਜ਼, ਜੌਨ, ਸੀਅਰੁ-ਲ-ਮੁਤਾਖ਼ਰੀਨ, ਲੰਡਨ ੧੮੩੦; ਅਲਾਹਾਬਾਦ, ੧੯੨੪ ਈ: ।

ਮੁਹੰਮਦ ਲਤੀਫ਼, ਹਿਸਟਰੀ ਔਫ਼ ਦੀ ਪੰਜਾਬ, ਕਲਕੱਤਾ, ੧੮੯੧ ਈ: ।

—ਹਿਸਟਰੀ ਔਫ਼ ਲਾਹੌਰ, ਲਾਹੌਰ,੧੮੯੨ ਈ: ।

ਮੈਂਗ੍ਰੈਗਰ, ਡਬਲਯੂ., ਹਿਸਟਰੀ ਔਫ਼ ਦੀ ਸਿਖਸ, ਲੰਡਨ, ੧੮੪੬ ।

ਮੈਲਕਮ, ਕਰਨਲ, ਸਕੈੱਚ ਔਫ਼ ਦੀ ਸਿਖਸ, ਲੰਡਨ,੧੮੧੨ ਈ: ।

ਰੇਮੰਡ, ਐਮ., ਸੀਅਰੁ-ਲ-ਮੁਤਾਖ਼ਰੀਨ, ਕਲਕਤਾ, ੧੯੦੨ ਈ: ।

## ਹਿੰਦੀ

ਤਿਲੋਕ ਦਾਸ, ਨਾਦਰ ਸ਼ਾਹ, ਜਨਰਲ ਔਫ਼ ਦੀ ਏਸ਼ੀਆਟਿਕ ਸੋਸਾਇਟੀ ਔਫ਼ ਬੈਂਗਾਲ, ੧੮੯੧.

## ਗੁਰਮੁਖੀ

ਗਿਆਨ ਸਿੰਘ ਗਿਆਨੀ, ਪੰਥ ਪ੍ਰਕਾਸ਼, ਖਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ ।

—ਸ਼ਮਸ਼ੇਰ ਖ਼ਾਲਸਾ, ਸਿਆਲਕੋਟ,ਸੰਨ ੧੮੯੨ ਈ: ।

—ਤਵਾਰੀਖ ਗੁਰੂ ਖਾਲਸਾ, ਛਪੀ, ਅੰਮ੍ਰਿਤਸਰ ।

ਰਤਨ ਸਿੰਘ ਭੰਗੂ ਸ਼ਹੀਦ,ਪ੍ਰਾਚੀਨ ਪੰਥਪ੍ਰਕਾਸ਼,ਅੰਮ੍ਰਿਤਸਰ,੧੯੧੪ ਈ:।

ਰਾਮ ਸੁਖ ਰਾਓ, ਜੱਸਾ ਸਿੰਘ ਬਿਨੋਦ, ਲਿਖਤੀ ।



Digitized by Panjab Digital Library | www.panjabdigilib.org

# ਤਤਕਰਾ


ਉੱਚ, ੭੭.
ਉਮਦਾ ਬੇਗਮ, ੬.
ਅਸਮਤ ਖ਼ਾਨ, ੭੧-੭੩, ੮੦.
ਅਸਮਤ ਬੇਗ, ੩੫.
ਅਸਮਤੁੱਲਾ ਖ਼ਾਨ ਖ਼੍ਵਾਜਾ, ੭੦.
ਅਹਿਮਦ, ਸ਼ਾਹਜ਼ਾਦਾ, ੩੬, ੩੮, ੪੬; ਬਾਦਸ਼ਾਹ, ੧੧੯.
ਅਹਿਮਦ ਸ਼ਾਹ ਦੁਰੱਾਨੀ, ੩੩, ੩੪, ੩੫, ੩੬-੩੯, ੪੦, ੪੬, ੪੮, ੫੨, ੬੦-੬੫, ੮੭, ੯੧-੧੧੬.
ਅਹਿਮਦ ਯਾਰ ਖ਼ਾਨ ਕਸੂਰੀ, ੨੯, ੩੦, ੩੩.
ਅਖਨੂਰ, ੧੩.
ਆਗਰਾ, ੧੫.
ਅਜ਼ੀਜ਼ ਖ਼ਾਨ ਅਫ਼ਗ਼ਾਨ ਕਸੂਰੀ, ੭੯.
ਅਜ਼ੀਜ਼ ਖ਼ਾਨ ਬਖ਼ਸ਼ੀ, ਮਿਰਜ਼ਾ, ੫੫, ੧੧੯.
ਅਜ਼ੀਜ਼ ਬੇਗ, ੧੧੪.
ਅਟਕ, ੩੪, ੪੦, ੯੩.
ਅਦੀਨਾ ਨਗਰ, ੨੮.
ਅਦੀਨਾ ਬੇਗ ਖ਼ਾਨ, ੨੮, ੪੬, ੫੩, ੫੫, ੬੯, ੭੩, ੭੮, ੯੧, ੯੯, ੧੦੫, ੧੦੭-੧੧੪, ੧੧੯, ੧੨੩.
ਅਫ਼ਰਾ ਸਿਆਬ ਬੇਗ ਖ਼ਾਨ, ੯੪.
ਅਬਦੁਸਮੁੱਦ ਖ਼ਾਨ, ਸਰਦਾਰ, ੯੩, ੯੬.
ਅਬੁਦਸਮੱਦ ਖ਼ਾਨ ਖਟਕ, ੧੦੭.
ਅਬਦੁਸਮੱਦ ਖ਼ਾਨ, ਨਵਾਬ, ੮-੧੦, ੪੮, ੫੯, ੭੪, ੮੩, ੮੯, ੯੦.
ਅਬਦੁਲ ਅਜ਼ੀਜ਼ ਖ਼ਾਨ, ੫੦, ੬੫, ੬੬, ੭੩, ੮੦, ੮੩.
ਅਬਦੁਲ ਰਹੀਮ, ੪੯.
ਅਬਦੁੱਲਾ ਖ਼ਾਨ ਖ਼੍ਵਾਜਾ, ੭੫.
ਅਬਦੁਲਾ ਪਿਸ਼ਾਵਰੀ, ਮੁਫ਼ਤੀ, ੧੦੮.
ਅਬੁਲ ਮੁਆਲੀ ਦਾ ਰੌਜ਼ਾ, ੨੯.
ਅਮਾਨੁੱਲਾ ਖ਼ਾਨ ਫ਼ੌਜਦਾਰ ਐਮਨਾਬਾਦ, ੯੩.
ਅਮਾਨੁੱਲਾ ਖ਼ਾਨ ਮੀਰ, ੧੦੬.




Digitized by Panjab Digital Library | www.panjabdigilib.org

ਅਮੀਨ ਖ਼ਾਨ ਮੀਰ, ੩੦.
ਅਮੋਲਕ ਰਾਮ ਵਕੀਲ, ੯੨.
ਅਰੋੜੇ, ਬੁਧ, ੩.
ਅੱਲਾ ਯਾਰ ਉਰਕਜ਼ਈ, ੧੦੭.
ਅਲੀ ਮੁਹੰਮਦ ਖ਼ਾਨ ਰੁਹੇਲਾ, ੩੭, ੪੮.

ਆਦਮ-ਵਾਹਣ, ੮੯.
ਆਨੰਦ ਪੁਰ, ੧੧, ੪੦.
ਆਲਾ ਸਿੰਘ, ਸਰਦਾਰ, ੩੭.
ਐਮਨਾਬਾਦ, ੨, ੧੮–੨੦, ੭੦.
ਅੰਮ੍ਰਿਤਸਰ ੩, ੪, ੧੪, ੧੫, ੩੮, ੪੦, ੪੧, ੫੫-੬੨, ੭੬, ੮੧, ੧੨੮.

ਇਸਹਾਕ, ਖ਼੍ਵਾਜਾ, ੪੮.

ਇਸਮਾਈਲ ਖ਼ਾਨ, ੯੯.
ਇਬਰਾਹੀਮ ਖ਼ਾਨ, ਖ਼੍ਵਾਜਾ, ੭੩.
ਇਵਜ਼ ਬੇਗ, ੯੪,
ਈਸ਼ਰੀ ਸਿੰਘ ਜੈਪੁਰੀਆ, ੩੬.
ਈਸਾ ਖ਼ਾਨ ਮੰਝ, ੮.

ਸਆਦਤ ਖ਼ਾਨ, ੩੬.

ਸਹਾਰਨ ਪੁਰ, ੩੭.
ਸਹਿਜਧਾਰੀ (ਖੁਲਾਸੇ) ਸਿਖ, ੧੧੭, ੧੨੦.
ਸ਼ਹੀਦ ਗੰਜ ਲਾਹੌਰ, ੧੬, ੨੬, ੫੨.
ਸਤਲੁਜ, ੧੨.
ਸਦਰਾ ਬਦਰਾ, ੪੦.
ਸਦੀਕ ਬੇਗ ਖ਼ਾਨ, ੫੩, ੫੫.
ਸਫ਼ਦਰ ਜੰਗ, ੩੬, ੫੯, ੬੦, ੬੬, ੬੭, ੭੧, ੧੦੪, ੧੦੫, ੧੨੨.
ਸ਼ੱਮਸ ਤਬਰੇਜ਼ੀ ਦੀ ਦਰਗਾਹ (ਖ਼ਾਨਕਾਹ), ੭੯, ੮੦.
ਸ਼ਮਸੁਦੀਨ ਖ਼ਾਨ ਯਸਾਵਲ, ੯੪.
ਸਰਹੰਦ, ੧੩, ੩੭,
ਸਰਦਾਰ ਖ਼ਾਨ, ੮੪.
ਸਰਾਏ ਨੂਰਦੀ, ੩੯.
ਸਲਾਬਤ ਖ਼ਾਨ ਠਰੂ ਦਾ, ੩੯, ੪੦.
ਸ਼ਾਹ ਇਨਾਇਤ ਘੋੜਾ, ੭੯.
ਸ਼ਾਹ, ਖ਼੍ਵਾਜਾ, ੭੮, ੭੯.
ਸ਼ਾਹਦਰਾ, ੩੫, ੯੪, ੯੬.
ਸ਼ਾਹ ਦੌਲਾ, ਪੁਲ, ੯੮, ੧੦੪.
ਸ਼ਾਹ ਨਿਵਾਜ਼ ਖ਼ਾਨ, ੨, ੪, ੫, ੭, ੨੫, ੨੭, ੨੮, ੨੯, ੩੦, ੩੧, ੩੨, ੩੩, ੩੪, ੩੫, ੪੦, ੪੮, ੫੨, ੫੯, ੬੦, ੬੧, ੬੫, ੬੬, ੬੮, ੭੧, ੭੨–੮੦, ੧੧੮, ੧੨੦–੨੨, ੧੨੪–੨੫.
ਸ਼ਾਹ ਬਲਾਵਲ, ੯੮.
ਸ਼ਾਹ ਵਲੀ ਖ਼ਾਨ ਪੋਪਲਜ਼ਈ, ੧੦੭.
ਸਾਹਿਬ ਰਾਏ ਪੰਨੂੰ, ਨੁਸ਼ਹਿਰੀਆ, ੧੬.



Digitized by Panjab Digital Library | www.panjabdigilib.org

ਸਾਹੀਵਾਲ, ੮੭-੮੮, ੧੨੨.
ਸ਼ਾਕਿਰ ਖ਼ਾਨ, ੩੨, ੪੯, ੫੦, ੫੧, ੭੩, ੮੧,੮੩, ੮੪, ੯੩.
ਸਾਬਰਸ਼ਾਹ, ੩੪, ੩੫.
ਸ਼ਾਮ ਸਿੰਘ ਕਰੋੜਾ ਸਿੰਘੀਆ,੪੧.
ਸ਼ਾਲਾਮਾਰ ਬਾਗ, ੬, ੨੮, ੯੬, ੧੦੧, ੧੦੪, ੧੧੦.
ਸਿਆਲ, ੭੪, ੮੬.
ਸਿਆਲਕੋਟ, ੧੩, ੪੦, ੬੭-੭੧, ੯੮.
ਸ਼ਿਵਾਲਕ ਦੀਆਂ ਧਾਰਾਂ, ੧੩.
ਸੀਤਪੁਰ, ੪੯, ੬੫, ੬੬, ੮੯.
ਸ਼ੁਕਰੁੱਲਾ, ਸੂਫ਼ੀ, ੯੮.
ਸੁੱਖ ਜੀਵਨ, ੯੧.
ਸੁੱਖਾ ਸਿੰਘ ਮਾੜੀ ਕੰਬੋ,੧੭-੧੮, ੨੬, ੩੯,੪੧, ੪੨, ੧੦੨-੪.
ਸ਼ੁਜਾਹ ਖਾਨ, ੪੯, ੭੭.
ਸੁਰਤਾ ਰਾਮ, ਪੰਡਤ, ੨੩.
ਸੁਲਤਾਨ ਅਲੀ ਖ਼ਾਨ ਏਲਚੀ,੯੮.
ਸੁਲਤਾਨ ਹਯਾਤ ਖ਼ਾਨ, ੮੩.
ਸੂਰਤ ਸਿੰਘ, ਦੀਵਾਨ, ੨, ੨੩, ੨੪,
ਸ਼ੇਰ ਖ਼ਾਨ ਕਸੂਰੀਆ, ੭੯.
ਸ਼ੇਰਾ ਚੱਠਾ, ੧੯.
ਸੋਹਦਰਾ, ੮੭.
ਸੋਣੀਪਤ, ੩੬.
ਸੋਮਾਵਤੀ ਮੱਸਿਆ, ੨੪.
ਸ਼ੇਰਕੋਟ, ੧, ੮੪, ੮੬.
ਸੰਗਤ ਸਿੰਘ, ਸਰਦਾਰ, ੧੧੪.
ਸਿੰਘਾਂ (ਸਿਖਾਂ ਦੀ) ਕਤਲਾਮ, ੧੧, ੧੩ ੧੪-੨੮, ੩੭, ੫੧-੬੨, ੭੬, ੭੭, ੮੨, ੮੫-੮੬, ੯੩, ੯੪, ੯੬, ੧੦੦-੧੦੪.
ਹਸਨ ਅਬਦਾਲ (ਪੰਜਾ ਸਾਹਿਬ ੧੧.
ਹਸ਼ਮਤ ਖ਼ਾਨ, ੨੮.
ਹਸ਼ਮਤੁੱਲਾ ਖ਼ਾਨ, ੨੮.
ਹਕੀਕਤ ਰਾਏ, ੧੫.
ਹਕੀਮ ਦੀ ਸਰਾਂ, ੯੨.
ਹਰ ਭਗਤ ਨਿਰੰਜਣੀਆ, ੧੬.
ਹਰਮੰਦਰ ਸਾਹਿਬ, ੧੭.
ਹਰੀ ਸਿੰਘ, ਦੀਵਾਨ, ੨੩, ੫੧, ੧੨੬-੨੭.
ਹਰੀ ਸਿੰਘ ਭੰਗੀ, ੪੧, ੧੦੧.
ਹਰੀ ਪੁਰ, ੧੧੦.
ਹਰੀ ਮੱਲ, ੨੩.
ਹਯਾਤੁਲਾ ਖ਼ਾਨ (ਫਲੌਰੀ ਖ਼ਾਨ), ੨੭, ੪੮.
ਹਾਰੂ ਖ਼ਾਨ, ੯੨-੯੮.
ਹਿੰਦੂਆਂ ਦਾ ਕਤਲ, ੧੧੫.
ਹੁਸੈਨ ਖ਼ਾਨ ਖੇਸ਼ਗੀ, ੮

ਕਸ਼ਮੀਰੀ ਮੱਲ, ੨੩.
ਕਸੂਰ, ੨੫, ੩੦.



Digitized by Panjab Digital Library | www.panjabdigilib.org

ਕਸੂਰੀ ਅਫ਼ਗਾਨ, ੨੯-੩੦, ੭੯, ੧੧੪, ੧੨੨.
ਕਠੂਹਾ, ੧੦੧.
ਕਪੂਰ ਸਿੰਘ, ਨਵਾਬ, ੧੨, ੪੧.
ਕਮਰੁੱਦੀਨ, ਵਜ਼ੀਰ, ੧੮, ੩੩, ੩੬, ੩੭, ੪੮, ੫੯, ੮੩.
ਕਮਾਲ ਬੇਗ, ੯੩.
ਕਮਾਲੀਆ, ੮੬.
ਕਰਮਾ, ਛੀਨਾ, ੧੬.
ਕਲਹੋੜ, ੯੦, ੧੨੩.
ਕਲਾਨੌਰ, ੧੮, ੩੯.
ਕਲੂ, ਰਾਏ, ੩੭.
ਕਾਹਨੂਵਾਣ, ੧੧.
ਕਾਂਗੜਾ, ੧੦੧.
ਕਾਬਲ, ੬੭.
ਕਿਆਮੁਦੀਨ, ੯੩.
ਕਿਰਪਾ ਰਾਮ ਗੁਸਾਈਂ, ਬਾਵਾ, ੨੧.
ਕੇਸ਼ੋ ਰਾਓ, ਹਰਕਾਰਾ, ੯੨-੯੮.
ਕੌੜਾ ਮੱਲ, ਧੁਰ ਤਕ.
ਕੰਧਾਰ, ੬੫.

ਖੁਸ਼ਾਲ ਸਿੰਘ, ੪੧.
ਖੁਸ਼ਾਲ ਸਿੰਘ, ਰਾਮਗੜ੍ਹੀਆ, ੫੪, ੧੦੧.
ਖੁਲਾਸਾ (ਸਹਿਜਧਾਰੀ) ਸਿਖ, ੧੧੭, ੧੨੦.
ਖੈਰੁੱਲਾ ਬੇਗ, ੯੪.
ਖੰਜਰ ਖ਼ਾਨ ਕਾਬਲੀ, ੭੦, ੧੦੬, ੧੧੦.

ਗੌਂਖੜੀ, ੧੯.
ਗੜ੍ਹ ਮਹਾਰਾਜਾ, ੧.
ਗਾਜ਼ੀ ਬੇਗ ਖ਼ਾਨ, ੬੯.
ਗੁਰਦਿੱਤ ਮੱਲ, ੪੦.
ਗੁਰਬਖਸ਼ ਸਿੰਘ ਬਾਗ਼ਬਾਨਪੁਰੀ, ਸ:, ੧੧੪.
ਗ਼ੁੱਰਾ ਖ਼ਾਨ, ੩੪.
ਗੁਰੂ-ਚਕ, ੬੨, ੧੨੦.
ਗੁਲਜ਼ਾਰ ਸਿੰਘ, ੨੩.
ਗੁਲਾਮ ਮੁਹਈਯੁੱਦੀਨ, ੩੦, ੧੨੨.
ਗੁਲਾਮ ਮੁਹੰਮਦ ਫ਼ਾਰੂਕੀ, ਪੀਰ-ਜ਼ਾਦਾ ਪੀਰ ਸ਼ਾਹ, ੯੮, ੧੦੮.
ਗੋਦਲਾਂਵਾਲਾ, ੧੯.

ਘੱਲੂਘਾਰਾ, ਪਹਿਲਾ, ੨੫, ੨੬, ੧੦੧.

ਚਰਨ ਸਿੰਘ, ਡਾਕਟਰ, ੩.
ਚੜ੍ਹਤ ਸਿੰਘ, ਸੁਕਰਚੱਕੀਆ, ੪੧.
ਚਿਨਿਓਟ, ੭੭, ੮੬.
ਚੁਘ ਅਰੋੜੇ, ੩.
ਚੂੜ੍ਹ ਸਿੰਘ, ਭਕਣੀਆਂ, ੪੦.

ਜਸਪਤ ਰਾਏ, ੨, ੧੮-੨੩.




Digitized by Panjab Digital Library | www.panjabdigilib.org

ਜ਼ਸਰੋਟਾ, ੧੧੦.
ਜੱਸਾ ਸਿੰਘ ਆਹਲੂਵਾਲੀਆ, ੧੮, ੪੦–੪੨, ੫੩, ੭੬–੭, ੮੯, ੧੨੦.
ਜੱਸਾ ਸਿੰਘ, ਰਾਮਗੜ੍ਹੀਆ, ੪੦, ੫੪, ੫੭, ੫੮, ੭੭, ੧੧੨.
ਜਹਾਨ ਖ਼ਾਨ, ਸਰਦਾਰ, ੯੩, ੯੬, ੯੮, ੯੯, ੧੦੬–੧੧੩.
ਜ਼ਕਰੀਆ ਖ਼ਾਨ, ੨, ੭, ੧੦–੮, ੨੫, ੨੭, ੩੪, ੩੯, ੭੪, ੧੧੮, ੧੨੧, ੧੨੪.
ਜਗਤ ਭਗਤ, ੨੩, ੨੪.
ਜ਼ਫ਼ਰਵਾਲ, ੧੧.
ਜ਼ਮਾਨੀ ਬੇਗਮ, ੧੨੬.
ਜਮਾਲ ਖ਼ਾਨ ਮਾਲੇਰੀ, ੩੭.
ਜਮੀਲੁਦੀਨ ਖ਼ਾਨ, ੯੯, ੧੦੫, ੧੧੦.
ਜਲਾਲਾਬਾਦ, ੯੩.
ਜਲ੍ਹੇ ਖ਼ਾਨ ਕਸੂਰੀਆ, ੩੫.
ਜਲੰਧਰ, ੧੩, ੨੫.
ਜਵਾਹਰ ਮੱਲ, ਚੌਧਰੀ, ੨੩.
ਜ਼ਾਹਦ ਖ਼ਾਨ, ਸੱਦੋਜ਼ਈ, ੩੨, ੪੮, ੪੯, ੫੦, ੫੯, ੬੦, ੬੫, ੬੬, ੭੩, ੭੪, ੭੭, ੮੦, ੮੩, ੮੯, ੧੨੨.
ਜਾਨ-ਨਿਸਾਰ ਖ਼ਾਨ (ਮਹਿਮੂਦ ਖ਼ਾਨ), ੮੯, ੯੦, ੧੩੩.
ਜੇਹਲਮ, ੯੮.
ਜੈ ਸਿੰਘ ਰਾਮਗੜ੍ਹੀਆ, ੫੪.
ਜੰਮੂ, ੧੩, ੫੦, ੫੧, ੧੧੦, ੧੨੨, ੧੨੬, ੧੨੭.
ਝੰਗ, ੧, ੩, ੮੬.
ਝਾਂਗੀ, ਝਾਂਗੜੀ, ੩.
ਡੇਰਾ ਇਸਮਾਈਲ ਖ਼ਾਨ, ੮੭.
ਡੇਰਾ ਗਾਜ਼ੀ ਖ਼ਾਨ, ੬੫, ੮੯, ੧੨੩.
ਡੇਰਾ ਭਾਈ ਦਿਆਲ, ੨.
ਤਨਵੇਈਂ, ੮੯.
ਤਾਰਾ ਸਿੰਘ ਰਾਮਗੜ੍ਹੀਆ, ੫੪.
ਤਾਰਾ ਸਿੰਘ ਵਾਂਈਆ, ੪੦.
ਤੈਮੂਰ ਸ਼ਾਹ ਦੁੱਰਾਨੀ, ੬.
ਤੋਖਾ ਰਾਮ, ਦੀਵਾਨ, ੧੨੬.
ਦਰਬਾਰ ਸਾਹਿਬ, ੩੮, ੩੯, ੪੦, ੪੧, ੮੧.
ਦਲਪਤ ਰਾਏ, ੧੨੬–੨੭.
ਦਲੇਲ ਸਿੰਘ, ੧੨੭.
ਦਾਊਦ ਪੋਤ੍ਰੇ, ੬੬, ੭੪, ੮੮–੯੦.
ਦਾਰਾਬ ਖ਼ਾਨ, ੯੨.
ਦਿਆਲ, ਭਾਈ, ੨.
ਦਿਲਾ ਰਾਮ, ੨੩, ੨੪.
ਦਿੱਲੀ, ੫, ੧੨, ੧੩, ੧੫, ੨੭, ੩੦–੩੫, ੩੮, ੬੦ ੭੦.



Digitized by Panjab Digital Library | www.panjabdigilib.org

ਦਿੱਲੀ ਦਰਵਾਜ਼ਾ, ੪, ੧੯, ੨੫, ੫੨.
ਦੀਪਾਲ ਪੁਰ, ੬੦.
ਦੇਸ ਰਾਜ, ਭਾਈ, ੨੩.
ਦੋਰਾਣਾ ਲੰਗਾਣਾ, ੭੭, ੭੯.

ਧਰਮ ਦਾਸ ਜੋਧਾਨਗਰੀ, ੧੬.

ਨਖ਼ਾਸ ਬਜ਼ਾਰ, ੧੬, ੨੫, ੫੨, ੯੨.
ਨਾਸਰ ਅਲੀ ਖ਼ਾਨ ਜਾਲੰਧਰੀ,੫੫.
ਨਾਸਰ ਖ਼ਾਨ, ੩੧–੩੩,੩੬,੬੭–੭੧, ੭੫, ੯੬, ੧੨੨, ੧੨੪.
ਨਾਸੁਰ-ਦੌਲਾ, ੭੦.
ਨਾਦਰ ਸ਼ਾਹ, ੮, ੧੨–੪, ੨੭, ੩੩–੬, ੩੯,੪੮,੬੩–੪,੭੯.
ਨਿਹਮਤ ਖ਼ਾਨ, ਮੀਰ, ੩੦, ੬੯, ੭੦, ੧੧੦, ੧੧੪,
ਨਿਬਾਹੂ ਸਿੰਘ, ੨੧.
ਨੂਰਦੀਂ ਸਰਾਏ, ੩੯.
ਨੌਨੀਤ ਰਾਏ, ਦੀਵਾਨ, ੭੬.
ਨੌਰੰਗ, ਸਬਜ਼ਕੋਟੀਆ, ੧੧.

ਪੱਟੀ, ੬੨, ੧੨੦.
ਪਨਾਹ ਭੱਟੀ, ੮, ੧੧-੨,੧੨੧.
ਪੜੋਲ, ੧੦੧.
ਪਾਨੀਪਤ, ੩੮.
ਪਿਸ਼ਾਵਰ, ੩੧–੬, ੯੩–੬.
ਪਿਰਥੀ, ਭਾਈ, ੨੩.
ਪਿੰਡੀ ਭੱਟੀਆਂ, ੮੬.
ਪੰਜਾ ਸਾਹਿਬ, ੧੧.

ਫਤਹਿ ਖ਼ਾਨ, ੮੭.
ਫ਼ਰੀਦੁ-ਦੀਨ, ੧੧੦.
ਫ਼ਰੁਖ਼ਸੀਅਰ, ੧੧.
ਫ਼ਰੁੱਖ਼ਾਬਾਦ, ੩੧.
ਫਲੌਰੀ ਖ਼ਾਨ(ਹਯਾਤੁੱਲਾ ਖ਼ਾਨ),੨੭.
ਫਾਜ਼ਲ ਖ਼ਾਨ ਦਾ ਬਾਗ, ੯੫.
ਫ਼ਿਦਾਇ ਖ਼ਾਨ ਦੀ ਹਵੇਲੀ, ੪੬.
ਫ਼ੈਜ਼ ਬਾਗ, ੯੮–੯.

ਬਸੋਹਲੀ, ੧੦੧.
ਬਹਾਵਲ ਖ਼ਾਨ, ੮੮–੯੦.
ਬਹਾਵਲਪੁਰ, ੨੫, ੮੭.
ਬਹਾਵਲਪੁਰੀਏ, ੭੪, ੮੮-੯੦.
ਬਹਿਲੂ ਮੱਲ, ੨੩.
ਬਖ਼ਸ਼ਿੰਦਾ ਬੇਗ, ੮੪.
ਬਖ਼ਤ ਸਿੰਘ ਰਾਠੌੜ, ੩੯.
ਬੱਦੋਕੀ ਗੁਸਾਈਆਂ, ੧੯.
ਬਰਖ਼ੁਰਦਾਰ ਖ਼ਾਨ, ੧੦੬.
ਬਾਜ਼ਾਰ ਨਖ਼ਾਸ, ੧੬, ੨੫, ੫੨, ੯੨.
ਬਾਜ਼ੀਦ ਖ਼ਾਨ ਕਸੂਰੀਆ, ੧੧੪, ੧੨੨.
ਬਾਲ-ਲੀਲਾ, ਨਨਕਾਣਾ ਸਾਹਿਬ, ੭੭, ੮੪–੫, ੧੧੮.
ਬਾਵਾ ਕਿਰਪਾ ਰਾਮ, ੨੧.



Digitized by Panjab Digital Library | www.panjabdigilib.org

# ਤਤਕਰਾ


ਬਿਹਾਰਾ ਮੱਲ ਬੁੰਦੇਲਾ, ੧੦੬, ੧੧੦.
ਬ੍ਰਿਜ ਰਾਜ ਦੇਵ, ੧੨੭.
ਬੀਕਾਨੇਰ, ੧੧, ੧੫.
ਬੰਦਾ ਸਿੰਘ ਬਹਾਦੁਰ,੧੧, ੧੦੧.
ਬਾਂਦੀ, ੮੮.

ਭਿਖ਼ਾਰੀ ਖ਼ਾਨ, ਨਵਾਬ, ੬੯, ੭੦, ੧੦੬, ੧੦੭, ੧੧੦.
ਭੀਮ ਸਿੰਘ, ੭੮, ੭੯.
ਭੰਗੀ ਸਰਦਾਰ, ੧੨੭.

ਮਸਤੀ ਦਰਵਾਜ਼ਾ, ੯੨.
ਮੱਸਾ ਮੰਝਿਆਲੀਆ, ੧੬, ੩੯.
ਮਹਾਰਾਜੇ ਦੀ ਗਲੀ, ੨.
ਮਹਿਦੀ ਅਲੀ ਖ਼ਾਨ,ਮੀਰ,੬੮-੭੦, ੭੫, ੯੯, ੧੦੬-੭, ੧੧੦.
ਮਹਿਦੀ ਕੁਲੀ ਖ਼ਾਨ, ੯੪.
ਮਹਿਮੂਦ ਖ਼ਾਨ (ਜਾਨ-ਨਿਸਾਰ ਖ਼ਾਨ), ੮੯.
ਮਹਿਮੂਦ ਬੂਟੀ, ੬, ੫੧, ੧੧੦-੧੧੫, ੧੨੩.
ਮਤਾਬ ਸਿੰਘ ਮੀਰਾਂਕੋਟੀਆ, ੩੯.
ਮਨਕੇਰਾ, ੮੬; ਮਨਕੇਰੀਏ, ੭੪.
ਮਨੀ ਸਿੰਘ, ਭਾਈ, ੧੫, ੩੮.
ਮਾਛੀਵਾੜਾ, ੩੭.
ਮਾਣੂਪੁਰ, ੬, ੩੬, ੩੭, ੪੦, ੪੮, ੧੧੮.
ਮਾਮੂਰਾ, ਮਾਮੂਰੇ ਖ਼ਾਨ, ਔਲੀਆ-ਪੁਰੀਆ, ੧੧.
ਮਾਰਵਾੜ, ੪੮.
ਮਾਲਾ ਤਾਸ਼ ਬੇਗ, ੯੪.
ਮਾਲੀ ਸਿੰਘ ਰਾਮਗੜ੍ਹੀਆ,੫੪.
ਮਿੱਠਾ ਮੱਲ, ੭੭.
ਮਿਰਜ਼ਾ, ਖ੍ਵਾਜਾ, ੧੧੧.
ਮਿਰਜ਼ਾ ਜਾਨ, ਖ੍ਵਾਜਾ, ੯੯.
ਮਿਰਾਕ, ੮੬.
ਮੀਰ ਮਾਰ, ੧੧.
ਮੀਰਾਂਕੋਟ, ੧੬.
ਮੁਹੰਮਦ ਸਈਦ ਖ਼ਾਨ, ੧੦੭.
ਮੁਕਤਸਰ, ੧੨.
ਮੁਹੰਮਦ ਖ਼ਾਨ, ੧੦੬.
ਮੁਹੰਮਦ ਸ਼ਾਹ, ਬਾਦਸ਼ਾਹ, ੧੮, ੩੩, ੩੪, ੩੬, ੩੮.
ਮੁਗ਼ਲਪੁਰਾ, ੩੫.
ਮੁਬਾਰਕ ਖ਼ਾਨ,
ਮੁਰਾਦ ਖ਼ਾਨ, ੩੦, ੧੨੨.
ਮੁਰਾਦ ਖ਼ਾਨ, ਜਮਾਦਾਰ, ੯੮.
ਮੁਰਾਦ ਬੇਗਮ, ੧੨੬.
ਮੁਲਤਾਨ, ੧,੧੦,੨੫–੨੭, ੩੮, ੪੮-੯,੫੨, ੬੦,੬੧,੬੬,੭੧, ੮੧, ੧੧੨, ੧੨੨, ੧੨੫.
ਮੋਹਰਾਂ ਵਾਲਾ ਕਟੜਾ, ੯੨, ੯੫.
ਮੋਮਨ ਖ਼ਾਨ, ੧੮, ੨੮, ੨੯, ੪੬,੬੯, ੭੦,੯੩,੧੦੬,੧੧੦




Digitized by Panjab Digital Library | www.panjabdigilib.org

ਮੰਨੂ, ਮੀਰ (ਮਅਈਯੁਨੁ-ਦੀਨ), ਮੁਅਈਯੁਨੁ-ਲ-ਮੁਲਕ ੪, ੭, ੨੫–੭,੩੮, ੪੬, ੪੭, ੫੦, ੫੩, ੫੫–੧੨੮.

ਯੱਕੀ ਦਰਵਾਜ਼ਾ, ਲਾਹੌਰ, ੧੦੨.

ਯਾਹੀਆ ਸ਼ਾਹ ਦਰਵੇਸ਼, ੩੧.

ਯਾਹੀਆ ਖ਼ਾਨ, ੨, ੧੮–੩੧, ੩੩, ੮੧, ੧੧੮, ੧੨੪.

ਯਾਦਗਾਰ, ਕੌੜਾ ਮੱਲ ਦੀ,੧੧੪.

ਰਹਿਮਤ ਖ਼ਾਨ, ੯੮.

ਰਣਜੀਤ ਦੇਵ, ਰਾਜਾ, ੫੧.

ਰਫ਼ੀਉੱਦੀਨ ਖ਼ਾਨ ਸੰਭਲੀ, ੭੦.

ਰਾਮਸਰ (ਅੰਮ੍ਰਿਤਸਰ), ੫੫.

ਰਾਮ ਰਾਓਣੀ, ੪੧–੪੫,੫੨,੫੩, ੫੫–੬੨, ੧੧੨, ੧੧੯,੧੨੦, ੧੨੨, ੧੨੬–੨੭.

ਰਾਮਾ ਰੰਧਾਵਾ, ੧੬.

ਰੁਕਨੁੱਦੀਨ, ੩੦, ੧੨੨.

ਰੋਸ਼ਨਾਈ ਦਰਵਾਜ਼ਾ, ੯੫.

ਰੋਹਤਾਸ, ੩੪, ੩੬, ੯੬, ੯੮.

ਰੋੜੀ ਸਾਹਿਬ, ੧੯.

ਲਖਪਤ ਰਾਇ, ੨, ੧੮,੨੨-੨੫, ੨੮, ੩੯, ੪੬, ੮੨, ੧੧੮, ੧੨੪–੨੭.

ਲੱਖੀ ਜੰਗਲ, ੧੧.

ਲਛੀ ਰਾਮ, ਦੀਵਾਨ, ੨੩.

ਲਾਹੌਰ, ੨੩–੮, ੩੦–੩, ੩੮.

ਲਾਲ ਖ਼ਾਨ, ੮੭.

ਲੁਧਿਆਣਾ, ੩੭.

ਲੰਗਰ ਖ਼ਾਨ, ੮੭.

ਲੰਗਾਣਾ, ੭੭.

ਵਜ਼ੀਰਾਬਾਦ, ੮੭.

ਵਫ਼ਾਦਾਰ ਖ਼ਾਨ ੪੯.

ਵਲੀਦਾਦ ਖ਼ਾਨ ਸਿਆਲ, ੮੬, ੮੭, ੧੨੪.

ਵੱਲੂ ਮੱਲ, ੩.

ਵੀਰ ਸਿੰਘ, ਭਾਈ, ੧੨੮.

ਵੇਰੋਵਾਲ, ੩੯.

---

Printed by L. Dhani Ram "Chatrik" at the Sudarshan Press, Hall Bazar, Amritsar, and published by S. Ganda Singh, Khalsa College, Amritsar.



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਅਸਾਰ ਗਿਆਨ ਨੰ 37

Jame Kutab Millia Islamia
Gujrat (Pakistan)

B-1532

Digitized by Panjab Digital Library | www.panjabdigilib.org

# ਖਾਲਸਾ ਕਾਲਜ ਅੰਮ੍ਰਿਤਸਰ

## ਵਲੋਂ ਪ੍ਰਕਾਸ਼ਤ ਪੁਸਤਕਾਂ


੧. ਬੰਦਾ ਸਿੰਘ ਬਹਾਦੁਰ (ਅੰਗ੍ਰੇਜ਼ੀ) ਕ੍ਰਿਤ ਸ. ਗੰਡਾ ਸਿੰਘ, ਪੰਨੇ ੩੦੩ + ੨੦ ੨॥)

੨. ਜੰਗ ਨਾਮਾ (ਕਾਜ਼ੀ ਨੂਰ ਮੁਹੰਮਦ) ਅਸਲ ਫ਼ਾਰਸੀ ਅਤੇ ਅੰਗ੍ਰੇਜ਼ੀ ਵਿਚ ਉਲਥਾ ਕ੍ਰਿਤ ਸ. ਗੰਡਾ ਸਿੰਘ, ਪੰਨੇ ੨੦੪ + ੬੭ ੨)

੩. ਬੈਟਲਜ਼ ਔਫ ਗੁਰੂ ਗੋਬਿੰਦ ਸਿੰਘ ਕ੍ਰਿਤ ਸ. ਸੁੰਦਰ ਸਿੰਘ, ਪੰਨੇ ੭੮ ॥)

੪. ਦੀਵਾਨਿ ਨਾਨਕ ਸ਼ਾਹ (ਸੁਖਮਨੀ ਸਾਹਿਬ ਦਾ ਫ਼ਾਰਸੀ ਕਵਿਤਾ ਵਿਚ ਉਲਥਾ), ਪੰਨੇ ੧੧੨ ੧)

੫. ਮਹਾਰਾਜਾ ਰਣਜੀਤ ਸਿੰਘ (ਅੰਗ੍ਰੇਜ਼ੀ) ਪੰਨੇ ੨੮੨ ੧॥)

੬. ਮਹਾਰਾਜਾ ਕੌੜਾ ਮਲ ਬਹਾਦੁਰ (ਗੁਰਮੁਖੀ) ਕ੍ਰਿਤ ਸ. ਗੰਡਾ ਸਿੰਘ, ਪੰਨੇ ੧੪੮ + ੮ ੧=)

ਮਿਲਨ ਦਾ ਪਤਾ :-

**ਕੋਔਪ੍ਰੇਟਿਵ ਸਟੋਰਜ਼ ਲਿਮਿਟਿਡ**

**ਖਾਲਸਾ ਕਾਲਜ ਅੰਮ੍ਰਿਤਸਰ**


Digitized by Panjab Digital Library | www.panjabdigilib.org